# ਪਟਿਆਲੇ ਸ਼ਾਹੀ ਘਰਾਣੇ ਦੀਆਂ ਸੂਰਬੀਰ ਦੇਵੀਆਂ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Kirpal Singh.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Kirpal Singh

# ਪਟਿਆਲਾ ਸ਼ਾਹੀ ਘਰਾਣੇ

ਦੀਆਂ

# ਸੂਰਬੀਰ ਦੇਵੀਆਂ

ਛੇਵੀਂ ਜਮਾਤ ਦੇ ਵਾਸਤੇ

ਪ੍ਰਕਾਸ਼ਕ:—

ਭਾ: ਮਨੀ ਸਿੰਘ ਦਿਆਲ ਸਿੰਘ

ਪਬਲਿਸ਼ਰਜ਼ ਪਟਿਆਲਾ

ਪੰਜਵੀਂ ਵਾਰ ਮੁਲ ੧੩ ਆਨੇ

Digitized by Panjab Digital Library | www.panjabdigilib.org

نام دکاندار Mohan Lal Sahni

Digitized by Panjab Digital Library | www.panjabdigilib.org

ਸਭ ਹੱਕ ਕਰਤਾ ਦੇ ਅਧੀਨ ਹਨ

# ਪਟਿਆਲਾ ਸ਼ਾਹੀ ਘਰਾਣੇ

ਦੀਆਂ

# ਸੂਰਬੀਰ ਦੇਵੀਆਂ

---

ਪ੍ਰਾਇਮਰੀ ਅਤੇ ਮਿਡਲ ਦੀਆਂ
ਲੜਕਿਆਂ ਤੇ ਲੜਕੀਆਂ ਵਾਸਤੇ

---

ਕਰਤਾ

ਭਾਈ ਆਤਮਾ ਸਿੰਘ

ਸੁਪ੍ਰੰਟੈਂਡੰਟ ਕਰੋੜਾ ਰਣਵਾਸ ਮੁਬਾਰਕ

ਪਟਿਆਲਾ ।

---

ਭਾਈ ਮਨੀ ਸਿੰਘ ਦਿਆਲ ਸਿੰਘ
ਪਟਿਆਲਾ ।

Digitized by Panjab Digital Library | www.panjabdigilib.org

# ਤਤਕਰਾ


ਸਫ਼ਾ

ੳ ਉਥਾਨਕਾਂ (ੳ)

ਭਾਗ ੧.

ਕਾਂਡ ੧.

ਅ ਮਾਈ ਫੱਤੋ ੧

ਕਾਂਡ ੨.

ੲ ਬੀਬੀ ਪ੍ਰਧਾਨ ੨੬

ਭਾਗ ੨.

ਕਾਂਡ ੧.

ਸ ਬੀਬੀ ਰਾਜਿੰਦਰਾ ੩੫

ਕਾਂਡ ੨.

ਹ ਬੀਬੀ ਸਾਹਿਬ ਕੌਰ ੭੬


—o—

Digitized by Panjab Digital Library | www.panjabdigilib.org

# ਪਟਿਆਲਾ ਸ਼ਾਹੀ ਘਰਾਣੇ

## ਦੀਆਂ

# ਸੂਰਬੀਰ ਦੇਵੀਆਂ

## ਉਥਾਨਕਾ

ਪ੍ਰਮਾਤਮਾ ਨੇ ਚਾਰ ਖਾਣੀਆਂ—ਅੰਡਜ ਜੇਰਜ਼ ਸੇਤਜ ਅਤੇ ਉਤਭੁਜ, ਰਚੀਆਂ ਹਨ ਅਤੇ ਹਰ ਇਕ ਇਸਤ੍ਰੀ ਅਤੇ ਮਰਦ ਦਾ ਜੋੜਾ ਬਣਾਇਆ ਹੈ। ਕੁਦਰਤ ਦੇ ਅਟਲ ਨਿਯਮ ਅਨੁਸਾਰ ਵਿਨਾਸਕਾਰੀ ਅਤੇ ਵਿਕਾਸਕਾਰੀ ਸ਼ਕਤੀਆਂ ਹਰ ਵੇਲੇ ਕੰਮ ਕਰਦੀਆਂ ਰਹਿੰਦੀਆਂ ਹਨ ਅਤੇ ਹਰ ਵਕਤ ਜੀਵ ਜੰਤ, ਬਨਾਸਪਤੀ ਆਦਿਕ ਵਿਚ ਵਾਧਾ ਘਾਟਾ ਹੁੰਦਾ ਰਹਿੰਦਾ ਹੈ।

ਮਨੁਖ ਸ਼੍ਰੇਣੀ ਦੇ ਉਤਾਰ ਚੜ੍ਹਾਓ ਤੇ ਪ੍ਰਗਟ ਕਰਨ ਦਾ ਨਾਉਂ ਇਤਿਹਾਸ ਹੈ, ਭਾਵੇਂ ਇਹ ਸੀਨਾ—ਬਸੀਨਾ ਕਹਾਵਤਾਂ ਰਾਹੀਂ ਯਾ ਹੋਰ ਕਿਸੇ ਸ਼ਕਲ ਵਿਚ ਦਸਿਆ ਜਾਵੇ। ਸੰਸਾਰਕ ਬਿਵਸਥਾ ਅਤੇ ਸਮੇਂ ਅਨੁਸਾਰ ਇਸ ਦੀ ਵਿਆਖਿਆ ਬਦਲਦੀ ਰਹਿੰਦੀ ਹੈ। ਕੋਈ ਸਮਾਂ ਸੀ ਕਿ ਬਬਾਨਾਂ (ਹਵਾਈ ਜਹਾਜ਼) ਦਾ ਜੰਗਾਂ ਵਿਚ ਵਰਤਣਾ ਇਕ ਫ਼ਰਜ਼ੀ ਕਹਾਣੀ ਦਸਿਆ ਜਾਂਦਾ ਸੀ ਪਰ ਅਜ ਕਲ ਦੀ ਸਾਇੰਸ ਵਿਦਿਆ ਨੇ ਇਸ ਦੇ ਅਸੂਲਾਂ ਤੇ ਵਿਚਾਰ ਕਰਨ ਮਗਰੋਂ ਪ੍ਰਗਟ ਸਰੂਪ ਵਿਚ ਅਸਾਡੀਆਂ ਅਖਾਂ ਦੇ ਸਾਹਮਣੇ ਬਬਾਨਾਂ

Digitized by Panjab Digital Library | www.panjabdigilib.org

ਦੀ ਵਰਤੋਂ ਨੂੰ ਪ੍ਰਤਖ ਕਰ ਵਖਾਇਆ ਹੈ। ਅਜ ਕਲ ਹਰ ਇਕ ਜੰਗੀ ਤਾਕਤ ਵਧ ਤੋਂ ਵਧ ਹਵਾਈ ਜਹਾਜ਼ ਬਣਾਉਣ ਦੇ ਆਹਰ ਵਿਚ ਲਗੀ ਹੋਈ ਹੈ। ਅਰੰਭ ਤੋਂ ਲੈਕੇ ਹਵਾਈ ਜਹਾਜ਼ ਦੇ ਬਣਨ, ਉਡਨ ਅਤੇ ਵਰਤਣ ਸੰਬਧੀ ਹੋਈਆਂ ਅਦਲਾ ਬਦਲੀਆਂ ਨੂੰ ਜੇ ਲਿਖਤ ਵਿਚ ਲਿਆਂਦਾ ਜਾਵੇ ਤਾਂ ਇਹ ਹਵਾਈ ਜਹਾਜ਼ ਦਾ ਇਤਹਾਸ ਬਣ ਜਾਵੇਗਾ ਮਨੁਸ, ਬਨਾਸਪਤੀ, ਜੀਵ ਜੰਤ ਆਦਿਕ ਦੇ ਇਤਹਾਸ ਭੀ ਇਹੋ ਹੀ ਅਸੂਲ ਹੈ।

ਪੁਰਸ਼ ਨੂੰ ਸੰਸਾਰਕ ਜੀਵ ਜੰਤਾਂ ਦਾ ਸ਼ਰੋਮਣੀ ਮੰਨਿਆਂ ਗਿਆ ਹੈ। ਅਤੇ ਪੁਰਸ਼ ਭਾਵੇਂ ਮਰਦ, ਤੀਵੀਂ, ਬੁਢਾਂ ਯਾਂ ਜੁਵਾਨ ਹੋਵੇ ਜਨਮ ਤੋਂ ਲੈਕੇ ਮਰਨ ਪ੍ਰਯੰਤ ਹਰ ਇਕ ਦੇ ਜੀਵਨ ਵਿਚ ਥੋੜੇ ਬਹੁਤ ਉਤਾਰ ਚੜ੍ਹਾਉ ਹੁੰਦਾ ਰਹਿੰਦੇ ਹਨ। ਹਰ ਇਕ ਪੁਰਸ਼ ਦੇ ਜੀਵਨ ਵਿਚ ਅਜਿਹੇ ਪ੍ਰਸੰਗ ਮਿਲਣ ਗੇ ਜੋ ਇਤਿਹਾਸਕ ਨੁਕਤਾ ਖਿਆਲ ਤੋਂ ਅਉਣ ਵਾਲੀਆਂ ਨਸ਼ਲਾਂ ਲਈ ਸਿਖਿਆ ਦਾਇਕ ਹੋਣਾ। ਪੁਰਸ਼ਾਂ ਦੇ ਛੋਟੇ ਛੋਟੇ ਜੀਵਨ ਪ੍ਰਸੰਗਾਂ ਦੇ ਇਕਠਾ ਕਰਨ ਨਾਲ ਹੀ ਏਸ਼ ਅਥਵਾ ਕੌਮ ਦਾ ਇਤਿਹਾਸ ਬਣ ਜਾਂਦਾ ਹੈ, ਜੋ ਵਿਸ਼ਯ ਦੀ ਅਵਸਥਾ ਅਨੁਸਾਰ ਵੱਖੋ ਵੱਖ ਸ਼੍ਰੇਣੀਆਂ ਦਾ ਇਤਿਹਾਸ ਕਹਉਂਦਾ ਹੈ।

ਜੀਵ ਜੰਤ ਦੀ ਉਤਪਤੀ ਇਸਤ੍ਰੀ ਜਾਤੀ ਤੋਂ ਹੈ। ਇਸੇ ਕਰਕੇ ਹੀ ਇਸਤਰੀ ਨੂੰ ਅਰਧੰਗੀ ਆਖਦੇ ਹਨ। ਹਰ ਪ੍ਰਾਣੀ ਮਾਤਰ ਵਿਚ ਹੌਸਲਾ, ਹਿੰਮਤ, ਪ੍ਰਉਪਾਕਾਰ ਅਤੇ ਹੋਰ ਦੇਵੀ ਗੁਣ, ਦਿਮਾਗੀ ਉੱਨਤੀ ਅਨੁਸਾਰ ਹੁੰਦੇ ਹਨ। ਇਨ੍ਹਾਂ ਦਿਮਾਗ ਵਾਲਿਆਂ ਦੇ ਲਿਖੇ ਹਏ ਗ੍ਰੰਥ ਯਾਂ ਕਾਰਨਾਮੇ

Digitized by Panjab Digital Library | www.panjabdigilib.org

ਲੋਕਾਂ ਲਈ ਪੂਰਨਿਆਂ ਦਾ ਕੰਮ ਦੇਂਦੇ ਹਨ। ਅਤੇ ਅਜੇਹੇ ਪੁਰਸ਼ਾਂ ਦੇ ਨਾਮ ਹੁਣ ਤਕ ਸੰਸਾਰ ਵਿਚ ਮਸ਼ਹੂਰ ਹਨ। ਜਿਨ੍ਹਾਂ ਨੇ ਆਪਣੇ ਸਮਕਾਲੀਆਂ ਨੂੰ ਇਸ ਰਬੀ ਦਾਤ ਦੇ ਬਾਲ ਨਾਲ ਆਪਣੇ ਮਗਰ ਲਾ ਲਿਆ ਸੀ। ਇਹ ਰਬੀ ਦਾਤ ਨਿਰੇ ਮਰਦਾਂ ਦੇ ਹਿਸੇ ਵਿਚ ਨਹੀਂ ਆਈ ਸਗੋਂ ਇਸਤ੍ਰੀਆਂ ਭੀ ਇਸ ਵਿਚ ਘਟ ਨਹੀਂ ਰਹੀਆਂ।

"ਹਿੰਦੁਸਤਾਨ ਵਿਚ ਰਿਗਵੇਦਕ ਸਮੇਂ ਇਸਤ੍ਰੀਆਂ ਘਰ ਦਾ ਸ਼ਿੰਗਾਰ ਸਮਝੀਆਂ ਜਾਂਦੀਆਂ ਸਨ। ਇਕ ਤੋਂ ਵਧੀਕ ਵਿਆਹ ਕਰਨ ਦਾ ਰਿਵਾਜ ਕਿਸੇ ੨ ਧਨਾਢ ਘਰਾਣੇ ਅਥਵਾ ਰਾਜਿਆ ਵਿਚ ਮਿਲਦਾ ਸੀ। ਵਿਧਵਾ ਵਿਆਜ ਦਾ ਰਿਵਾਜ ਸੀ। ਇਸ ਸਮੇਂ ਇਸਤ੍ਰੀਆਂ ਨੂੰ ਵਿਦਿਆ ਪੜ੍ਹਨ ਅਤੇ ਪੜ੍ਹਾਉਣ, ਯੋਗ ਕਰਨ ਅਤੇ ਦੇਵਤਿਆਂ ਦੀ ਉਸਤਤੀ ਕਰਨ ਦਾ ਅਧਿਕਾਰ ਪ੍ਰਾਪਤ ਸੀ। ਰਾਜਕੁਮਾਰੀ ਘੋਸ਼ ਲੋਪ ਮੁਦਲਾ, ਅਪਾਲਾ, ਮਮਤਾਂ, ਸਰਪਰਾਜਨੀ ਆਦਿਕ ਰਿਸ਼ੀ ਦੇਵੀਆਂ ਸਨ, ਜਿਨ੍ਹਾਂ ਦੇ ਮੰਤਰ ਰਿਗਵੇਦ ਵਿਚ ਦਰਜ ਹਨ, ਵਿਸਪਾਲਾਂ ਰਾਣੀ ਦੀ ਖੇਲਾ ਦੇ ਜੰਗ ਵਿਚ ਲਤ ਕਟੀ ਗਈ ਸੀ। ਉਸ ਸਮੇਂ ਦੇ ਸਮਾਜ ਦੀ ਉੱਨਤੀ ਕਰਨ ਵਿਚ ਇਨ੍ਹਾਂ ਦਾ ਪੂਰਾਂ ਪੂਰਾ ਹਿਸਾ ਸੀ, ਅਤੇ ਇਨ੍ਹਾਂ ਨੂੰ ਆਪੋ ਆਪਣੀ ਸਿਆਣਪ ਅਤੇ ਅਕਲਮੰਦੀ ਵਖਾਉਣ ਦਾ ਪੂਰਾ ਪੂਰਾ ਮੌਕਾ ਦਿਤਾ ਜਾਂਦਾ ਸੀ†।

---

† ਖਾਲਸਾ ਇਸਤਰੀ, ਕ੍ਰਿਤ ਸ੍ਰ: ਨਾਹਰ ਸਿੰਘ ਐਮ. ਏ. ਪੰਨਾ ੧ ਤੋਂ ੫ ਤਕ

ਵੈਦਕ ਸਮੇਂ ਪਿਛੋਂ ਰਾਜ ਨੈਤਕ ਪੁਰਸ਼ਾਂ ਨੇ ਹੌਲੀ ਹੌਲੀ ਇਸਤ੍ਰੀਆਂ ਦੇ ਹਕਾਂ ਨੂੰ ਤੋੜਨਾ ਅਰੰਭ ਕਰ ਦਿਤਾ। ਭਾਵੇਂ ਮਹਾਂ ਭਾਰਤ ਦੇ ਜ਼ਮਾਨੇ ਵਿਚ ਆ ਕੇ ਇਨ੍ਹਾਂ ਦੀ ਅਵਸਥਾ ਬਹੁਤ ਗਿਰ ਗਈ ਸੀ ਪਰ ਇਨ੍ਹਾਂ ਨੂੰ ਫਿਰ ਭੀ ਵਿਦਿਆ ਪੜ੍ਹਨ ਦਾ ਅਧਿਆਰ ਸੀ। ਗਾਰਗੀ, ਵਾਕਨਵੀ ਆਦਿਕ ਇਸ ਸਮੇਂ ਦੀਆਂ ਪ੍ਰਸਿਧ ਰਿਸ਼ੀ ਇਸਤ੍ਰੀਆਂ ਸਨ ਜਿਨ੍ਹਾਂ ਨੇ ਆਪਣੀ ਵਿਦਿਆ ਗੁਰੂ ਦੇ ਪਾਸ ਰਹਿਕੇ ਦਿਨ ਬਤੀਤ ਕੀਤੇ।

ਬੁਧ ਮਤ ਦੇ ਪ੍ਰਿਵਰਤ ਹੋਣ ਸਮੇਂ ਭੀ ਵਿਧਵਾ ਵਿਆਹ ਅਤੇ ਖੁਲ੍ਹੇ ਮੂੰਹ (ਬਗੈਰ ਪਰਦਾ) ਰਹਿਣ ਦਾ ਰਿਵਾਜ ਸੀ। ਸੁਕਾ, ਖੰਮੀ, ਪੀਰੀਗਖਾ ਆਦਿਕ ਦੇ ਨਾਮ ਇਸ ਸਮੇਂ ਦੀਆਂ ਵਿਦਿਆਵਾਨ ਇਸਤ੍ਰੀਆਂ ਦੀ ਉਦਾਹਰਣ ਵਤ ਦਿਤੇ ਜਾ ਸਕਦੇ ਹਨ। ਬੁਧ ਮਤ ਦੇ ਦੂਰ ਦੁਰਾਡੇ ਦੇਸ਼ਾਂ ਵਿਚ ਪ੍ਰਚਾਰ ਕਰਨ ਵਿਚ ਭਿਕਸ਼ੂ ਇਸਤ੍ਰੀਆਂ ਨੇ ਬਹੁਤ ਹਿਸਾ ਲਿਆ। ਬੁਧ ਮਤ ਦੇ ਅਚਾਯਾਂ ਨੂੰ ਸ਼ਾਸਤ੍ਰਾ ਹਥ ਵਿਚ ਜਿਤਨ ਵਾਲੇ ਅਤੇ ਹਿੰਦ ਵਿਚ ਬੋਧੀਆਂ ਦੇ ਜ਼ੋਰ ਘਟਾਉਣ ਵਾਲੇ ਸ੍ਰੀ ਸ਼ੰਕਰਾਚਾਰਜ ਨੂੰ ਮੰਦਾਨਾ ਮਿਸਰ ਦੀ ਇਸਤ੍ਰੀ ਸਾਰਦਾ ਨੇ ਹੀ ਹਾਰ ਦਿਤੀ ਸੀ।

ਸਤੀ ਹੋਣ ਦਾ ਰਿਵਾਜ ਰਾਜਪੂਤਾਂ ਵਿਚ ਅਰੰਭ ਹੋਇਆ। "ਪਹਿਲਾ ਖਾਨਦਾਨੀ ਰਿਵਾਜ ਇਹ ਸੀ ਕਿ ਵਿਧਵਾ ਦੀ ਸ਼ਾਦੀ ਉਸਦੇ ਪਤੀ ਦੇ ਅਗਲੇ ਸੰਬੰਧੀ ਨਾਲ ਕੀਤੀ ਜਾਂਦੀ ਸੀ ਜਿਸ ਦੇ ਫਰਜ਼ ਉਸਦੇ ਭਾਈ ਦੀ ਔਲਾਦ ਦੀ ਪਾਲਨਾ ਹੁੰਦੀ ਸੀ............. ਇਸ ਨਾਲ ਝਗੜੇ ਪੈਣੇ ਅਰੰਭ ਹੋ ਗਏ। ਖਾਨਦਾਨੀ ਰਿਵਾਜ ਨੇ ਬ੍ਰਾਹਮਣਾਂ ਦੇ ਇਸ ਸਮੇਂ ਜਾਰੀ ਕੀਤੇ

Digitized by Panjab Digital Library | www.panjabdigilib.org

ਅਸੂਲ ਦੀ ਪ੍ਰੋੜ੍ਹਤਾ ਕੀਤੀ। ਇਸਦੇ ਅਨੁਸਾਰ ਵਿਧਵਾ ਵਿਆਹ ਦਾ ਰਿਵਾਜ ਬੰਦ ਕਰ ਦਿਤਾ ਗਿਆ। ਵਿਧਵਾ ਲਈ ਸਭ ਤੋਂ ਚੰਗੀ ਗਲ ਇਹ ਰਖੀ ਗਈ ਕਿ ਉਹ ਆਪਣੇ ਪਤੀ ਦੇ ਨਾਲ ਹੀ ਸਤੀ ਹੋ ਜਇਆ ਕਰੇ"‡ ਇਹ ਰਿਵਾਜ ਰਾਜਪੂਤਾਂ ਵਿਚ ਇਥੋਂ ਤਕ ਵਧ ਗਿਆ ਸੀ ਜੇ ਕੋਈ ਵਿਧਵਾ ਸਤੀ ਹੋਣਾ ਨਹੀਂ ਚਾਹੁੰਦੀ ਸੀ ਉਸ ਨੂੰ ਜ਼ਬਰਦਸਤੀ ਸਤੀ ਕਰ ਦਿਤਾ ਜਾਂਦਾ ਸੀ।

ਹਿੰਦੁਸਤਾਨ ਵਿਚ ਪ੍ਰਦੇ ਦਾ ਰਿਵਾਜ ਮੁਸਲਮਾਨੀ ਰਾਜ ਸਮੇਂ ੧੩੯੮ ਈ: ਦੇ ਲਾਗੇ ਅਮੀਰ ਤੈਮੂਰ ਦੇ ਹਿੰਦ ਉਤੇ ਹਮਲਾ ਕਰਨ ਵੇਲੇ ਤੋਂ ਅਰੰਭ ਹੋਇਆ ਜਿਸ ਨੇ ਹੁਕਮ ਦਿਤਾ ਸੀ ਕਿ ਉਨ੍ਹਾਂ ਦੀਆਂ ਇਸਤ੍ਰੀਆਂ ਕਾਫ਼ਰਾਂ ਦੇ ਸਾਹਮਣੇ ਨੰਗਾ ਮੂੰਹ ਕਰਕੇ ਨਾ ਫਿਰਨ। ਇਸ ਰਿਵਾਜ ਦਾ ਅਸਰ ਹੋਣ ਤਕ ਭੀ ਮੁਸਲਮਾਨੀ ਅਮੀਰ ਘਰਾਣਿਆਂ ਤੋਂ ਬਿਨਾਂ ਪਿੰਡਾਂ ਦੇ ਗਰੀਬ ਮੁਸਲਮਾਨਾਂ ਵਿਚ ਭੀ ਪਾਇਆ ਜਾਂਦਾ ਹੈ।

ਹਿੰਦ ਅੰਦਰ ਮੁਸਲਮਾਨੀ ਰਾਜ ਸਮੇਂ, ਰਜ਼ੀਆ ਬੇਗਨ, ਨੂਰਜਹਾਨ, ਮੁਮਤਾਜ਼ ਬੇਗਮ ਮੀਰਮੰਨੂੰ, ਸੂਬੇਦਾਰ ਲਾਹੌਰ ਦੇ ਘਰ ਵਾਲੀ ਮੁਰਾਦ ਬੇਗਮ, ਚਾਂਦ ਬੀਬੀ, ਅਹੱਲਿਆ ਬਾਈ ਆਦਿਕ ਅਨੇਕਾਂ ਹੀ ਪ੍ਰਸਿਧ ਇਸਤ੍ਰੀਆਂ ਹੋਈਆਂ ਸਨ ਜਿਹਨਾ ਨੇ ਰਾਜਸੀ ਕੰਮਾਂ ਵਿਚ ਚੋਖਾ ਹਿਸਾ ਲਿਆ। ਅੰਗਰੇਜ਼ੀ ਰਾਜ ਸਮੇਂ ਅਜ ਕਲ ਭੀ ਸਰੋਜਨੀ ਨੈਡੋ ਵਰਗਆਂ ਕਈ ਵਿਦਯਾ-ਵਾਨ ਇਸਤ੍ਰੀਆਂ ਹਨ ਜੇਹੜੀਆਂ ਰਾਜਸੀ ਕੰਮਾਂ ਵਿਚ ਦਖਲ ਦਿਤੇ ਬਿਨ੍ਹਾਂ ਨਹੀਂ ਰਹਿ ਸਕੀਆਂ।

‡ਪੰਜਾਂ ਦਰਿਆਵਾਂ ਦੀ ਜ਼ਮੀਨ-ਕ੍ਰਿਤ ਟਰੇਵੇਂਸਕਿਸ ਪੰਨਾ ੫੫

ਸਿਖ ਇਸਤ੍ਰੀਆਂ ਵਿਚ ਪਰਦੇ ਦਾ ਰਿਵਾਜ ਨਹੀਂ ਸੀ ਅਤੇ ਉਹ ਆਪਣੇ ਪਤੀਆਂ ਦੇ ਨਾਲ ਜੰਗ ਵਿਚ ਹਿਸਾ ਲੈਂਦੀਆਂ ਰਹੀਆਂ ਹਨ। ਸਿਖ ਗੁਰੂਆਂ ਨੇ ਇਸਤ੍ਰੀ ਜਾਤੀ ਨੂੰ ਹਰ ਪ੍ਰਕਾਰ ਦੇ ਸਮਾਜਕ, ਧਾਰਮਕ ਅਤੇ ਰਾਜਸੀ ਕੰਮਾ ਵਿਚ ਪੂਰਾ ਪੂਰਾ ਹਿਸਾ ਲੈਣ ਦਾ ਅਧਿਕਾਰ ਦਿਤਾ। ਮਾਈ ਭਾਗੋ ਜੰਗ ਮੁਕਤਸਰ ਵਿਚ ਸ਼ਾਮਲ ਹੋਈ, ਜਿਸ ਵਿਚ ਇਹ ਜ਼ਖਮੀ ਭੀ ਹੋ ਗਈ। ਮਾਈ ਭਾਗੋ ਦੇ ਸਾਂਗ ਦਾ ਫਲ ਹੁਣ ਤਕ ਅਬਚਲ ਨਗਰ (ਨਦੇੜ ਰਿਆਸਤ ਹੈਦਰਾਬਾਦ ਦਖਨ) ਵਿਚ ਮੌਜੂਦ ਹੈ। ਮੀਰ ਮਨੂੰ ਦੀ ਜ਼ੁਲਮ ਦੀ ਹਨੇਰੀ ਸਮੇਂ ਕਸ਼ਟ ਸਿੰਘਣੀਆਂ ਨੇ ਸਹੇ। ਲਹੌਰ ਗੁਰਦੁਵਾਰਾ ਸ਼ਹੀਦ ਗੰਜ ਸਿੰਘਣੀਆਂ ਉਸ ਦਾ ਪ੍ਰਤਖ ਸਬੂਤ ਦੇ ਰਿਹਾ ਹੈ।

ਮਹਾਰਾਜ ਰਣਜੀਤ ਸਿੰਘ ਦੀ ਸੱਸ ਸਦਾ ਕੌਰ, ਮਹਾਰਾਣੀ ਚੰਦ ਕੌਰ ਅਤੇ ਮਹਾਰਾਣੀ ਜਿੰਦਾ ਲਾਹੌਰ ਦੇ ਸਿਖ ਰਾਜ ਦਰਬਾਰ ਵਿਚ ਬਹੁਤ ਚਤੁਰ ਇਸਤ੍ਰੀਆਂ ਸਨ। ਭੰਗੀ ਮਿਸਲ ਵਿਚ ਮਾਈ ਸੁਖਾਂ, ਘਨੱਈਆਂ ਮਿਸਲ ਵਿਚ ਸੱਦਾ ਕੌਰ, ਨਿਸ਼ਾਨ ਵਾਲੀ ਮਿਸਲ ਵਿਚ ਅੰਬਾਲੇ ਵਾਲੀ ਦਿਆ ਕੌਰ, ਕਰੋੜ ਸਿੰਘੀਆਂ ਮਿਸਲ ਵਿਚ ਸੁਦਾਰਣੀ ਰਾਜ ਕੌਰ ਅਤੇ ਰਾਮ ਕੌਰ ਬਹੁਤ ਹੁਸ਼ਿਆਰ ਅਤੇ ਪ੍ਰਸਿਧ ਸਨ, ਜਿਨ੍ਹਾਂ ਨੇ ਆਪੋ ਆਪਣੇ ਪਤੀਆਂ ਦੇ ਸੁਰਗਬਾਸ ਹੋਣ ਮਗਰੋਂ ਆਪਣੇ ਰਾਜ ਕਾਜ ਦੇ ਕੰਮ ਨੂੰ ਚੰਗੀ ਤਰ੍ਹਾਂ ਸੰਭਾਲਿਆ। ਫੂਲਕੀਅਨ ਮਿਸਲ ਵਿਚ ਪਟਿਆਲੇ ਵਾਲੀ ਬੀਬੀ ਸਾਹਿਬ ਕੌਰ ਤੇ ਬੀਬੀ ਰਾਜਿੰਦ੍ਰਾ ਅਤੇ ਨਾਭੇ ਵਾਲੀ ਮਾਈ ਦੇਸੋ, ਸੂਰਬੀਰਤਾ ਸਿਆਣਪ ਅਤੇ ਰਾਜਨੀਤੀ ਵਿਚ ਬਹੁਤ ਮਸ਼ਹੂਰ ਹੋਈਆਂ ਹਨ।

Digitized by Panjab Digital Library | www.panjabdigilib.org

ਇਤਿਹਾਸਕਾਰਾਂ ਲਈ ਇਸਤ੍ਰੀਆਂ ਦੇ ਜੀਵਨ ਲਿਖਣੇ ਬਹੁਤ ਹੀ ਔਖੇ ਹਨ। ਪਹਿਲਾਂ ਤਾਂ ਇਸਤ੍ਰੀਆਂ ਦੇ ਰਾਜਸੀ ਪ੍ਰਸੰਗ ਹੁੰਦੇ ਹੀ ਬਹੁਤ ਥੋੜੇ ਹਨ ਅਤੇ ਜੋ ਹੁੰਦੇ ਭੀ ਹਨ ਉਹ ਅਜੇਹੇ ਗੁੰਝਲਦਾਰ ਹੁੰਦੇ ਹਨ ਕਿ ਉਨ੍ਹਾਂ ਨੂੰ ਕਲਮ ਹੇਠ ਲਿਆਉਣਾ ਜੇ ਅਸੰਭਵ ਨਹੀਂ ਤਾਂ ਘਟ ਤੋਂ ਘਟ ਅਤੀ ਕਠਨ ਜ਼ਰੂਰ ਹੈ। ਇਹੋ ਹੀ ਕਾਰਨ ਹੈ ਕਿ ਹੁਣ ਤਕ ਇਸਤਰੀ ਇਤਿਹਾਸ ਬਹੁਤ ਘਟ ਮਿਲਦੇ ਹਨ ਅਤੇ ਜੋ ਮਿਲਦੇ ਭੀ ਹਨ ਉਹ ਇਤਿਹਾਸ ਜਾਂਚ ਪੜਤਾਲ ਵਿਚ ਪੂਰੇ ਨਹੀਂ ਉਤਰਦੇ।

ਅਜ ਕਲ ਸਾਡੇ ਭੁਜੰਗਣ ਆਸ਼ਰਮਾਂ ਵਿਚ ਭੁਜੰਗੀਆਂ ਵਾਲੇ ਹੀ ਇਤਿਹਾਸ ਪੜ੍ਹਾਏ ਜਾਂਦੇ ਹਨ ਜਿਨ੍ਹਾਂ ਤੋਂ ਬੀਬੀਆਂ ਨੂੰ ਇਨ੍ਹਾਂ ਲਾਭ ਨਹੀਂ ਪੁਜਦਾ ਜਿਨ੍ਹਾਂ ਪੁਜਣਾ ਲੋੜੀਦਾ ਹੈ। ਇਸ ਘਾਟੇ ਦੇ ਪੂਰਾ ਕਰਨ ਲਈ ਪੁਸਤਕ ਲਿਖਣ ਦੀ ਚਿਰ ਤੋਂ ਦਾਸ ਦੇ ਦਿਲ ਵਿਚ ਇਛਾ ਸੀ ਪਰ ਮਿਸਾਲਾਂ ਨਾ ਮਿਲਣ ਦੀ ਔਕੜ ਨੇ ਬਹੁਤ ਤੰਗ ਕੀਤਾ ਜਿਸ ਨੇ ਇਨ ਚਿਰ ਤਕ ਪੁਸਤਕ ਲਿਖਣ ਦਾ ਹੌਸਲਾ ਨਾ ਪੈਣ ਦਿਤਾ। ਚੋਖੀ ਮੇਹਨਤ ਮਗਰੋਂ ਇਹ ਪੁਸਤਕ "ਪਟਿਆਲਾ ਸ਼ਾਹੀ ਘਰਾਣੇ ਦੀਆਂ ਪ੍ਰਸਿਧ ਦੇਵੀਆਂ" ਪਾਠਕਾਂ ਦੀ ਭੇਟਾ ਕਰਦਾ ਹਾਂ, ਜਿਸ ਵਿਚ ਧੀਰਜ,—ਪੁੰਜ ਮਾਈ ਫਤੋ, ਮਹਾਂਦਾਨੀ ਬੀਬੀ ਪ੍ਰਧਾਨ, ਨਿਡਰ ਅਤੇ ਹੌਸਲੇ ਵਾਲੀ ਬੀਬੀ ਰਾਜਿੰਦਰਾ ਅਤੇ ਸੂਰਬੀਰ ਬੀਬੀ ਸਾਹਿਬ ਕੌਰ ਦੇ ਪ੍ਰਸੰਗ ਦਿਤੇ ਗਏ ਹਨ ਜੋ ਇਤਿਹਾਸਕ ਖੋਜ ਅਨੁਸਾਰ ਲਿਖੇ ਗਏ ਹਨ।

ਵਿਦਿਆਰਥਣਾ ਲਈ ਇਹ ਪੁਸਤਕ ਨੂੰ ਵਧੀਕ ਲਾਭ—ਦਾਇਕ ਬਨਾਉਣ ਲਈ ਇਸ ਪੁਸਤਕ ਦੇ ਦੋ ਭਾਗ ਕੀਤੇ

Digitized by Panjab Digital Library | www.panjabdigilib.org

ਗਏ ਹਨ। ਪਹਿਲੇ ਭਾਗ ਵਿਚ ਮਾਈ ਫੱਤੋ ਅਤੇ ਬੀਬੀ ਪ੍ਰਧਾਨ, ਅਤੇ ਦੂਜੇ ਭਾਗ ਵਿਚ ਰਾਜਿੰਦਰਾ ਅਤੇ ਬੀਬੀ ਸਾਹਿਬ ਕੌਰ ਦੇ ਪ੍ਰਸੰਗ ਦਿਤੇ ਗਏ ਹਨ, ਜੋ ਭੁਝੰਗੀਆਂ ਤੇ ਭੁਝਗਣਾਂ ਦੀ ਪ੍ਰਾਇਮਰੀ ਅਤੇ ਮਿਡਲ ਕਾਲਜ ਲਈ ਪੜ੍ਹਾਈ ਦੇ ਕੰਮ ਆ ਸਕਦੇ ਹਨ। ਇਨ੍ਹਾਂ ਦੇਵੀਆਂ ਦੇ ਪ੍ਰਸੰਗ ੧੮੦੧ ਤਕ ਸਮਾਪਤ ਹੋ ਜਾਂਦੇ ਹਨ ਜਿਸ ਦੇ ਪਿਛੋਂ ਰਾਜਸੀ ਹਾਲਾਤ ਵਧੀਕ ਗੁੰਝਲਦਾਰ ਸਨ, ਜਿਨ੍ਹਾਂ ਵਿਚ ਮਹਾਰਾਣੀ ਆਸ ਕੌਰ ਨੂੰ ਕੰਮ ਕਰਨਾ ਪਿਆ ਇਹ ਪ੍ਰਸੰਗ ਇਨ੍ਹਾਂ ਵਿਦਿਅਕ ਸ਼੍ਰੇਣੀਆਂ ਦੀ ਯੋਗਤਾ ਤੋਂ ਬਾਹਰ ਹੋਣ ਦੇ ਕਾਰਨ ਇਸ ਪੁਸਤਕ ਵਿਚ ਦਰਜ ਨਹੀਂ ਕੀਤੇ ਗਏ। ਮਹਾਰਾਣੀ ਆਸ ਕੌਰ ੧੮੩੫ ਈ: ਵਿਚ ਸਰੀਰ ਤਿਆਗਿਆ ਜਿਸ ਦੇ ਪਿਚੋਂ ਰਾਜਸੀ ਹਾਲਾਤ ਪਲਟ ਗਏ ਸਨ। ਇਸ ਕਰਕੇ ਪਟਿਆਲਾ ਸ਼ਾਹੀ ਘਰਾਣੇ ਦੀ ਕਿਸੇ ਇਸਤ੍ਰੀ ਨੂੰ ਰਾਜ ਪ੍ਰਬੰਧ ਵਿਚ ਦਖਲ ਦੇਣ ਦੀ ਲੋੜ ਨਾ ਪਈ।

੧੯੧੧ ਈ: ਵਿਚ ਦਿਲੀ ਦਰਬਾਰ ਤਾਜ ਪੋਸ਼ੀ ਸਮੇਂ ਸ੍ਰੀ ਮਤੀ ਮਹਾਰਾਣੀ ਜੀ ਸਾਹਿਬ ਪਟਿਆਲਾ ਦਿਲੀ ਗਏ ਸਨ, ਜਿਥੇ ਹਿੰਦ ਦੀਆਂ ਇਸਤ੍ਰੀਆਂ ਵਲੋਂ ਮਲਕਾ ਹੋਰਾਂ (ਸ਼ਹਿਨਸ਼ਾਹ ਐਡਵਰਡ ਦੀ ਮਲਕਾ ਨੂੰ ਐਡਰਸ ਪੇਸ਼ ਕਰਨ ਲਈ ਚੁਣੇ ਗਏ ਸਨ। ਮਿਸਟਰ ਜਹਾਂਗੀਰ ਨੇ ਆਪਣੀ ਪੁਸ-ਤਕ 'ਦਿਲੀ ਦਰਬਾਰ ਤਾਜਪੋਸ਼ੀ ੧੯੧੧' ਵਿਚ ਪ੍ਰਸੰਗ ਦਾ ਜ਼ਿਕਰ ਇਸ ਪਰਕਾਰ ਕੀਤਾ ਹੈ।

'ਸ੍ਰੀ ਮਤੀ ਮਹਾਰਾਣੀ ਸਾਹਿਬ ਪਟਿਆਲਾ ਆਪਣੀ ਸ਼੍ਰੇਣੀ ਵਿਚ ਘਟ ਪ੍ਰਗਟ ਨਹੀਂ ਸਨ। ਉਹ ਹਰ ਮੋਸਫ ਗਰੇਸਸ

Digitized by Panjab Digital Library | www.panjabdigilib.org

ਮੈਜਿਸਟੀ ਕੁਈਨ ਐਮਪ੍ਰੈਸ (Her most gracius majesty Queen Empress) ਦੇ ਪਰਦਾ ਰੀਸੈਪਸ਼ਨ (Reception) ਵਿਚ ਸ਼ਾਮਲ ਹੋਏ ਤੇ ਉਹ ਹਿੰਦ ਦੀਆਂ ਇਸਤ੍ਰੀਆਂ ਵਲੋਂ ਇਸ ਸੁੰਦਰ ਜ਼ੇਵਰ ਪੇਸ਼ ਕਰਨ ਲਈ ਚੁਣੇ ਗਏ ਸਨ ਜਿਸ ਵਿਚ ਦੇ ਸਾਥ ਇਕ ਐਡਰਸ ਵੀ ਪੇਸ਼ ਕਰਨਾ ਸੀ.......................................

......................ਸ੍ਰੀ ਮਤੀ ਮਹਾਰਾਣੀ ਸਾਹਿਬ ਪਟਿਆਲਾ ਉਨ੍ਹਾਂ ਇਸਤ੍ਰੀਆਂ ਵਿਚੋਂ ਸਨ ਜਿਨ੍ਹਾਂ ਨੂੰ ਹਰ ਮੈਜਿਸਟੀ ਨੇ ਮਿਲਣ ਲਈ ਵਧੇਰਾ ਸਮਾਂ ਬਖ਼ਸ਼ਿਆ ਸੀ। ਇਸ ਸਮੇਂ ਹਰ ਮੈਜਿਸਟੀ ਹੋਰਾਂ ਨੂੰ ਸਬਜ਼ੇ ਦਾ ਬਰੂਚ (Brooch) ਪਹਿਨਿਆ ਹੋਇਆ ਸੀ ਜੋ ਹਿੰਦ ਇਸਤ੍ਰੀਆਂ ਵਲੋਂ ਭੇਟਾ ਕੀਤਾ ਗਿਆ ਸੀ। ਹਰ ਮੈਜਿਸਟੀ ਨੇ ਮਹਾਰਾਣੀ ਸਾਹਿਬ ਪਟਿਆਲਾ ਦਾ ਜਿਨ੍ਹਾਂ ਨੂੰ ਇਹ ਤੋਹਫ਼ਾ ਪੇਸ਼ ਕਰਨ ਦਾ ਪ੍ਰਬੰਧ ਅਤੇ ਚੰਦਾ ਇਕੱਤ੍ਰ ਕਰਨ ਵਿਚ ਵਧ ਕੇ ਹਿਸਾ ਲਿਆ ਸੀ, ਧੰਨਵਾਦੀ ਕੀਤਾ।'

ਮੌਜੂਦਾ ਸਰਕਾਰ ਪਟਿਆਲਾ ਨੇ ਇਕ ਦੂਸਰੇ ਸ੍ਰੀ ਮਤੀ ਮਹਾਰਾਣੀ ਜੀ ਸਾਹਿਬ ਨੂੰ ੧੯੩੩ ਈ: ਵਿਚ ਰਾਜ ਪ੍ਰਬੰਧ ਚਲਾਉਣ ਵਾਲੀ ਕਮੇਟੀ ਦਾ ਪ੍ਰਧਾਨ ਨੀਯਤ ਕੀਤਾ ਜਿਨ੍ਹਾਂ ਨੇ ਇਸ ਕੰਮ ਨੂੰ ਭਲੀ ਬਿਧ ਨਜਿੱਠਿਆਂ। ਇਹ ਦੋਨੋਂ ਪ੍ਰਸੰਗ ਪਟਿਆਲਾ ਸ਼ਾਹੀ ਘਰਾਣੇ ਦੀਆਂ ਦੇਵੀਆਂ ਦੀ ਪੂਰਨ ਯੋਗਤਾਂ ਨੂੰ ਪ੍ਰਗਟ ਕਰਦੇ ਹਨ ਜੋ ਵੇਲੇ ਸਿਰ ਰਾਜਸੀ ਕੰਮਾਂ ਨੂੰ ਭਲੀ ਬਿਧ ਸੰਭਾਲ ਸਕਦੀਆਂ ਹਨ। ਇਤਿਹਾਸਕ ਨੁਕਤਾ ਖਿਆਲ ਤੋਂ ਇਹ ਦੋਨੋਂ ਪ੍ਰਸੰਗ ਪਟਿਆਲਾ ਸ਼ਾਹੀ ਘਰਾਣੇ ਦੀਆਂ ਦੇਵੀਆਂ ਦੀ ਯੋਗਤਾ ਪ੍ਰਗਟ ਕਰਨ ਲਈ ਦਿਤੇ ਗਏ ਹਨ।

Digitized by Panjab Digital Library | www.panjabdigilib.org

ਇਸ ਉਥਾਨਕਾ ਦੀ ਸਮਾਪਤੀ ਤੋਂ ਪਹਿਲਾਂ ਦਾਸ ਉਨ੍ਹਾਂ ਸਜਨਾਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹੈ, ਜਿਨ੍ਹਾਂ ਨੇ ਇਸ ਪੁਸਤਕ ਦੇ ਤਿਆਰ ਕਰਨ ਸਬੰਧੀ ਕਿਸੇ ਨਾ ਕਿਸੇ ਤਰ੍ਹਾਂ ਦੀ ਸਹਾਇਤਾ ਦਿਤੀ। ਰਾਏ ਬਹਾਦਰ ਬੂਟਾ ਰਾਮ ਖਾਵਿਤਰਾ ਨੇ ਖ਼ਾਸ ਪਰੇਰਨਾ ਕਰਕੇ ਇਸ ਪੁਸਤਕ ਦੇ ਲਿਖਣ ਲਈ ਉਤਸ਼ਾਹ ਦਿਤਾ ਅਤੇ ਪੁਸਤਕ ਦਾ ਨਾਮ ਚੁਨਣ ਵਿਚ ਵਿਚਾਰ ਦੁਆਰਾ ਸਹਾਇਤਾ ਦਿਤੀ। ਬੀਬੀ ਪ੍ਰਧਾਨ ਦੇ ਪ੍ਰਸੰਗ ਪੰਡਤ ਬਸੰਤ ਸਿੰਘ ਜੀ ਅਤੇ ਭਾਈ ਜੀਵਨ ਸਿੰਘ ਜੀ ਦੀ ਇਮਦਾਦ ਨਾਲ ਲਏ ਗਏ ਹਨ। ਸ੍ਰ: ਨਾਹਰ ਸਿੰਘ ਐਮ. ਏ. ਰੀਸਰਚ ਸਕਾਲਰ ਭਾਈ ਦਿਤ ਸਿੰਘ ਲਾਇਬਰੇਰੀ ਫ਼ੀਰੋਜ਼ਪੁਰ ਨੇ ਪੁਸਤਕ ਛਪਣ ਤੋਂ ਪਹਿਲਾਂ ਇਸ ਦੇ ਖਰੜੇ ਨੂੰ ਚੰਗੀ ਤਰ੍ਹਾਂ ਸੋਧਿਆ। ਇਕ ਦੋ ਹੋਰ ਸਜਣਾਂ ਨੇ ਭੀ ਵਖੋ ਵਖ ਕੰਮਾਂ ਵਿਚ ਸਹਾਇਤਾ ਕੀਤੀ। ਇਨ੍ਹਾਂ ਸਜਣਾਂ ਦਾ ਦਾਸ ਦਿਲ ਤੋਂ ਧੰਨਵਾਦ ਕਰਦਾ ਹੈ।

ਅੰਤ ਵਿਚ ਪਾਠਕਾਂ ਦੀ ਸੇਵਾ ਵਿਚ ਸਨਿੰਮਰ ਬੇਨਤੀ ਕਰਨੀ ਯੋਗ ਸਮਝਦਾ ਹਾਂ ਕਿ ਜੇ ਉਹ ਇਸ ਪੁਸਤਕ ਵਿਚ ਕੋਈ ਕਮੀ ਵੇਖਣ ਜਾਂ ਕਿਸੇ ਸਜਣ ਪਾਸ ਇਸ ਵਿਸ਼ੇ ਸਬੰਧੀ ਵਧੀਕ ਪ੍ਰਸੰਗ ਹੋਣ ਤਾਂ ਉਹ ਪਤਾ ਦੇ ਕੇ ਧੰਨਵਾਦੀ ਬਣਾਉਣ ਦੀ ਖੇਚਲ ਕਰਨ ਤਾਂ ਕਿ ਦੂਸਰੀ ਐਡੀਸ਼ਨ ਵਿਚ ਦਰੁਸਤੀ ਕੀਤੀ ਜਾ ਸਕੇ।

ਪਟਿਆਲਾ<br>
੧੫-੧-੨੦੧੨ ਦਾਸ:-<br>
ਤ੍ਰੀਕ ਆਤਮਾ ਸਿੰਘ<br>
੨੭-੪-੧੯੪੫

Digitized by Panjab Digital Library | www.panjabdigilib.org

# ਪਟਿਆਲਾ ਸ਼ਾਹੀ ਘਰਾਣੇ

ਦੀਆਂ

# ਸੂਰਬੀਰ ਦੇਵੀਆਂ

ਭਾਗ ੧.

ਕਾਂਡ ੧.

# ਮਹਾਰਾਣੀ ਫੱਤੋ

## ੧. ਮਹਾਰਾਣੀ ਫੱਤੋ ਜਾ ਜਨਮ

ਮਹਾਰਾਣੀ ਫੱਤੋ ਕਾਲੇ ਦੇ ਪਿੰਡ ਦੇ ਮੋਢੀ ਚੌਧਰੀ ਮਲੂਕਾ ਗੋਤ ਸਰਾਇ ਦੀ ਪੋਤੀ ਅਤੇ ਚੌਧਰੀ ਖਨਾ ਦੀ ਪੁਤਰੀ ਸੀ §

ਮਹਾਰਾਣੀ ਫੱਤੋ ਆਪਣੇ ਪਿਤਾ ਦੀ ਪਹਿਲੀ ਪਲੇਠੀ ਪੁਤ੍ਰੀ ਸੀ। ਸਮੇਂ ਦੇ ਰਿਵਾਜ ਅਨੁਸਾਰ ਲੜਕੀ ਦਾ ਜਨਮ ਚੰਗਾ ਨਹੀਂ ਸਮਝਿਆ ਜਾਂਦਾ ਜਿਸ ਕਰਕੇ ਇਸ ਦੇ ਮਾਤਾ ਪਿਤਾ ਨੇ ਇਸ ਨੂੰ ਜਨਮ ਦੇ ਸਾਰ ਹੀ ਜ਼ਮੀਨ ਵਿਚ ਦਬ ਦਿਤਾ ਕੈਥਲ ਖਾਨਦਾਨ ਦੇ ਵਡੇ ਭਾਈ ਭਗਤੂ ਜੀ ਦਾ ਪੋਤਾ ਭਾਈ

---

§ਤਵਾਂਰੀਖ਼ ਸਿਧੂ ਬੈਰਾੜ ਅਤੇ ਖ਼ਾਨਦਾਨ ਫੂਲ ਦੇ ਦਾ ਕਰਤਾ ਸ੍ਰ: ਅਤਰ ਸਿੰਘ ਭਦੌੜ ਨੇ ਪੰਨਾ ੧੨੩ ਤੇ ਫੱਤੋ ਮਾਈ ਦੇ ਪਿਤਾ ਦਾ ਨਾਮ ਚੌਧਰੀ ਸਰਾਇ ਪਿੰਡ ਮਟ ਭੁਲਰ ਲਿਖਿਆ ਹੈ।

Digitized by Panjab Digital Library | www.panjabdigilib.org

ਦਿਆਲ ਸਿੰਘ ਜੀ ਇਸ ਮੌਕੇ ਤੇ ਇਧਰ ਆਏ ਹੋਏ ਸਨ। ਇਹ ਲੋਕਾਂ ਵਿਚ ਕਰਾਮਾਤੀ ਪ੍ਰਸਿਧ ਸਨ, ਜਿਸ ਕਰਕੇ ਲੋਕ ਇਨ੍ਹਾਂ ਦੀ ਬਹੁਤ ਕਦਰ ਕਰਦੇ ਸਨ। ਸੇਵਾ ਕਰਨ ਨੂੰ ਮੁਖ ਰਖ ਕੇ ਚੌਧਰੀ ਖੰਨੇ ਨੇ ਭਾਈ ਦਿਆਲ ਸਿੰਘ ਨੂੰ ਪ੍ਰਸ਼ਾਦ ਛਕਾਉਣ ਲਈ ਵਰਜਿਆ। ਭਾਈ ਹੋਰਾਂ ਨੂੰ ਇਸ ਬੀਬੀ ਦੇ ਜਨਮ ਅਤੇ ਦਬਾ ਦੇਣ ਦਾ ਪਤਾ ਲਗ ਚੁਕਿਆ ਸੀ ਇਸ ਕਰਕੇ ਚੌਧਰੀ ਦੇ ਘਰ ਖਾਣਾ ਖਾਣ ਤੋਂ ਇਨਕਾਰ ਕਰ ਦਿਤਾ ਪਿੰਡ ਦੇ ਲੋਕ ਭਾਈ ਦਿਆਲ ਸਿੰਘ ਦੀ ਬਹੁਤ ਕਦਰ ਕਰਦੇ ਸਨ। ਇਨ੍ਹਾਂ ਦੇ ਇਨਕਾਰ ਕਰਨ ਨੂੰ ਚੌਧਰੀ ਖੰਨੇ ਨੇ ਆਪਣੀ ਬੇਇਜ਼ਤੀ ਖਿਆਲ ਕੀਤੀ ਅਤੇ ਆਪ ਭਾਈ ਦਿਆਲ ਸਿੰਘ ਦੇ ਡੇਰੇ ਕਾਰਨ ਪੁਛਣ ਲਈ ਗਏ। ਉਤਰ ਵਿਚ ਇਨ੍ਹਾਂ ਨੂੰ ਭਾਈ ਹੋਰਾਂ ਨੇ ਕਿਹਾ ਕਿ ਕੁੜੀ ਮਾਰ ਦੇ ਘਰ ਦਾ ਖਾਣਾ ਉਹ ਖਾਇਆ ਨਹੀ ਕਰਦੇ। ਇਹ ਗਲ ਸੁਣ ਕੇ ਚੌਧਰੀ ਖੰਨਾਂ ਬਹੁਤ ਪਛਤਾਇਆ ਕੁਦਰਤ ਦੇ ਭਾਣੇ ਤੇ ਭਰੋਸਾ ਰਖਣ ਵਾਲੇ ਭਾਈ ਦਿਆਲ ਸਿੰਘ ਹੋਰਾਂ ਦੇ ਕਹਿਣ ਤੇ ਦਬੀ ਹੋਈ ਜਗਾਂ ਨੂੰ ਮੁੜ ਪੁਟ ਕੇ ਵੇਖਿਆ ਗਿਆ ਤਾਂ ਬੀਬੀ ਫਤੋ ਵਿਚ ਪ੍ਰਾਣ ਬਾਕੀ ਸਨ, ਇਨ੍ਹਾਂ ਨੂੰ ਬਾਹਰ ਕਢਿਆ ਗਿਆ। ਪ੍ਰਸੰਨ ਹੋਕੇ ਭਾਈ ਦਿਆਲ ਸਿੰਘ ਨੇ ਖਾਣਾ ਖਾਧਾ ਅਤੇ ਸਹਿਜ ਸੁਭਾਵ ਇਹ ਕਿਹਾ ਕਿ ਇਹ ਬੀਬੀ ਵਡੇ ਭਾਗਾਂ ਵਾਲੀ ਹੋਵੇਗੀ। ਇਨ੍ਹਾਂ ਦੇ ਕਹਿਣ ਅਨੁਸਾਰ ਬੀਬੀ ਦਾ ਨਾਮ ਫੱਤੋ ਰਖਿਆ ਗਿਆ†। ਮਹਾਰਾਣੀ ਫਤੋ ਦਾ ਜਨਮ ਲਗ ਪਗ ੧੬੯੭ ਈ: ਵਿਚ ਹੋਇਆ।

---

† ਪੰਜਾਬ ਚੀਫਸ ਕ੍ਰਿਤ ਸਰ ਲੇਪਲ ਗ੍ਰਿਫਨ ਪੰਨਾ ੨੨

## (੨) ਮਹਾਰਾਣੀ ਫੱਤੋ ਦਾ ਵਿਵਾਹ

ਭਾਈ ਦਿਆਲ ਸਿੰਘ ਦੇ ਬਚਨਾਂ ਤੇ ਭਰੋਸਾ ਕਰਕੇ ਚੌਧਰੀ ਖੰਨਾ ਅਤੇ ਉਸਦੇ ਘਰ ਵਾਲੀ ਨੇ ਇਸ ਵਡੇ ਭਾਗਾਂ ਵਾਲੀ ਬੀਬੀ ਦੀ ਪਿਆਰ ਸਹਿਤ ਪਾਲਨਾ ਕੀਤੀ। ਘਰ ਦੇ ਕੰਮ ਕਾਰ ਤੋਂ ਜਾਣੂ ਕਰ ਦਿਤਾ। ਸੇਵਾ ਕਰਨ ਦੀ ਚੰਗੀ ਸਿਖਿਆ ਛੋਟੀ ਉਮਰ ਵਿਚ ਹੀ ਦੇਣੀ ਆਰੰਭ ਕਰ ਦਿਤੀ। ਲਗ ਪਗ ੯ ਸਾਲ ਦੀ ਆਯੂ ਵਿਚ ਮਹਾਰਾਣੀ ਫੱਤੋ ਦੇ ਮਾਤਾਂ ਪਿਤਾ ਨੇ ਇਸਦੀ ਸ਼ਾਦੀ ਬਾਬਾ ਰਾਮ ਸਿੰਘ ਦੇ ਪੁਤ੍ਰ ਆਲਾ ਸਿੰਘ ਨਾਲ ਕਰ ਦਿਤੀ, ਜੋ ਪਿਛੋਂ ਮਹਾਰਾਜਾ ਆਲਾ ਸਿੰਘ ਦੇ ਨਾਉ ਨਾਲ ਪ੍ਰਸਿਧ ਹੋਏ। ਪਟਿਆਲਾ ਰਾਜ ਦੀ ਨੀਂਹ ਰਖਣੀ ਮਾਹਰਾਜਾ ਆਲਾ ਸਿੰਘ ਦੀ ਹੀ ਹਿੰਮਤ ਅਤੇ ਹੌਸਲੇ ਦਾ ਨਤੀਜਾ ਸੀ। ਇਹ ਪ੍ਰਸਿੰਗ ੧੭੦੭ ਈ: ਦਾ ਹੈ‡

‡ ਤਵਾਰੀਖ਼ ਸਿਧੂ ਬੈਰਾੜ ਅਤੇ ਖ਼ਾਨਦਾਨ ਫੂਲ ਦੇ ਕਰਤਾ ਨੇ ਆਪਣੀ ਪੁਸਤਕ ਦੇ ਪੰਨਾ ੧੨੩ ਤੇ ਇਸ ਸ਼ਾਦੀ ਦਾਂ ਹੋਣਾ ੧੭੫੦ ਬਿ: ਅਰਥਾਤ ੧੬੯੩ ਈ: ਲਿਖਿਆ ਹੈ, ਜੋ ਠੀਕ ਪ੍ਰਤੀਤ ਨਹੀਂ ਹੁੰਦਾ। ਦੂਜੇ ਇਤਿਹਾਸਕਾਰਾਂ ਨੇ ਬਾਬਾ ਆਲਾ ਸਿੰਘ ਦਾ ਜਨਮ [illegible] ਵਿਚ ਹੋਣਾ ਲਿਖਿਆ ਹੈ। ਇਸ ਤਵਰੀਖ਼ ਸਿਧੂ ਬੈਰਾੜ ਦੇ ਕਰਤਾ ਨੇ ਬਾਬਾ ਆਲਾ ਸਿੰਘ ਦੇ ਵਿਆਹ ਹੋਣ ਸਮੇਂ ਇਨ੍ਹਾਂ ਦੀ ਆਯੂ ੧੨ ਸਾਲ ਲਿਖੀ ਹੈ। ਇਸ ਅਨੁਸਾਰ ਵਿਆਹ ਦਾ ਸਾਲ ੧੭੬੪ ਬਿ: ਅਥਵਾ ੧੭੦੭ ਈ: [illegible] ਦਾ ਹੈ ਜੋ ਠੀਕ ਪ੍ਰਤੀਤ ਹੁੰਦਾ ਹੈ।

ਤਵਾਰੀਖ ਪੰਜਾਬ ਕ੍ਰਿਤ ਮੁਹੰਮਦ ਲਤੀਫ਼ ਪੰਨਾ ੩੨੬

1745 ਜਨਵਰੀ 1695

੫੭ 1759

Digitized by Panjab Digital Library | www.panjabdigilib.org

# (੩) ਮਹਾਰਾਣੀ ਫੱਤੋ ਤੇ ਖਾਲਸਾ ਦਲ

ਮਹਾਰਾਜਾਂ ਆਲਾ ਸਿੰਘ ਹੌਲੀ ਹੌਲੀ ਆਪਣਾ ਰਾਜ ਵਸਾਉਂਦੇ ਗਏ। ੧੭੧੮ ਇ: ਵਿਚ ਭਦੌੜ ਰਹਿਣਾ ਛਡ ਕੇ ਇਨ੍ਹਾਂ ਨੇ ਬਰਨਾਲਾ ਆਪਣਾ ਕੇਂਦਰ ਬਣਾਇਆ । ਬਰਨਾਲੇ ਦੇ ਇਲਾਕੇ ਦੇ ਨਾਲ ਲਗਦਾ ਨੀਮਾ ਦੇ ਪ੍ਰਗਣ ਦਾ ਇਲਾਕਾ ਸੀ। ਇਥੋਂ ਦਾ ਹੁਕਮ ਰਾਏ ਕੋਟ ਦੇ ਰਈਸ ਰਾਏ ਕਲਾ ਦਾ ਸਬੰਧੀ ਸੌਂਧੇ ਖ਼ਾਂ ਨਾਮੇ ਸੀ। ਰਾਇ ਕਲਾ ਦੀ ਸਹਾਇਤਾ ਦੇ ਮਾਣ ਉਤੇ ਸੌਂਧੇ ਖ਼ਾਂ ਸਦੀਵ ਹੀ ਮਹਾਰਾਜਾ ਆਲਾ ਸਿੰਘ ਨਾਲ ਝਗੜਾ ਰਖਦਾ ਅਤੇ ਕਦੇ ੨ ਲੁਟ ਮਾਰ ਭੀ ਕਰ ਜਾਇਆ ਕਰਦਾ ਸੀ। ਮਹਾਰਾਜਾ ਆਲਾ ਸਿੰਘ ਸਦੀਵ ਹੀ ਇਸ ਤੋਂ ਬਦਲਾ ਲੈਣ ਦੀ ਤਾਂਘ ਵਿਚ ਰਹਿੰਦੇ ਸਨ । ਥੋੜੇ ਚਿਰ ਮਗਰੋਂ ਸੌਂਧੇ ਖਾਂ ਮਰ ਗਿਆ ਅਤੇ ਉਸਦੇ ਅਸਲੀ ਪੁਤਰਾਂ ਨੇ ਇਸ ਦੇ ਪਾਲਕ ਪੁਤਰ ਨਗਾਹੀਆ ਖਾਂ ਨੂੰ ਕੋਈ ਹਿਸਾ ਨਾ ਦਿਤਾ। ਉਹ ਬਰਨਾਲੇ ਮਹਾਰਾਜਾ ਆਲਾ ਸਿੰਘ ਪਾਸ ਨੌਕਰ ਹੋਗਿਆ ਨਗਾਹੀਆ ਖਾਂ ਦੇ ਕਹਿਣ ਤੇ ਕੰਵਰ ਸਰਦੂਲ ਸਿੰਘ ਨੇ ਨੀਮੇ ਦਾ ਪ੍ਰਗਣ ਜਿਤ ਕੇ ਪਟਿਆਲਾ ਰਾਜ ਵਿਚ ਸ਼ਾਮਲ ਕਰ ਲਿਆ।

ਮਹਾਰਾਜਾ ਆਲਾ ਸਿੰਘ ਦੀ ਵਧਦੀ ਤਾਕਤ ਨੂੰ ਵੇਖਕੇ ਮੁਸਲਮਾਨ ਰਜਵਾੜਿਆਂ ਨੇ ਇਨ੍ਹਾਂ ਦੇ ਦਬਾਉਣ ਲਈ ਇਹ ਚੰਗਾ ਮੌਕਾਂ ਸਮਝਿਆ। ਇਸ ਦਾ ਬੀੜਾ ਰਾਇ ਕੋਟ ਵਾਲਿਆਂ ਨੇ ਚੁਕਿਆ ਇਹ ਦੇ ਨਾਲ ਹਲਵਾਰਾ ਭਟਨੇਰ ਅਤੇ ਮਲਸੀਰਾਂ ਵਾਲੇ ਮੁਸਲਮਾਨ ਰਾਜਪੂਤ ਸ਼ਾਮਲ ਹੋ ਗਏ । ਇਨ੍ਹਾਂ ਸਾਰਿਆਂ ਨੇ ਆਪਣੇ ਸਾਥ ਮਲੇਰ ਕੋਟਲੇ ਦੇ ਪਠਾਨ ਨਵਾਬ



Digitized by Panjab Digital Library | www.panjabdigilib.org

ਮਿਲਾ ਲਿਆ ਅਤੇ ਜਾਲੰਧਰ ਦੇ ਸ਼ਾਹੀ ਸੂਬੇਦਾਰ ਸੱਯਦ ਆਸਦੇ ਅਲੀ ਖਾਂ ਨੂੰ ਭੀ ਆਪਣੀ ਸਹਾਇਤਾ ਲਈ ਸਦ ਭੇਜਿਆ‡।

ਮਹਾਰਜਾ ਆਲਾ ਸਿੰਘ ਬੜੇ ਚਤਰ ਅਤੇ ਨੀਤੀਵਾਨ ਸਨ। ਉਹ ਜਾਣਦੇ ਸਨ ਕਿ ਜੇ ਉਹ ਇਸ ਮੌਕਾ ਤੇ ਕਾਮਯਾਬ ਹੋ ਗਏ ਤਾਂ ਫੇਰ ਵੈਰੀਆਂ ਦਾ ਜੋਰ ਨਹੀਂ ਪਵੇਗਾ। ਅਤੇ ਇਲਾਕਾ ਜਿਤਣ ਵਿਚ ਕੋਈ ਔਕੜ ਪੇਸ਼ ਨਹੀਂ ਆਵੇਗੀ। ਇਸ ਲਈ ਟਾਕਰੇ ਲਈ ਚੰਗੀ ਤਰ੍ਹਾਂ ਤਿਆਰੀ ਕਰਨੀ ਅਰੰਭ ਕਰ ਦਿਤੀ। ਇਕ ਪਾਸੇ ਤਾਂ ਇਨ੍ਹਾਂ ਨੇ ਆਪਣੇ ਭਾਈ ਚਾਰੇ ਨੂੰ ਇਕਠਾ ਕਰ ਲਿਆ ਅਤੇ ਦੂਜੇ ਪਾਸੇ ਮੁਗਲੀਆ ਰਾਜ ਦੇ ਵੈਰੀ ਖਾਲਸਾ ਦਲ ਦੀ ਸਹਾਇਤਾ ਪ੍ਰਾਪਤ ਕਰਨਾ ਯੋਗ ਸਮਝੀ।

ਖਾਲਸਾ ਦਲ ਦੇ ਪਰੇਰਨ ਲਈ ਮਹਾਰਾਜਾ ਆਲਾ ਸਿੰਘ ਨੇ ਦੋ ਤਰੀਕੇ ਧਾਰਨ ਕੀਤੇ। (੧) ਬਰਨਾਲੇ ਦੇ ਲਾਗੇ ਠੀਕਰੀ ਵਾਲ ਪਿੰਡ ਵਿਚ ਭਾਈ ਧਰਮ ਸਿੰਘ ਰੰਧਾਵਾ ਰਹਿੰਦੇ ਸੀ। ਇਹ ਖਾਲਸਾ ਦਲ ਦੇ ਜਥੇਦਾਰ ਨਵਾਬ ਕਪੂਰ ਸਿੰਘ ਦਾ ਸੇਵਕ ਸੀ। ਇਸ ਦੀ ਰਾਹੀਂ ਮਹਾਰਾਜਾ ਆਲਾ ਸਿੰਘ ਨੇ ਖਾਲਸਾ ਦਲ ਨੂੰ ਆਪਣੀ ਸਹਾਇਤਾ ਲਈ ਸਦਣ ਦਾ ਪ੍ਰਬੰਧ ਕੀਤਾ। (੨) ਭਾਈ ਭਗਤੂ ਦੀ ਔਲਾਦ ਦਾ ਜੋ ਭਾਈਕਿਆਂ ਦੇ ਨਾਮ ਨਾਲ ਪ੍ਰਸਿਧ ਹੈ, ਖਾਲਸਾ ਦਲ ਨਾਲ

---

‡ਤਵਾਰੀਖ ਪੰਜਾਬ ਕ੍ਰਿਤ ਮੁਹੰਮਦ ਲਤੀਫ ਪੰਨਾਂ ੩੨੬

ਪਹਿਲਾਂ ਤੋਂ ਹੀ ਸਬੰਧ ਸੀ। ਇਹ ਭਾਈ ਕੇ ਫ਼ਲ ਬੰਸੀਆਂ ਨਾਲ ਬਹੁਤ ਪਿਆਰ ਰਖਦੇ ਸਨ। ਮਹਾਰਾਜਾ ਆਲਾ ਸਿੰਘ ਨੇ ਇਸ ਮੌਕੇ ਤੇ ਭਾਈ ਕਿਆਂ ਨੂੰ ਅਪਣੇ ਨਾਲ ਸ਼ਾਮਲ ਕਰ ਲਿਆ ਅਤੇ ਇਨ੍ਹਾਂ ਦੀ ਰਾਹੀਂ ਖਾਲਸਾ ਦਲ ਨੂੰ ਇਸ ਮੌਕੇ ਤੇ ਆਉਣ ਲਈ ਪ੍ਰੇਰ ਲਿਆ।

ਉਧਰ ਤਾਂ ਮੁਸਲਮਾਨ ਰਾਜਪੂਤ ਰਾਜਵਾੜੇ ਜਾਲੰਧਰ ਦੇ ਸ਼ਾਹ ਸੂਬੇਦਾਰ ਦੀ ਰਾਹੀਂ ਬਾਬਾ ਆਲਾ ਸਿੰਘ ਦੀ ਵਧਦੀ ਤਾਕਤ ਨੂੰ ਰੋਕਣਾ ਚਾਹੁੰਦੇ ਸਨ, ਇਧਰ ਮਹਾਰਾਜਾ ਆਲਾ ਸਿੰਘ ਖਾਲਸਾ ਦਲ ਦੀ ਸਹਾਇਤਾ ਨਾਲ ਇਸ ਮੁਸਲਮਾਨੀ ਦਲ ਦੇ ਦੰਦ ਖਟੇ ਕਰਕੇ ਅਗਾਹਾਂ ਲਈ ਮੈਦਾਨ ਸਾਫ਼ ਕਰਨ ਦੀ ਇਛਾ ਰਖ ਦੇ ਹਨ। ਪਸਪਰ ਪਕੀ ਤਿਆਰੀ ਮਗਰੋਂ ਬਰਨਾਲੇ ਦੇ ਲਾਗੇ ਬੜੀ ਤਕੜੀ ਲੜਾਈ ਹੋਈ ਜਿਸ ਵਿਚ ਜਾਲੰਧਰ ਦਾ ਸ਼ਾਹੀ ਫ਼ੌਜਦਾਰ ਆਸਦ ਅਲੀ ਖਾਂ ਮਾਰਿਆ ਗਿਆ। ਇਸ ਦੇ ਮਾਰੇ ਜਾਣ ਦੀ ਹੀ ਦੇਰ ਸੀ ਕਿ ਮੁਸਲਮਾਨੀ ਫ਼ੌਜ ਭਜ ਨਿਕਲੀ ਅਤੇ ਜਿਤ ਦਾ ਸੇਹਰਾ ਮਹਾ-ਰਾਜਾ ਆਲਾ ਸਿੰਘ ਦੇ ਸਿਰ ਬਧਾ ਗਿਆ।

ਇਸ ਜਿਤ ਨਾਲ ਮਹਾਰਾਜਾ ਆਲਾ ਸਿੰਘ ਬਹੁਤ ਪ੍ਰਸਿਧ ਹੋ ਗਏ ਅਤੇ ਬਹੁਤ ਸਾਰੇ ਲੋਕ ਇਨ੍ਹਾਂ ਪਾਸ ਆ ਕੇ ਜਮ੍ਹਾਂ ਹੋਣ ਲਗ ਪਏ। ਇਸ ਜਿਤ ਦੀ ਖ਼ਬਰ ਜਿਸ ਵੇਲੇ ਦਿਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਨੂੰ ਪੁਜੀ ਤਾਂ ਉਸਨੇ ਸਾਮੇ ਯਾਰ ਖਾਂ ਨੂੰ ਸ਼ਾਹੀ ਫ਼ਰਮਾਨ ਤ੍ਰੀਕ ੨੧ ਰਮਜ਼ਾਨ ੧੧੩੭ ਹਿਜਰੀ ਦੇਕੇ ਭੇਜਿਆ, ਜਿਸ ਵਿਚ ਮਹਾਰਾਜਾ ਆਲਾ ਸਿੰਘ ਨੂੰ ਸਰਹੰਦ ਦੇ ਸੂਬੇ ਦੇ ਪ੍ਰਬੰਧ ਵਿਚ ਚਕਲੇ ਦਾਰ ਦੀ ਸਹਾਇਤਾ

ਕਰਨ ਬਾਬਤ ਲਿਖਿਆ ਸੀ । ਇਸ ਫੁਰਮਾਨ ਵਿਚ ਇਹ ਭੀ ਦਰਜ ਸੀ ਕਿ ਸ਼ਾਹੀ ਖਿਦਮਾਤ ਦੇ ਪ੍ਰਸੰਗ ਹੋਣ ਤੇ ਚੌਧਰੀ ਆਲਾ ਸਿੱਘ ਨੂੰ ਰਾਜ ਦਾ ਖਤਾਬ ਦਿਤਾਂ ਜਾਵੇਗਾ§

ਇਸ ਜੰਗ ਵਿਚ ਜਿਨ੍ਹਾਂ ੨ ਨੇ ਚੰਗੇ ਕੰਮ ਕੀਤੇ ਸਨ ਮਹਾਰਾਜਾ ਆਲਾ ਸਿੰਘ ਨੇ ਉਨ੍ਹਾਂ ਦੀ ਯਥਾ ਯੋਗ ਇਜ਼ਤ ਕੀਤੀ । ਖਾਲਸਾ ਦਲ ਨਾਲ ਪ੍ਰਸਪਰ ਮੈਤਰੀ ਭਾਵ ਦੇ ਪਕਾ ਕਰਨ ਲਈ ਖਾਲਸਾ ਦਲ ਦੇ ਜਥੇਦਾਰ ਨਵਾਬ ਕਪੂਰ ਸਿੰਘ ਜੀ ਦੇ ਹਥੋਂ ਸਾਰੇ ਪ੍ਰਵਾਰ ਨੂੰ ਅੰਮ੍ਰਿਤ ਛਕਾ ਦਿਤਾ । ਮਹਾਰਾਜਾ ਆਲਾ ਸਿੰਘ ਇਸ ਸੰਬੰਧ ਦੇ ਵਧੀਕ ਪਕਾ ਕਰਨ ਨਾਨੂੰ ਸਿੰਘ ਸੋਢੀ ਨੂੰ ਆਪਣਾ ਵਕੀਲ ਨੀਯਤ ਕਰਕੇ ਖਾਲਸਾ ਦਲ ਦੇ ਸਾਥ ਦਿੱਤਾ‡ । ਭਾਈ ਧਰਮ ਸਿੰਘ ਨੂੰ ੭ ਹਲ ਦੀ ਜ਼ਮੀਨ ਦਿਤੀ ਗਈ ਜੋ ਹੁਣ ਤਕ ਠੀਕਰੀ ਵਾਲੇ ਦੇ ਅੰਦਲੇ ਡੇਰੇ ਦੇ ਨਾਉਂ ਚਲੀ ਆਉਂਦੀ ਹੈ । ਇਸ ਦਿਨ ਤੋਂ ਹੀ ਮਹਾਰਾਣੀ ਫਤੋ ਦਾ ਖਾਲਸਾ ਦਲ ਨਾਲ ਵਾਸਤਾ ਪੈਣਾ ਅਰੰਭ ਹੋਇਆ ਜੋ ਮਹਾਰਣੀ ਫਤੋ ਦੇ ਅੰਤਲੇ ਦਮ ਤਕ ਕਾਇਮ ਰਿਹਾ । ਇਹ ਪ੍ਰਸੰਗ ੧੭੩੧ ਈ: ਦਾ ਹੈ ।

---

§ਤਵਾਰੀਖ਼ ਪੰਜਾਬ ਕ੍ਰਿਤ ਮੁਹੰਮਦ ਲਤੀਫ਼ ਪੰਨਾ ੩੨੭

‡ ਗੁਰ ਸ਼ਬਦ ਰਤਨਾਕਰ ਕ੍ਰਿਤ ਸ੍ਰ: ਕਾਹਨ ਸਿੰਘ ਪੰਨਾ ੩੧੭ ਤੇ ਅੰਮ੍ਰਿਤ ਛਕਣਾ ਖਾਲਸਾ ਦਲ ਦੇ ਜਥੇਦਾਰ ਬਾਬਾ ਦੀਪ ਸਿੰਘ ਦੇ ਹਥੋਂ ਲਿਖਿਆ ਹੈ ।

Digitized by Panjab Digital Library | www.panjabdigilib.org

# ਅਲੀ ਮੁਹੰਮਦ ਖਾਂ ਰੁਹੇਲਾ ਚਕਲੇਦਾਰ ਸਰਹੰਦ ਅਤੇ ਬਰਨਾਲੇ ਦੀ ਲੁਟ

<u>੧੭੪੫</u> ਈ: ਵਿਚ ਅਲੀ ਮੁਹੰਮਦ ਖਾਂ ਰੁਹੇਲਾ ਸਰਹੰਦ ਦਾ ਚਕਲੇਦਾਰ ਨਿਯਤ ਕੀਤਾ ਗਿਆ ਅਉਂਦੇ ਸਾਰ ਮਹਾਰਾਜਾ ਆਲਾ ਸਿੰਘ ਨੇ ਇਸ ਨਾਲ ਦੋਸਤੀ ਪਾ ਲਈ ਅਤੇ ਇਸ ਦੇ ਰਾਹੀਂ ਕੋਟ ਵਾਲੇ ਰਾਇ ਕਲਾ ਤੋਂ ਆਪਣਾ ਵੈਰ ਲੈਣਾ ਠੀਕ ਸਮਝਿਆ। ਅਲੀ ਮੁਹੰਮਦ ਖਾਂ ਨੂੰ ਮਹਾਰਾਜਾ ਆਲਾ ਸਿੰਘ ਨੇ ਰਈਸ ਕੋਟ ਦੇ ਵਿਰਧ ਏਨਾ ਭੜਕਾਇਆ ਕਿ ਉਸ ਨੇ ਸੰਜੁਕਤ ਕੋਚ ਤੇ ਚੜ੍ਹਾਈ ਕਰ ਦਿਤੀ। ਰਾਏ ਕਲੇ ਨੂੰ ਭਜ ਕੇ ਆਪਣੀ ਜਾਣ ਬਚਾਉਣੀ ਪਈ।

ਇਸ ਕਾਰਵਾਈ ਮਗਰੋਂ ਮਹਾਰਾਜਾ ਆਲਾ ਸਿੰਘ ਇਸ ਚਕਲੇਦਾਰ ਸਰਹੰਦ ਪਾਸੋਂ ਵਖਰਾ ਹੋ ਜਾਣਾ ਚਾਹੁੰਦੇ ਸਨ। ਮਲੇਰ ਕੋਟਲੇ ਵਾਲੇ ਅਫਗਾਨ ਸਦਾ ਹੀ ਮਹਾਰਾਜਾ ਆਲਾ ਸਿੰਘ ਨਾਲ ਲਗਦੇ ਰਹਿੰਦੇ ਸਨ। ਕੋਟਲੇ ਵਾਲਿਆਂ ਨੇ ਚਕਲੇਦਾਰ ਨੂੰ ਮਹਾਰਾਜਾ ਆਲਾ ਸਿੰਘ ਵਿਰੁਧ ਭੜਕਾ ਦਿਤਾ ਜਦ ਮਹਾਰਾਜਾ ਆਲਾ ਸਿੰਘ ਨੇ ਘਰ ਵਾਪਸ ਜਾਣ ਲਈ ਕਿਹਾ ਤਾਂ ਉਸ ਨੇ ਕੈਦ ਕਰਕੇ ਮਹਾਰਾਜਾ ਆਲਾ ਸਿੰਘ ਨੂੰ ਸੁਨੇਹਾ ਭੇਜ ਦਿਤਾ ਅਤੇ ਬਰਨਾਲਾ ਲੁਟਨ ਦਾ ਹੁਕਮ ਜਾਰੀ ਕਰ ਦਿਤਾ।

ਬਰਨਾਲਾ ਲੁਟਨ ਦਾ ਹੁਕਮ ਜਾਰੀ ਹੋਣ ਦੀ ਖਬਰ ਮਹਾਰਾਣੀ ਫਤੋ ਪਾਸ ਪਹਿਲਾਂ ਹੀ ਪੁਜ ਗਈ। ਇਨ੍ਹਾਂ ਦੇ ਸ਼ਾਹੀ ਫ਼ੌਜ ਦੇ ਪਹੁੰਚਣ ਤੋਂ ਪਹਿਲਾਂ ੨ ਚਤਰਾਈ ਨਾਲ

Digitized by Panjab Digital Library | www.panjabdigilib.org

ਸਾਰਾ ਪ੍ਰਬੰਧ ਕਰ ਕੇ ਸਾਰਾ ਮਾਲ ਅਸਬਾਬ ਬਠਿੰਡੇ ਭੇਜ ਦਿਤਾ ਜਿਸ ਕਰਕੇ ਸ਼ਾਹੀ ਔਹਦੇਦਾਰ ਕਿਸੇ ਪ੍ਰਕਾਰ ਦਾ ਨੁਕਸਾਨ ਨਾ ਪਹੁੰਚਾ ਸਕੇ।

ਮਹਾਰਾਜਾ ਆਲਾ ਸਿੰਘ ਲਗ ਪਗ ਦੋ ਸਾਲ ਸੁਨਾਮ ਦੇ ਕਿਲੇ ਵਿਚ ਕੈਦ ਰਹੇ। ਇਸ ਸਮੇਂ ਮਹਾਰਾਣੀ ਫਤੋ ਅਤੇ ਸਾਰਾ ਪ੍ਰਵਾਰ ਬਠਿੰਡੇ ਰਹਿੰਦਾ ਰਿਹਾ, ਪ੍ਰੰਤੂ ਕੰਵਰ ਸਰਦੂਲ ਸਿੰਘ ਅਤੇ ਕੰਵਰ ਲਾਲ ਸਿੰਘ ਖਾਲਸਾ ਦਲ ਨਾਲ ਜੋ ਇਨ੍ਹਾਂ ਦਿਨਾਂ ਵਿਚ ਜੈਤੋ ਠਹਿਰਿਆ ਹੋਇਆ ਸੀ ਬਿਚਰਦੇ ਰਹੇ। ਤਿੰਨ ਸਾਲ ਇਸੀ ਪ੍ਰਕਾਰ ਹੀ ਕਟੇ ਅਤੇ ੧੭੪੯ ਈ: ਵਿਚ ਸਾਰਾ ਪ੍ਰਵਾਰ ਮੁੜ ਬਰਨਾਲੇ ਪੁਜ ਗਿਆ

## (੫) ਮਹਾਰਾਜਾ ਆਲਾ ਸਿੰਘ ਦਾ ਕੈਦੋਂ ਛੁਟਣਾ

ਅਲੀ ਮੁਹੰਮਦ ਖ਼ਾਂ ਰੁਹੇਲਾ ਚਕਲੇਦਾਰ ਸਰਹੰਦ ਨੇ ਮਹਾਰਾਜਾ ਆਲਾ ਸਿੰਘ ਨੂੰ (੧੭੪੯) ਈ: ਵਿਚ ਕੈਦ ਕਰਕੇ ੧ ਸੁਨਾਮ ਭੇਜ ਦਿਤਾ ਸੀ। ਲਗ ਪਗ ਦੋ ਸਾਲ ਬੀਤ ਚੁਕੇ ਸਨ ਪਰ ਮਹਾਰਾਜਾ ਆਲਾ ਸਿੰਘ ਦੇ ਛੁਟਣ ਦੀ ਕੋਈ ਆਸ ਨਹੀਂ ਪੈਂਦੀ ਸੀ। ਮਹਾਰਾਣੀ ਫੱਤੋ ਆਪਣੇ ਪਤੀ ਦੇ ਛੁਡਾਉਣ ਦੀ ਸੋਚ ਵਿਚਾਰ ਵਿਚ ਰਹਿੰਦੇ ਸਨ। ਵਕੀਲ ਨਾਨੂੰ ਸਿੰਘ ਇਸ ਕੰਮ ਵਿਚ ਇਨ੍ਹਾਂ ਦਾ ਵਡਾ ਸਲਾਹਕਾਰ ਸੀ। ਦੋਹਾਂ ਨੇ ਮਹਾਰਾਜਾ ਆਲਾ ਸਿੰਘ ਨੂੰ ਜੁਗਤੀ ਨਾਲ ਛੁਡਾਉਣ ਯੋਗ ਸਮਝਿਆ।

ਸ਼ੇਮੇਕਿਆਂ ਨੇ ਬਾਬਾ ਰਾਮ ਸਿੰਘ ਨੂੰ ਧੋਖੇ ਨਾਲ ਰਾਮ ਦਿਤਾ ਸੀ।। ਮਹਾਰਾਜਾ ਆਲਾ ਸਿੰਘ ਨੇ ਇਸ ਵੈਰ ਭਾਵ

ਕਰਕੇ ਇਨ੍ਹਾਂ ਨੂੰ ਘਰੋਂ ਬੇ ਘਰ ਕਰ ਛਡਿਆ ਸੀ । ਇਸ ਘਰਾਣੇ ਦਾ ਇਕ ਕਰਮ ਸਿੰਘ,ਮਹਾਰਾਜਾ ਆਲਾ ਸਿੰਘ ਪਾਸ ਨੌਕਰ ਹੋ ਗਿਆ । ਇਹ ਸੇਵਾ ਨਾਲ ਮਹਾਰਾਜਾ ਆਲਾ ਸਿੰਘ ਨੂੰ ਪ੍ਰਸੰਨ ਕਰਕੇ ਆਪਣੀ ਜਾਇਦਾਦ ਮੁੜ ਪ੍ਰਾਪਤ ਕਰਨਾ ਚਾਹੁੰਦਾ ਸੀ । ਕਰਮ ਸਿੰਘ ਨੇ ਆਪਣੀ ਵਫ਼ਾਦਾਰੀ ਸਾਬਤ ਕਰਨ ਲਈ ਚੰਗਾ ਮੌਕਾ ਸਮਜਿਆ ਅਤੇ ਉਹ ਮਹਾਰਾਜਾ ਆਲਾ ਸਿੰਘ ਨੂੰ ਕੈਦ ਵਿਚੋਂ ਛੁਡਾਉਣ ਲਈ ਕੁਰਬਾਨੀ ਕਰਨ ਲਈ ਤਿਆਰ ਹੋ ਗਿਆ ।

ਤਜਵੀਜ਼ ਇਹ ਕੀਤੀ ਗਈ ਕਿ ਕਰਮ ਸਿੰਘ ਭੇਸ ਬਦਲ ਕੇ ਕਿਲ੍ਹਾ ਸੁਨਾਮ ਵਿਚ ਜਾਵੇ, ਜਿਥੇ ਮਹਾਰਾਜਾ ਆਲਾ ਸਿੰਘ ਕੈਦ ਸਨ, ਇਥੋਂ ਮਹਾਰਾਜਾ ਆਲਾ ਸਿੰਘ ਕਰਮ ਸਿੰਘ ਦੇ ਕਪੜੇ ਪਹਿਨ ਕੇ ਕਿਲੇ ਤੋਂ ਬਾਹਰ ਆ ਜਾਣ, ਕਿਲੇ ਦੇ ਬਾਹਰ ਦੋ ਘੋੜੇ ਤਿਆਰ ਰੱਖੇ ਜਾਣ—ਇਕ ਮਹਾਰਾਜਾ ਆਲਾ ਸਿੰਘ ਲਈ ਅਤੇ ਦੂਸਰਾ ਨਾਨੂੰ ਸਿੰਘ ਵਕੀਲ ਲਈ । ਕਿਲੇ ਤੋਂ ਬਾਹਰ ਆਉਂਦੇ ਸਾਰ ਟੰਮਕ ਵਜਾਈ ਜਾਵੇ ਤਾਕਿ ਕਰਮ ਸਿੰਘ ਨੂੰ ਬਾਹਰ ਪੌਚ ਜਾਣ ਦਾ ਪਤਾ ਲਗ ਜਾਵੇ । ਜੇ ਸ਼ਾਹੀ ਫ਼ੌਜ ਪਿਛਾ ਕਰਨ ਲਈ ਆਵੇ ਤਾਂ ਪਤਾ ਕਾਲੇ ਕੇ ਇਸ ਨਾਲ-ਟਾਕਰਾ ਕਰਨਾ ਆਰੰਭ ਕਰ ਲਈ ਦੇਣ ਤਾਂਕਿ ਮਹਾਰਾਜਾ ਆਲਾ ਸਿੰਘ ਪਿੰਡ ਲੌਂਗੋਵਾਲ ਬਿਨਾ ਰੋਕ ਟੋਕ ਪਹੁਚ ਸਕਣ ਇਹ ਸਲਾਹਾਪਕੀ ਕੀਤੀ ਗਈ ਅਤੇ ਇਸੇ ਅਨੁਸਾਰ ਸਾਰਾ ਪ੍ਰਬੰਧ ਭੀ ਕੀਤਾ ਗਿਆ ।

ਇਸ ਤਜਵੀਜ ਅਨੁਸਾਰ ਕੰਮ ਕਰਨ ਦਾ ਨਤੀਜਾ ਇਹ ਹੋਇਆ ਕਿ ਮਹਾਰਾਜਾ ਆਲਾ ਸਿੰਘ ਕਰਮ ਸਿੰਘ

Digitized by Panjab Digital Library | www.panjabdigilib.org

ਦੇ ਕਪੜੇ ਪਾ ਕਿਲੇ ਵਿਚੋਂ ਬਾਹਰ ਆ ਗਏ । ਘੋੜਿਆਂ ਤੇ ਸਵਾਰ ਹੁੰਦੇ ਸਾਰ ਟੰਮਕ ਵਜਾਈ ਗਈ । ਸ਼ਾਹੀ ਫੌਜ ਨੇ ਪਿਛਾ ਕੀਤਾ ਪਰ ਕਾਲੇਕਿਆਂ ਨੇ ਟਾਕਰਾ ਕੀਤਾ ਇਨੇ ਚਿਰ ਵਿਚ ਮਹਾਰਾਜਾ ਆਲਾ ਸਿੰਘ ਬਿਨਾਂ ਕਿਸੇ ਪ੍ਰਕਾਰ ਦੀ ਰੋਕ ਟੋਕ ਦੇ ਲੌਗੋਂਵਾਲ ਪੁਜ ਗਏ ਜੋ ਪਹਿਲਾਂ ਹੀ ਇਨ੍ਹਾਂ ਦੇ ਕਬਜ਼ੇ ਵਿਚ ਸੀ । ਕਰਮ ਸਿੰਘ ਨੇ ਟੰਮਕ ਦੀ ਅਵਾਜ ਸੁਣ ਦੇ ਸਾਰ ਝਟ ਬਾਹਰ ਆ ਕੇ ਪਹਿਰੇਦਾਰ ਤੋਂ ਤਲਵਾਰ ਖੋਹ ਕੇ ਉਸ ਨੂੰ ਮਾਰ ਦਿਤਾ ਅਤੇ ਕਿਲੇ ਤੋਂ ਬਾਹਰ ਆ ਕੇ ਮਹਾਰਾਜਾ ਆਲਾ ਸਿੰਘ ਦੇ ਸਾਥ ਜਾ ਮਿਲਿਆ । ਇਸ ਤਰਾਂ ਮਹਾਰਾਜਾ ਆਲਾ ਸਿੰਘ ਅਲੀ ਮੁਹੰਮਦ ਖਾਂ ਚਕਲੇਦਾਰ ਸਰਹੰਦ ਦੀ ਕੈਦ ਵਿਚੋਂ ਛੁਟ ਗਏ, ਜਿਸ ਵਿਚ ਸਰਫਤਾ ਮਹਾਰਾਣੀ ਫਤੋ ਦੀ ਸਿਆਣਪ ਅਤੇ ਹੁਸ਼ਿਆਰੀ, ਕਰਮ ਸਿੰਘ ਦੀ ਕੁਰਬਾਨੀ ਅਤੇ ਵਫ਼ਾਦਾਰੀ ਤੇ ਨਾਨੂੰ ਸਿੰਘ ਦੀ ਚਤਰਾਈ ਨਾਲ ਪ੍ਰਾਪਤ ਹੋਈ । ਇਹ ਪ੍ਰਸੰਗ ੧੭੪੭ ਈ ਦੇ ਅੰਤ ਦਾ ਹੈ ।

ਇਸ ਕੁਰਬਾਨੀ ਦੀ ਦਾਦ ਦੇਣ ਲਈ ਮਹਾਰਾਜਾ ਆਲਾ ਸਿੰਘ ਨੇ ਸਾਰੇ ਭਾਈ ਚਾਰੇ ਦਾ ਇਕਠ ਕਰਕੇ ਸੇਮੇਕਿਆਂ ਨਾਲ ਮੇਲ ਜੋਲ ਕਰਵਾ ਦਿਤਾ । ਸੇਮੇਕੇ ਆਪਣੀ ਮਿਲਖ ਤੇ ਮੁੜ ਕਸਬਾ ਹੋ ਗਏ । § ਇਸ ਘਰਾਣੇ ਨੂੰ ਪਿੰਡ ਮਰਾਝ ਵਿਚੋਂ ਦੂਜੇ ਭਾਈਆਂ ਨਾਲੋਂ ੩੭੫ ਘੁਮਾਉਂ ਜ਼ਮੀਨ ਵਧ ਦਿਤੀ ਗਈ ।

ਜਿਸ ਵੇਲੇ ੧੭੪੭ ਈ: ਦੇ ਅੰਤ ਵਿਚ ਮਹਾਰਾਜਾ ਆਲਾ ਸਿੰਘ ਸੁਨਾਮ ਬੰਦੀ ਘਰ ਤੋਂ ਬਾਹਰ ਆਏ ਉਸ ਵੇਲੇ

§ਤਵਾਰੀਖ ਸਿਧੂ ਬੈਰਾੜ ਤੇ ਖ਼ਾਨਦਾਨ ਫੂਲ ਪੰਨਾ ੧੨੪ ।

Digitized by Panjab Digital Library | www.panjabdigilib.org

ਦਿਲੀ ਰਾਜ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਦਾ ਟਾਕਰਾ ਕਰਨ ਦੀਆਂ ਤਿਆਰੀਆਂ ਕਰਨ ਵਿਚ ਲਗਾ ਹੋਇਆ ਸੀ। ਯੋਗ ਸਮਾਂ ਤਾੜ ਕੇ ਮਹਾਰਾਜਾ ਆਲਾ ਸਿੰਘ ਨੇ ਭੀ ਆਪਣੀ ਫ਼ੌਜ ਇਕਠੀ ਕਰਨੀ ਆਰੰਭ ਕਰ ਦਿਤੀ। ~~੧੭੬੧~~ ਈ: ਵਿਚ ਐਹਮਦ ਸ਼ਾਹ ਅਬਦਾਲੀ ਦਾ ਦਿਲੀ ਦੇ ਸ਼ਾਹੀ ਫ਼ੌਜ ਨਾਲ ਸਰਹੰਦ ਦੇ ਲਾਗੇ ਟਾਕਰਾ ਹੋਇਆ ਜਿਸ ਵਿਚ ਐਹਮਦ ਸ਼ਾਹ ਹਾਰ ਗਿਆ। ਇਸ ਸਮੇਂ ਮਹਾਰਾਜਾ ਆਲਾ ਸਿੰਘ ਨੇ ਦਿਲੀ ਦੇ ਫ਼ੌਜਦਾਰ ਦੀ ਫ਼ੌਜ ਸੰਜੁਕਤ ਸਹਾਇਤਾ ਕੀਤੀ ਸੀ, ਇਸ ਕਰਕੇ ਸ਼ਾਹ ਦਿਲੀ ਵਲੋਂ ਇਜ਼ਤ ਪਾਕੇ ਮਹਾਰਾਜਾ ਆਲਾ ਸਿੰਘ ਬਰਨਾਲੇ ਪੁਜੇ ਜਿਥੇ ਥੋੜੇ ਚਿਰ ਮਗਰੋਂ ਇਨ੍ਹਾਂ ਦਾ ਪ੍ਰਵਾਰ ਵੀ ਬਠਿੰਡੇ ਤੋਂ ਵਾਪਸ ਬਰਨਾਲੇ ਪੁਜ ਗਿਆ।

## (੬) ਬਰਨਾਲੇ ਦੀ ਐਹਮਦ ਸ਼ਾਹੀ ਲੁਟ

ਇਤਿਹਾਸ ਹਿੰਦ ਵਿਚ ਪਾਣੀਪਤ ਦੀ ਤੀਸਰੀ ਜੰਗ ਪ੍ਰਸਿਧ ਹੈ ਜੋ ੧੬੭੧ ਈ: ਵਿਚ ਐਹਮਦ ਸ਼ਾਹ ਅਬਦਾਲੀ ਅਤੇ ਮਰਹਟਿਆ ਦੇ ਵਿਚਕਾਰ ਹੋਈ। ਮਹਾਰਾਜਾ ਆਲਾ ਸਿੰਘ ਇਸ ਜੰਗ ਵਿਚ ਮਰਹਟਿਆਂ ਦੇ ਸਾਥੀ ਸਨ ਤੇ ਇਨ੍ਹਾਂ ਨੇ ਮਰਹਟਾ ਕੌਮ ਵਿਚ ਰਸਦ ਆਦਿਕ ਪਹੁੰਚਾਉਣ ਵਿਚ ਖਾਸ ਸਹਾਇਤਾ ਕੀਤੀ। ਐਹਮਦ ਸ਼ਾਹ ਅਬਦਾਲੀ ਇਸ ਗਲ ਤੋਂ ਭਲੀ ਬਿਧ ਜਾਣੂ ਸੀ, ਇਸ ਵਾਸਤੇ ਉਹ ਦਿਲ ਤੋਂ ਮ: ਆਲਾ ਸਿੰਘ ਨਾਲ ਵੈਰ ਭਾਵ ਰਖਦਾ ਸੀ ਅਤੇ ਬਦਲਾ ਲੈਣ ਦਾ ਚਾਹਵਾਨ ਸੀ।

ਮਾਲੇਰ ਕੋਟਲੇ ਦਾ ਅਫ਼ਗਾਨ ਰਈਸ ਪਹਿਲਾਂ ਤੋਂ ਹੀ ਮਹਾਰਾਜਾ ਆਲਾ ਸਿੰਘ ਦਾ ਵੈਰੀ ਸੀ ਅਤੇ ਉਸ ਨੂੰ ਜਦੋਂ

Digitized by Panjab Digital Library | www.panjabdigilib.org

ਭੀ ਮੌਕਾ ਮਿਲ ਜਾਂਦਾ ਉਹ ਮਹਾਰਾਜਾ ਆਲਾ ਸਿੰਘ ਵਿਰੁਧ ਕਾਰਵਾਈ ਕਰਨ ਵਿਚ ਕਸਰ ਨਹੀਂ ਛਡਦਾ ਸੀ। ਇਸ ਅਫ਼ਗਾਨ ਰਈਸ ਨੂੰ ਪਤਾ ਸੀ ਕਿ ਮਹਾਰਾਜਾ ਆਲਾ ਸਿੰਘ ਨੇ ਮਰਹਟਾ ਕੌਮ ਨੂੰ ਰਸਦ ਪਹੁੰਚਾਈ ਹੈ ਇਸ ਕਰਕੇ ਇਸ ਬਹਾਨੇ ਨਾਲ ਇਸ ਨੇ ਐਹਮਦ ਸ਼ਾਹ ਨੂੰ ਮਹਾਰਾਜਾ ਆਲਾ ਸਿੰਘ ਦੇ ਵਿਰੁਧ ਬਹੁਤ ਉਕਸਾਇਆ। ਦਿਲੀ ਤੋਂ ਮੁੜਦਾ ਹੋਇਆ ਐਹਮਦ ਸ਼ਾਹ ਆਪ ਸਰਹੰਦ ਵਲ ਚਲਿਆ ਗਿਆ ਪਰ ਆਪਣੇ ਇਸ ਫ਼ੌਜਦਾਰ ਨੂੰ ਫ਼ੌਜ ਦੇਕੇ ਬਰਨਾਲਾ ਲੁਟਣ ਲਈ ਭੇਜ ਦਿਤਾ ਜੋ ਇਨ੍ਹਾਂ ਦਿਨਾ ਵਿਚ ਮਹਾਰਾਜਾ ਸਾਹਿਬ ਆਲਾ ਸਿੰਘ ਦੀ ਰਾਜ ਧਾਨੀ ਸੀ।

ਮਹਾਰਾਜਾ ਆਲਾ ਸਿੰਘ ਜੀ ਪਾਸ ਭੀ ਅਬਦਾਲੀ ਫ਼ੌਜ ਦੀ ਚੜ੍ਹਾਈ ਕਰਨ ਦੀ ਖ਼ਬਰ ਪੁਜ ਗਈ। ਇਸ ਸਮੇਂ ਇਹ ਬਰਨਾਲੇ ਨਹੀਂ ਸਨ, ਸ੍ਰਦਾਰ ਕਰਮ ਸਿੰਘ ਨੇ ਇਸ ਸਮੇਂ ਮਹਾਰਾਜਾ ਆਲਾ ਸਿੰਘ ਦਾ ਮੂਨਕ ਵਲ ਜਾਣਾ ਲਿਖਿਆ ਹੈ ਪਰ ਕਈਆਂ ਨੇ ਇਸ ਸਮੇਂ ਸੁਨਾਮ ਵਲ ਗਏ ਹੋਏ ਲਿਖਿਆ ਹੈ §। ਮਹਾਰਾਣੀ ਫਤੋ ਇਸ ਸਮੇਂ ਬਰਨਾਲੇ ਸਨ। ਉਹ ਸਾਰੇ ਭੇਦਾਂ ਤੋਂ ਭੀ ਜਾਣੂ ਸਨ। ਇਸ ਖ਼ਬਰ ਪੁਜਦੇ ਸਾਰ ਇਨ੍ਹਾਂ ਨੇ ਆਪਣੇ ਵਲੋਂ ਐਹਲਕਾਰ ਸ੍ਰ: ਭੋਲਾ ਸਿੰਘ, ਕਸ਼ਮੀਰੀ ਮਲ, ਸ੍ਰ: ਕਾਹਨ ਸਿੰਘ ਅਤੇ ਬੀਰਮ ਢਿਲੋਂ ਨੂੰ ਸਰਹੰਦ, ਐਹਮਦ ਸ਼ਾਹ ਅਬਦਾਲੀ ਵਲ ਸਮਝੋਤਾ ਕਰਨ ਲਈ ਭੇਜ ਦਿਤਾ ਪਰ ਆਪ

§ਤਵਰੀਖ ਸਿਧੂ ਬ੍ਰੈਰਾੜ ਤੇ ਖਾਨਦਾਨ ਫੂਲ ਪੰਨਾ ੧੨੫।

Digitized by Panjab Digital Library | www.panjabdigilib.org

ਸਣੇ ਪ੍ਰਵਾਰ ਤੇ ਸਮਾਨ ਆਦਿਕ ਨਾਲ ਲੈਕੇ ਬਠਿੰਡੇ ਵਲ ਚਲੇ ਗਏ। ਇਨ੍ਹਾਂ ਅੈਹਲਕਾਰਾਂ ਨੇ ਅੈਹਮਦ ਸ਼ਾਹ ਚਾਰ ਲਖ ਰੁਪਇਆ ਨਜ਼ਰਾਨਾ ਦੇਕੇ ਸਮਝੌਤਾ ਕਰਨ ਦਾ ਫੈਸਲਾ ਕਰ ਲਿਆ। ਅੈਹਮਦ ਸ਼ਾਹ ਨੇ ਇਸ ਖਬਰ ਕਰਨ ਲਈ ਬਰਨਾਲੇ ਵਲ ਆਪਣਾ ਆਦਮੀ ਭੇਜ ਦਿਤਾ ਪਰ ਸ਼ਾਹੀ ਫੌਜ ਨੇ ਇਸਦੇ ਪੁਜਨ ਤੋਂ ਪਹਿਲਾ ਹੀ ਬਰਾਨਾਲਾ ਲੁਟ ਲਿਆ ਸੀ।

ਇਸ ਸਮਝੌਤੇ ਮਗਰੋਂ ਮਹਾਰਾਜਾ ਆਲਾ ਸਿੰਘ, ਅੈਹਮਦ ਸ਼ਾਹ ਅਬਦਾਲੀ ਨੂੰ ਸਰਹੰਦ ਮਿਲੇ ਅਤੇ ਨਜ਼ਰਾਨੇ ਦੀ ਰਕਮ ਅਦਾ ਕਰਕੇ ਅੈਹਮਦ ਸ਼ਾਹ ਵਲੋਂ ਚਕਲੇਦਾਰ ਸਰਹੰਦ ਦੇ ਨਾਮ ਇਹ ਹੁਕਮ ਜਾਰੀ ਕਰਵਾ ਦਿਤਾ ਕਿ ਉਹ ਮਹਾਰਾਜਾ ਆਲਾ ਸਿੰਘ ਨੂੰ ਸਰਹੰਦ ਦੇ ਚਕਲੇਦਾਰਾਂ ਨਾਲੋਂ ਵਖਰਾ ਸਮਝੇ। ਮਹਾਰਾਜਾ ਆਲਾ ਸਿੰਘ ਨੇ ਇਸ ਤਰ੍ਹਾਂ ਆਪਣੇ ਰਾਜ ਨੂੰ ਚਕਲੇਦਾਰ ਸਰਹੰਦ ਦੀ ਈਨ ਤੋਂ ਸੁਤੰਤਰ ਕਰ ਲਿਆ। ਇਸ ੧੭੬੧ ਈ: ਦਾ ਪ੍ਰਸੰਗ ਹੈ।

## (੭) ਮਹਾਰਾਜਾ ਆਲਾ ਸਿੰਘ ਦਾ ਸੁਰਗਬਾਸ ਹੋਣਾ

ਇਕ ਪਾਸੇ ਤਾਂ ਰਾਜ ਕਾਜ ਦਾ ਕੰਮ ਸਮੇਂ ਦੀ ਅਵਸਥਾ ਅਨੁਸਾਰ ਬਹੁਤ ਬਿਖੜਾ ਸੀ। ਦੂਜੇ ਪਾਸੇ ਮਹਾਰਾਜਾ ਆਲਾ ਸਿੰਘ ਦੇ ਜੀਵਨ ਵਿਚ ਹੀ ਇਨ੍ਹਾਂ ਦੇ ਤਿਨ ਲਾਲ ਸੁਰਗਬਾਸ ਹੋ ਚੁਕੇ ਸਨ। ਤੀਜੇ ਪਾਸੇ ਮੁਸਲਮਾਨ ਰਾਜਪੂਤ ਰਜਵਾੜੇ ਇਸ ਵਧਦੇ ਸਿਖ ਰਾਜ ਦੇ ਵੈਰੀ ਬਣੇ ਹੋਏ ਸਨ ਚੌਥੇ ਪਾਸ ਗਵਾਂਢੀ

Digitized by Panjab Digital Library | www.panjabdigilib.org

ਰਹੀਸ ਈਰਖਾ ਰਖਦੇ ਸਨ, ਇਨ੍ਹਾਂ ਸਾਰੀਆਂ ਅਵਸਥਾਂ ਵਿਚ ਮਹਾਰਾਣੀ ਫਤੋ ਸਾਰੇ ਰਾਜਦੇ ਕੰਮਾਂ ਵਿਚ ਆਪਣੇ ਪਤੀ ਮਹਾ-ਰਾਜਾ ਆਲਾ ਸਿੰਘ ਦਾ ਹਥ ਵਟਾਉਂਦੇ ਰਹੇ। ਮਹਾਰਾਜਾ ਆਲਾ ਸਿੰਘ ੨੭੬੫ ਈ: ਦੇ ਅਰੰਭ ਵਿਚ ਐਹਮਦ ਸ਼ਾਹ ਅਬਦਾਲੀ ਦੇ ਸਾਥ ਲਾਹੌਰ ਵਲ ਗਏ ਅਤੇ ਇਥੋਂ ਵਾਪਸ ਹੁੰਦੇ ਸਾਰ ਥੋੜੇ ਦਿਨ ਬੀਮਾਰ ਰਹਿਕੇ ੭ ਅਗਸਤ ੧੭੬੨ ਈ: ਨੂੰ ਪਟਿਆਲੇ ਹੀ ਸਰੀਰ ਤਿਆਗ ਗਏ। ਮਹਾਰਾਜਾ ਆਲਾ ਸਿੰਘ ਦੇ ਸੁਰਗਬਾਸ ਹੋਣ ਸਮੇਂ ਮਹਾਰਾਣੀ ਫਤੋ ਬਰਨਾਲੇ ਸਨ ਅਤੇ ਖਬਰ ਪੁਜਦੇ ਸਾਰ ਧੀਰਜ ਧਾਰਕੇ ਕੰਵਰ ਅਮਰ ਸਿੰਘ ਸੰਜੁਕਤ ਪਟਿਆਲੇ ਪੁਜੇ ਤੇ ਸਸਕਾਰ ਆਦਿਕ ਦੀ ਸਾਰੀ ਕਰਵਾਈ ਕਰਾਈ । ਮਹਾਰਾਜਾ ਆਲਾ ਸਿੰਘ ਦੀ ਸਮਾਧ ਪਟਿਆਲੇ ਸ਼ਾਹੀ ਸਮਾਧਾਂ ਵਿਚ ਬਣੀ ਹੋਈ ਹੈ।

## (੮) ਮਹਾਰਾਜਾ ਅਮਰ ਸਿੰਘ ਨੂੰ ਰਾਜ ਸਿੰਘਾਸਨ ਤੇ ਬਿਠਾਉਣਾ

ਮਹਾਰਾਜਾ ਆਲਾ ਸਿੰਘ ਦੇ ਸੁਰਗਬਾਸ ਹੋਣ ਸਮੇਂ ਜੇ ਮਹਾਰਾਣੀ ਫਤੋ ਧੀਰਜ ਅਤੇ ਹੌਸਲੇ ਨਾਲ ਰਾਜ-ਕਾਜ ਨੂੰ ਨਾ ਸੰਭਾਲ ਦੇ ਤਾਂ ਇਨ੍ਹਾਂ ਵਡਾ ਜਿਤਿਆ ਹੋਇਆ ਰਾਜ ਨਸ਼ਟ ਹੋ ਜਾਂਦਾ, ਇਸ ਕਰਕੇ ਮਹਾਰਾਣੀ ਫਤੋ ਨੇ ਮਹਾਰਾਜਾ ਅਮਰ ਸਿੰਘ ਨੂੰ ਗਦੀ ਤੇ ਬਠਾਉਣ ਦਾ ਸ਼ੀਘਰ ਹੀ ਪ੍ਰਬੰਧ ਕਰ ਦਿਤਾ ਇਹ ਮਹਾਰਾਜਾ ਸਾਹਿਬ ਮਹਾਰਾਜਾ ਆਲਾ ਸਿੰਘ ਦੇ ਵਡੇ ਪੁਤ੍ਰ ਕੰਵਰ ਸਰਦੂਲ ਸਿੰਘ ਦੇ ਪੁਤ੍ਰ ਸਨ ਜਿਨ੍ਹਾਂ ਨੂੰ ਮਹਾਰਾਜਾ ਆਲਾ ਸਿੰਘ ਨੇ ਪਹਿਲਾਂ ਹੀ ਰਾਜ ਗਦੀ ਲਈ ਨੀਯਤ ਕੀਤਾ ਹੋਇਆ

Digitized by Panjab Digital Library | www.panjabdigilib.org

ਸੀ। ਪਹਿਲਾਂ ਮਹਾਰਾਜਾ ਅਮਰ ਸਿੰਘ ਨੂੰ ਖਾਲਸਾ ਦਲ ਦੇ ਪ੍ਰਸਿਧ ਜਥੇਦਾਰ ਸਰਦਾਰ ਜੱਸਾ ਸਿੰਘ ਆਹਲੂ ਵਾਲੀਏ ਦੇ ਹਥੋਂ ਅੰਮ੍ਰਿਤ ਛਕਾਇਆ ਹੋਇਆ ਸੀ ਤਾਂ ਕਿ ਖਾਲਸਾ ਦਲ ਇਨ੍ਹਾਂ ਦਾ ਸਹਾਇਕ ਬਣਿਆ ਰਹੇ, ਜਿਸਦੀ ਸਹਾਇਤਾ ਤੋਂ ਬਿਨਾਂ ਇਸ ਸਮੇਂ ਰਾਜ ਕਾਇਮ ਰਖਣਾ ਅਸੰਭਵ ਸੀ। ਰਾਜ ਸਿੰਘਾਸਨ ਤੇ ਬਿਠਾਕੇ ਮਹਾਰਾਣੀ ਫਤੋ ਨੇ ਸਾਰੇ ਜ਼ੈਲ-ਦਾਰਾ ਅਤੇ ਸਰਦਾਰਾਂ ਤੋਂ ਮਹਾਰਾਜਾ ਅਮਰ ਸਿੰਘ ਦੇ ਨਜ਼ਰਾਂ ਪੇਸ਼ ਕਰਵਾ ਦਿਤੀਆ। ਬਖਸ਼ੀ ਲਖਨ ਡੋਗਰਾ ਮਹਾਰਾਣੀ ਇਸ ਕੰਮ ਵਿਚ ਸਭ ਤੋਂ ਵਡਾਂ ਸਹਾਇਕ ਸੀ, ਇਸ ਕਰਕੇ ਕੋਈ ਭੀ ਅਹਿਲਕਾਰ ਝਗੜਾ ਖੜਾ ਕਰ ਨਾ ਸਕਿਆ ਅਤੇ ਸਾਰੀ ਕਾਰਵਾਈ ਭਲੀ ਬਿਧ ਨਜਿਠੀ ਗਈ। ਇਹ ਪ੍ਰਸੰਗ ੧੭੬੫ ਈ: ਦਾ ਹੈ।

## (੯) ਮਹਾਰਾਜਾ ਅਮਰ ਸਿੰਘ ਅਤੇ ਕੰਵਰ ਹਿੰਮਤ ਸਿੰਘ

ਮਹਾਰਾਜਾ ਅਮਰ ਸਿੰਘ ਦਾ ਦੂਸਰਾ ਭਾਈ ਕੰਵਰ ਹਿੰਮਤ ਸਿੰਘ ਆਪਣੇ ਆਪ ਨੂੰ ਰਾਜ ਦਾ ਹਕਦਾਰ ਸਮਝਦਾ ਸੀ। ਮਹਾਰਾਜਾ ਆਲਾ ਸਿੰਘ ਦੇ ਸੁਰਗਬਾਸ ਹੋਣ ਸਮੇਂ ਇਹ ਆਪਣੀ ਮਾਈ ਦੇਸ਼ਾ ਸਮੇਤ ਪਿੰਡ ਹੰਡਿਆਲੇ ਰਹਿੰਦਾ ਸੀ ਮਹਾਰਾਜਾ ਆਲਾ ਸਿੰਘ ਦੇ ਸਰੀਰ ਤਿਆਗਣ ਦੀ ਖ਼ਬਰ ਪੁਜਦੇ ਸਾਰ ਫ਼ੌਜ ਸੰਜੁਕਤ ਪਟਿਆਲੇ ਪੁਜਾ ਅਗੋ ਸਾਰੀ ਕਾਰਵਾਈ ਮਹਾਰਾਜਾ ਅਮਰ ਸਿੰਘ ਦੇ ਹਕ ਵਿਚ ਹੋ ਚੁਕੀ ਸੀ। ਭਾਈ ਸਾਹਿਬ ਕੈਥਲ, ਰਾਜਾ ਸਾਹਿਬ ਜੀਂਦ ਨਾਭਾ

Digitized by Panjab Digital Library | www.panjabdigilib.org

ਮਹਾਰਾਣੀ ਫਤੋ ਅਤੇ ਹੋਰ ਭਾਈ ਚਾਰਾ ਸਭ ਮਹਾਰਾਜਾ ਅਮਰ ਸਿੰਘ ਦੇ ਵਲ ਸਨ, ਇਸ ਕਰਕੇ ਇਸ ਦੀ ਕੋਈ ਪੇਸ਼ ਨਾ ਗਈ। ਪਿਟਆਲਾ ਤੋਂ ਮੁੜਦੇ ਸਾਰ ਢੋਡਿਆਂ ਦੇ ਕਿਲੇ ਤੋਂ ਜੋ ਭਵਾਨੀ ਗੜ੍ਹ ਦੇ ਨਾਮ ਨਾਲ ਪ੍ਰਸਿਧ ਅਤੇ ਪਟਿਆਲਾ ਤੋਂ ਲਗ ਪਗ ੨੨ ਮੀਲ ਹੈ, ਕਬਜ਼ਾ ਜਾ ਕੀਤਾ। ਮਹਾਰਾਜਾ ਅਮਰ ਸਿੰਘ ਨੂੰ ਇਸ ਬਾਤ ਦੀ ਖ਼ਬਰ ਲਗਣ ਤੇ ਉਹ ਝਟ ਹੀ ਫ਼ੌਜ ਸੰਜੁਕਤ ਤਿਆਰ ਹੋ ਗਏ ਢੋਡਿਆ ਦੇ ਕਿਲੇ ਦਾ ਘੇਰਾ ਆਨ ਘਤਿਆ। ਦੋਹਾ ਪਾਸਿਆ ਤੋਂ ਲੜਾਈ ਦੀ ਤਿਆਰੀ ਹੋ ਗਈ। ਜੇ ਇਹ ਲੜਾਈ ਅਰੰਭ ਹੋ ਜਾਂਦੀ ਤਾਂ ਰਾਜ ਲਈ ਬਹੁਤ ਹਾਨੀਕਾਰਕ ਹੁੰਦੀ। ਮਹਾਰਾਣੀ ਫਤੋ ਨੇ ਦੋਹਾਂ ਭਰਾਵਾਂ ਦਾ ਆਪੋ ਵਿਚ ਸਮਝੋਤਾ ਕਰਾ ਦਿਣਾ ਯੋਗ ਸਮਝਿਆਂ।

ਬਾਤ ਚੀਤ ਮਗਰੋਂ ਇਹ ਫੈਰਲਾ ਕਰਾ ਦਿਤਾ ਕਿ ਢੋਡਿਆਂ ਦਾ ਕਿਲਾ ਕੰਵਰ ਹਿੰਮਤ ਸਿੰਘ ਪਾਸ ਰਹਿਣ ਦਿਤਾ ਜਾਵੇ, ਜਿਸ ਨਾਲ ਮਹਾਹਾਜਾ ਅਮਰ ਸਿੰਘ ਨੇ ਭੀ ਸੰਮਤੀ ਕੀਤੀ। ਇਸ ਤਰ੍ਹਾਂ ਮਹਾਂਰਾਣੀ ਫਤੋ ਦੀ ਹੁਸ਼ਿਆਰੀ ਨਾਲ ਰਾਜ ਵਿਚ ਗੜ ਬੜ ਪੈਣ ਤੋਂ ਬਚ ਗਈ। ਇਹ ਪ੍ਰਸੰਗ ਭੀ ੧੭੬੫ ਈ: ਦਾ ਹੈ।

## (੧੦) ਕੰਵਰ ਹਿੰਮਤ ਸਿੰਘ ਦਾ ਦੂਜੀ ਵਾਰ ਝਗੜਾ ਕਰਨਾ

੧੭੭੧ ਈ: ਵਿਚ ਮਰਹੱਟਾ ਸਰਦਾਰ ਜਾਨਕੋ ਰਾਓ ਫ਼ੌਜ ਸੰਜੁਕਤ ਪਹੋਏ ਦੀ ਯਾਤਰਾ ਦਾ ਬਹਾਨਾ ਰਖ ਕੇ ਪੰਜਾਬ

Digitized by Panjab Digital Library | www.panjabdigilib.org

ਵਲ ਵਧਿਆ।§ ਮਹਾਰਾਜਾ ਅਮਰ ਸਿੰਘ ਨੇ ਆਪਣਾ ਖਜ਼ਾਨਾ ਆਦਿਕ ਬਠਿੰਡੇ ਵਲ ਭੇਜ ਦਿਤਾ ਅਤੇ ਟਾਕਰੇ ਦੀ ਲੋੜ ਨੂੰ ਅਨਭਵ ਕਰਕੇ ਫ਼ੌਜ ਭਰਤੀ ਕਰਨੀ ਅਰੰਭ ਕਰ ਦਿਤੀ। ਇਸ ਭਰਤੀ ਵਿਚ ਸਹਾਇਤਾ ਕਰਨ ਲਈ ਸਰਦਾਰ, ਗੁਰਦਾਸ ਸਿੰਘ ਕਾਲੇ ਕੇ ਨੇ ਸਰਕਾਰ ਪਟਿਆਲਾ ਪਾਸੋਂ ਆਗਿਆ ਮੰਗੀ, ਜਿਸ ਦੀ ਪ੍ਰਵਾਨਗੀ ਦਿਤੀ ਗਈ। ਸਰਦਾਰ ਗੁਰਦਾਸ ਸਿੰਘ ਅਤੇ ਕਵਰ ਹਿੰਮਤ ਸਿੰਘ ਦਾ ਭਟੀਆਂ ਦੇ ਜੰਗ ਸਮੇਂ ਪ੍ਰਸਪਰ ਚੰਗਾ ਡੂੰਘਾ ਵਾਸਤਾ ਪੈ ਚੁਕਿਆ ਸੀ ਅਤੇ ਕੁਝ ਚਿਰ ਤਕ ਬਠਿੰਡਾ ਇਕਠੇ ਭੀ ਰਹੇ ਸਨ। ਸਰਦਾਰ ਗੁਰਦਾਸ ਸਿੰਘ ਇਸ ਵੇਲੇ ਬਠਿੰਡੇ ਦੇ ਕਿਲੇ ਦਾ ਥਾਣੇਦਾਰ ਸੀ। ਸਰਕਾਰ ਦੀ ਆਗਿਆ ਲੈਣ ਮਗਰੋਂ ਇਹ ਝਟ ਬਠਿੰਡੇ ਤੋਂ ਪਟਿਆਲੇ ਪੁਜਾ। ਮਹਾਰਾਜਾ ਅਮਰ ਸਿੰਘ ਭਰਤੀ ਕਰਨ ਲਈ ਸੁਨਾਮ ਵਲ ਗਏ ਹੋਏ ਸਨ। ਕਵਰ ਹਿੰਮਤ ਸਿੰਘ ਨੇ ਇਸ ਗ਼ੈਰ-ਹਾਜ਼ਰੀ ਤੋਂ ਲਾਭ ਉਠਾ ਕੇ ਸ੍ਰ: ਗੁਰਦਾਸ ਸਿੰਘ ਦੀ ਸਹਾਇਤਾ ਨਾਲ ਪਟਿਆਲੇ ਦੇ ਕਿਲੇ ਤੇ ਕਬਜ਼ਾ ਆਣ ਕੀਤਾ। ਸਮਾ ਤਾੜ ਕੇ ਇਰਦ ਗਿਰਦ ਦੇ ਰਹੀਸ ਅਤੇ ਹੋਰ ਸਰਦਾਰ ਭੀ ਧੜੇ ਬੰਦੀਆਂ ਵਿਚ ਸ਼ਾਮਲ ਹੋ ਗਏ। ਰਾਜ ਰੌਲਾ ਪੈ ਜਾਣ ਦਾ ਅਧਕ ਡਰ ਹੋ ਗਿਆ। ਝਗੜੇ ਦੀ ਸਮਾਪਤੀ ਲਈ ਅੰਤ ਵਿਚ ਪ੍ਰਸਪਰ ਸਮਝੋਤਾ ਕਰਾ ਗਿਆ, ਜਿਸ ਅਨਸਾਰ ਮਹਾਰਾਜਾ ਅਮਰ ਸਿੰਘ ਨੇ ਕਵਰ ਹਿੰਮਤ ਸਿੰਘ ਨੂੰ ਦਿੜਬਾ ਦੇ ਪ੍ਰਗਨੇ ੨੫ ਪਿੰਡ ਅਤੇ ਕਿਲਾ ਸਮਾਂਨਾ ਰਹਿਣ ਲਈ ਦੇ ਦਿਤਾ ਅਤੇ ਇਸ ਦੇ

§ਪੰਜਾਬ ਰਾਜਸ ਪੰਨਾ ੫੬।

ਸਾਰੇ ਸਹਾਇਕ ਨੂੰ ਭੀ ਮੁਆਫ਼ ਕਰ ਦਿਤਾ । ਭਾਵੇਂ ਸਰਦਾਰ ਗੁਰਦਾਸ ਸਿੰਘ ਅਤੇ ਹੋਰ ਸਰਦਾਰ ਜੋ ਆਪੋ ਆਪਣੇ ਲਾਲਚ ਦੇ ਅਧੀਨ ਹੋਕੇ ਇਸ ਸਾਜ਼ਸ਼ ਵਿਚ ਸ਼ਾਮਲ ਹੋਏ ਸਨ, ਤਕੜੇ ਡਡ ਦੇ ਭਾਗੀ ਸਨ । ਇਸ ਸਮਝੌਤੇ ਵਿਚ ਭੀ ਮਹਾਰਾਂਣੀ ਫਤੋ ਦਾ ਹਥ ਸੀ । ਇਸ ਪ੍ਰਸੰਗ ੧੭੭੧-੭੨ ਈ: ਦਾ ਹੈ ।

## (੧੧) ਮਹਾਰਾਣੀ ਫੱਤੋ ਦਾ ਸੁਰਗਬਾਸ ਹੋਣਾ

੧੭੭੩ ਈ: ਵਿਚ ਬੋੜਾ ਚਿਰ ਬੀਮਾਰ ਰਹਿਕੇ ਮਹਾ-ਰਾਣੀ ਫਤੋ ਸ਼ਹਿਰ ਪਟਿਆਲੇ ਵਿਚ ਸੁਰਗਬਾਸ ਹੋ ਗਏ । ਇਨ੍ਹਾਂ ਦੀ ਸਮਾਧ ਸ਼ਾਹੀ ਸਮਾਧਾਂ ਵਿਚ ਉਨ੍ਹਾਂ ਦੇ ਪਤੀ ਮਹਾਰਾਜਾ ਆਲਾ ਸਿੰਘ ਦੀ ਸਮਾਧ ਦੇ ਲਾਗੇ ਹੀ ਬਣੀ ਹੋਈ ਹੈ । ਮਹਾ-ਰਾਜਾ ਅਮਰ ਸਿੰਘ ਨੇ ਇਸ ਸਮੇਂ ਲਗ ਪਗ ਦੋ ਲਖ ਰੁਪਿਆ ਗ਼ਰੀਬਾਂ ਨੂੰ ਦਾਨ ਕਰ ਦਿਤਾ ।

## (੧੨) ਮਹਾਰਾਣੀ ਫੱਤੋ ਦੀ ਔਲਾਦ

ਮਹਾਰਾਣੀ ਫਤੋ ਦੀ ਕੁਖ ਤੋਂ ਮਹਾਰਾਜਾ ਆਲਾ ਸਿੰਘ ਦੇ ਤਿੰਨ ਸਪੁਤ੍ਰ ਅਤੇ ਇਕ ਸਪੁਤ੍ਰੀ ਪੈਦਾ ਹੋਈ ।

(੧) ਸਭ ਤੋਂ ਵਡਾ ਪੁਤਰ ਕੰਵਰ ਸਰਦੂਲ ਸਿੰਘ ਸੀ ਜਿਸ ਦਾ ਜਨਮ ੧੭੧੫ ਈ: ਵਿਚ ਹੋਇਆ § । ਇਸ ਦੀਆਂ ਦੋ ਸ਼ਾਦੀਆਂ ਸਨ ।

(ੳ) ਭੀਖੀ ਦੇ ਚੌਧਰੀ ਸੂਰਜ ਮਲ ਦੀ ਪੁਤਰੀ ਹੁਕਮਾ ਨਾਲ ੧੭੨੭ ਈ: ਮੁਤਾਬਿਕ ਵਿਸਾਖ ਵਦੀ ੪

§ਪਕੀ ਤਰੀਕ ਜੇਠ ਵਦੀ ੧੧ ਸੰਮਤ ੧੭੭੨ ਬਿ: ਹੈ ।

Digitized by Panjab Digital Library | www.panjabdigilib.org

ਸੰ: ੧੭੪੮ ਬਿ: ਵਿਚ ਪਹਿਲਾਂ ਵਿਆਹ ਹੋਇਆ, ਜਿਸ ਦੀ ਕੁਖ ਤੋਂ ਮਹਾਰਾਜਾ ਅਮਰ ਸਿੰਘ ਦਾ ਜਨਮ ੧੭੮੪ ਈ: ਵਿਚ ਹੋਇਆ ਜੋ ਮਹਾਰਾਜਾ ਆਲਾ ਸਿੰਘ ਦੇ ਸੁਰਗਬਾਸ ਹੋਣ ਮਗਰੋਂ ਪਟਿਆਲਾ ਰਾਜ ਗਦੀ ਦੇ ਮਾਲਕ ਬਣੇ। ਮਾਈ ਹੁਕਮਾ ਨੇ ਮਹਾਰਾਜਾ ਸਾਹਿਬ ਸਿੰਘ ਜੋ ਇਆਣਪੁਰ ਵਿਚ ਰਿਆਸਤ ਦਾ ਰਾਜ ਪ੍ਰਬੰਧ ਦੀਵਾਨ ਨਾਨੂੰ ਮਲ ਨੂੰ ਸਹਾਇਤਾ ਦੇ ਕੇ ਚੰਗੀ ਤਰਾਂ ਸੰਭਾਲ ਲਿਆ। ੧੭੪੮ ਈ: ਵਿਚ ਇਹ ਨਾਨੂੰ ਮਲ ਦੇ ਜਖਮੀ ਹੋਣ ਸਮੇਂ ਮੂਲੇਪੁਰ ਗਏ, ਦੀਵਾਨ ਦੇ ਜਖਮਾਂ ਨੂੰ ਦੇਖ ਕੇ ਗਸ਼ੀ ਖਾ ਕ ਡਿਗ ਪਏ ਅਤੇ ਇਥੇ ਹੀ ਸਰੀਰ ਤ੍ਰਿਆਗ ਗਏ। ਕੰਵਰ ਸਰਦੂਲ ਸਿੰਘ ਦੇ ਸੁਰਗਬਾਸ ਹੋਣ ਮਗਰੋਂ ਮਹਾਰਾਜਾ ਆਲਾ ਸਿੰਘ ਨੇ ਮਾਈ ਹੁਕਮਾ ਦੇ ਨਾਉਂ ੧੬੧੦੦) ਰੁਪਏ ਸਾਲਾਨਾ ਦੀ ਜਗੀਰ ਲੈ ਦਿਤੀ ਸੀ ਜਿਸ ਨੂੰ ਇਹ ਆਪਣੇ ਅੰਤਲੇ ਦਮਾਂ ਤਕ ਵਰਤਦੇ ਰਹੇ।

(ਅ) ਕੰਵਰ ਸਰਦੂਲ ਸਿੰਘ ਦੀ ਦੂਸਰੀ ਸ਼ਾਦੀ ਰਲੇ ਪਿੰਡ ਦੇ ਚੌਧਰੀ ਹੈਬਤ ਚਾਹਲ ਦੀ ਪੁਤਰੀ ਰੇਸਾ ਨਾਲ ੧੭੩੧ ਈ: ਵਿਚ ਹੋਈ, ਜਿਸ ਦੀ ਕੁਖ ਤੋਂ ਕੰਵਰ ਹਿੰਮਤ ਸਿੰਘ ਦਾ ਜਨਮ ਹੋਇਆ। ਕੰਵਰ ਸਰਦੂਲ ਸਿੰਘ ਦੇ ਸੁਰਗਬਾਸ ਹੋਣ ਮਗਰੋਂ ਇਹ ਆਪਣੇ ਪੁਤਰ ਕੰਵਰ ਹਿੰਮਤ ਸਿੰਘ ਨਾਲ ਪਿੰਡ ਹੰਡਿਕਾਏ ਰਹਿੰਦਾ ਰਹੇ। ਮਹਾਰਾਜਾ ਆਲਾ ਸਿੰਘ ਨੇ ਇਸ ਮਾਈ ਰੇਸਾ ਦੇ ਨਾਉਂ ੯੨੦੦) ਸਾਲਾਨਾ ਦੀ ਜਾਗੀਰ ਲਗਵਾ ਦਿਤੀ ਸੀ।

ਕੰਵਰ ਸਰਦੂਲ ਬਹੁਤ ਬਹਾਦਰ ਅਤੇ ਦਲੇਰ ਸੀ। ਇਸ ਨੇ ਪਟਿਆਲਾ ਰਾਜ ਵਧਾਉਣ ਵਿਚ ਮਹਾਰਾਜਾ

Digitized by Panjab Digital Library | www.panjabdigilib.org

ਆਲਾ ਸਿੰਘ ਦਾ ਚੰਗਾ ਹਥ ਵਟਾਇਆ। ਨੀਮੇ ਦਾ ਪ੍ਰਗਣਾ ਇਸ ਨੇ ਹੀ ਜਿਤ ਕੇ ਪਟਿਆਲਾ ਰਾਜ ਵਿਚ ਸ਼ਾਮਲ ਕੀਤਾ। ਇਹ ਬਰਨਾਲੇ ੧੭੫੩ ਈ: ਵਿਚ ਮਹਾਰਾਜਾ ਆਲਾ ਸਿੰਘ ਦੇ ਜੀਵਨ ਵਿਚ ਸਰੀਰ ਤਿਆਗ ਗਿਆ। ਇਸ ਦਾ ਖਾਲਸਾ ਦਲ ਨਾਲ ਬਹੁਤ ਪ੍ਰੇਮ ਸੀ ਅਤੇ ਬਹੁਤ ਵਾਰੀ ਇਹ ਦਲ ਦੇ ਸਾਰ ਵਿਚ ਰਲਦਾ ਰਿਹਾ। ਮਹਾਰਾਜਾ ਆਲਾ ਸਿੰਘ ਦੇ ਸੁਰਗ-ਬਾਸ ਹੋਣ ਮਗਰੋਂ ਇਸ ਦਾ ਪੁਤਰ ਮਹਾਰਾਜਾ ਅਮਰ ਸਿੰਘ ਪਟਿਆਲਾ ਰਾਜ ਸਿੰਘਾਸਨ ਤੇ ਬਰਾਜਮਾਨ ਹੋਇਆ।

(੨) ਮਹਾਰਾਣੀ ਫਤੋ ਦੀ ਕੁਖ ਤੋਂ ਮਹਾਰਾਜਾ ਆਲਾ ਸਿੰਘ ਦਾ ਦੂਸਰਾ ਪੁਤ੍ਰ ਕੰਵਰ ਭੂਮੀਆ ਸਿੰਘ ਸੀ। ਇਸ ਦਾ ਜਨਮ ਬਰਨਾਲੇ ੧੭੨੧ ਈ: ਦੇ ਅਰੰਭ ਵਿਚ ਹੋਇਆ। ਇਨ੍ਹਾਂ ਕੰਵਰ ਹੋਰਾਂ ਦਾ ਵਿਆਹ ਮਾਨਸਾ ਦੇ ਚੌਧਰੀ ਬਖਤਾ (ਸੁ: ਲਛੂ ਸਿੰਘ) ਦੀ ਪੁਤ੍ਰੀ ਸ਼ਾਹਜ਼ਾਦੀ ਨਾਲ ਹੋਇਆ। § ਇਸ ਦੀ ਕੁਖ ਤੋਂ ਇਕੋ ਹੀ ਪੁਤ੍ਰੀ ਬੀਬੀ ਰਾਜਿੰਦਰਾ ੧੭੩੯ ਈ: ਵਿਚ ਪੈਦਾ ਹੋਈ। ਕੰਵਰ ਭੂਮੀਆਂ ਸਿੰਘ ਜਵਾਨ ਉਮਰ ਵਿਚ ਹੀ ੧੭੪੭ ਈ: ਵਿਚ ਬਰਨਾਲੇ ਸਰੀਰ ਤਿਆਗ ਗਿਆ ਸੀ ਜਿਸ ਦਾ ਮਹਾਰਾਜਾ ਆਲਾ ਸਿੰਘ ਦੇ ਦਿਲ ਤੇ ਇਥੋਂ ਤਕ ਅਸਰ ਹੋਇਆ

---

§ਤਵਾਰੀਖ ਸਿਧੂ ਬੈਰਾੜ ਦੇ ਖ਼ਾਨਦਾਨ ਫੂਲ ਦਾ ਕਰਤਾ, ਪੰਨਾ ੧੨੭ ਤੇ ਇਹ ਸ਼ਾਦੀ ਪਿੰਡ ਮਾਨਸਾ ਸੁ: ਮਾਨ ਸਿੰਘ, ਮਾਨ ਸ਼ਾਹੀਏ ਦੀ ਪੁਤ੍ਰੀ ਰੂਪ ਕੌਰ ਨਾਲ ਹੋਣਾ ਲਿਖਦਾ ਹੈ।

Digitized by Panjab Digital Library | www.panjabdigilib.org

ਕਿ ਰਾਜ ਦਾ ਕੰਮ ਭੀ ਛੇਡ ਬੈਠੇ ਸਨ। ਇਸ ਸਮੇਂ ਸੁਨਾਮ ਵਾਲੇ ਭਾਗੀ ਚਰਨ ਦਾਸ ਅਤੇ ਭਗੂ ਵਾਸੀ ਭਾਈ ਦਿਆਲ ਸਿੰਘ ਦੇ ਉਪਦੇਸ਼ਾਂ ਨਾਲ ਹੀ ਮਹਾਰਾਜਾ ਆਲਾ ਸਿੰਘ ਮੁੜ ਰਾਜ ਕਾਇਮੀ ਦੇ ਆਹਰ ਵਿਚ ਲਗੇ। ਕਵਰ ਹੋਰਾਂ ਦੇ ਸੁਵਰਗਬਾਸ ਹੋਣ ਮਗਰੋਂ ਮਾਈ ਸ਼ਾਹਜ਼ਾਦੀ ਨੂੰ ਮਹਾਰਾਜਾ ਆਲਾ ਸਿੰਘ ਨੇ ੬੦੦੦) ਰੁਪੈ ਸਲਾਨਾ ਦੀ ਜਾਗੀਰ ਦਿਤੀ ਜਿਸ ਤੋਂ ਇਹ ਆਪਣੀ ਜ਼ਿੰਦਜੀ ਭਰ ਲਾਭ ਉਠਾਉਂਦੀ ਰਹੀ।

(੩) ਮਹਾਰਾਣੀ ਫਤੋ ਦੀ ਕੁਖ ਤੋਂ ਤੀਸਰਾ ਪੁਤਰ ਕਵਰ ਲਾਲ ਸਿੰਘ ਸੀ ਜਿਸ ਦਾ ਜਮਨ ੧੭੨੩ ਈ: ਵਿਚ ਹੋਇਆ। ਇਸ ਦੀ ਸ਼ਾਦੀ ਮਹਾਰਾਜਾ ਆਲਾ ਸਿੰਘ ਨੇ ਰੋੜੀ ( ਰਕੜੀ ) ਪਿੰਡ ਚੌਧਰੀ ਕੇਵਲ ਸਿੰਘ ( ਸੁਜਾਨਾ ) ਦੀ ਪੁਤਰੀ ਭਾਗਾ ਨਾਲ ੧੭੩੬ ਈ: ਵਿਚ ਕੀਤੀ। ਇਸ ਦੇ ਕੋਈ ਔਲਾਦ ਨਹੀਂ ਹੋਈ। ਇਹ ਕਵਰ ਬਹੁਤ ਬਹਾਦਰ ਸੀ। ਮੂਨਕ ਦਾ ਇਲਾਕਾ ਇਸ ਨੇ ਹੀ ਆਪਣੀ ਹਿੰਮਤ ਨਾਲ ਜਿਤਿਆ ਸੀ ਜਿਸ ਤੇ ਖੁਸ਼ ਹੋ ਕੇ ਮਹਾਰਾਜਾ ਆਲਾ ਸਿੰਘ ਨੇ ਇਸ ਇਲਾਕੇ ਦਾ ਪ੍ਰਬੰਧ ਇਨ੍ਹਾਂ ਹੀ ਕਵਰ ਹੋਰਾਂ ਦੇ ਸਪੁਰਦ ਕਰ ਦਿਤਾ। ਇਹ ੨੫ ਸਾਲ ਦੀ ਆਯੂ ਵਿਚ ੧੭੪੮ ਈ: ਵਿਚ ਹੀ ਸਰੀਰ ਤਿਆਗ ਗਏ। ਮਹਾਰਾਜਾ ਆਲਾ ਸਿੰਘ ਨੇ ਇਸਦੇ ਘਰ ਵਾਲੀ ਮਾਈ ਭਾਗਾਂ ਦੇ ਨਾਉਂ ੩੬੦੦) ਰੁਪਏ ਸਲਾਨਾ ਦੀ ਜਾਗੀਰ ਲਾ ਦਿਤੀ ਜੋ ਇਸਦੇ ਕਬਜ਼ੇ ਵਿਚ ਇਸ ਦੇ ਸਰੀਰ ਤਿਆਗਣ ਤਕ ਰਹੀ।

Digitized by Panjab Digital Library | www.panjabdigilib.org

(੪) ਮਹਾਰਾਣੀ ਫੱਤੋ ਦੀ ਕੁਖ ਤੋਂ ਮਹਾਰਾਜਾ ਆਲਾ ਸਿੰਘ ਦੀ ਇਕੋ ਹੀ ਪੁਤਰੀ ਬੀਬੀ ਪ੍ਰਧਾਨ ਸਨ, ਜਿਨ੍ਹਾਂ ਦਾ ਪ੍ਰਸੰਗ ਅਗੇ ਅਵੇਗਾ।

## (੧੩) ਮਹਾਰਾਣੀ ਫੱਤੋ ਦੇ ਸੁਭਾਉ ਗੁਣ ਅਤੇ ਯਾਦਗਾਰਾਂ

ਮਹਾਰਾਣੀ ਫੱਤੋ ਬਹੁਤ ਧੀਰਜਵਾਨ ਅਤੇ ਰਾਜਨੀਤੀ ਤੋਂ ਜਾਣੂ ਸਨ। ਇਨ੍ਹਾਂ ਨੇ ਅਕਲਮੰਦੀ ਨਾਲ ਮਹਾਰਾਜਾ ਆਲਾ ਸਿੰਘ ਨੂੰ ਅਲੀ ਮੁਹਮਦ ਖਾਂ ਚਕਲੇ ਦਾਰ ਸਰਹੰਦ ਦੀ ਕੈਦ ਤੋਂ ਛੁਡਾਇਆ ਅਤੇ ਮਹਾਰਾਜਾ ਅਮਰ ਸਿੰਘ ਦੇ ਸਮੇਂ ਪਟਿਆਲਾ ਰਾਜ ਨੂੰ ਗੜ ਬੜ ਤੋਂ ਬਚਾਇਆ।

ਮਹਾਰਾਣੀ ਫੱਤੋ ਇਕ ਸੇਵਾ ਦਾ ਗੁਣ ਇਆਣਪੁਣੇ ਤੋਂ ਭੁਰਨਾਂ ਅਰੰਭ ਕੀਤਾ ਗਿਆ ਸੀ। ਵਡੇ ਹੋਣ ਨਾਲ ਇਹ ਗੁਣ ਘਟਿਆ ਨਹੀਂ ਸਗੋਂ ਵਧਦਾ ਹੀ ਗਿਆ। ਖਾਲਸਾ ਦਲ ਦੀ ਸੇਵਾ ਇਹ ਆਪਣੇ ਹਥੀਂ ਕਰਾਇਆ ਕਰਦੇ ਸਨ। ਸੇਵਾ ਅਤੇ ਧੀਰਜ ਦੇ ਦੋ ਗੁਣ ਇਕਠੇ ਹੋ ਜਾਣ ਕਰਕੇ ਇਹ ਵਧੀਕ ਮਾਨ ਯੋਗ ਹੈ। ਬਰਨਾਲੇ ਦੇ ਲੰਗਰ ਸਮੇਂ ਇਕ ਨਿਹੰਗ ਦਾ ਗਰਮ ੨ ਦਾਲਾਂ ਇਨ੍ਹਾ ਦੇ ਸਿਰ ਤੇ ਪਾਉਣਾ ਅਤੇ ਇਨ੍ਹਾਂ ਦੇ ਧੀਰਜ ਨਾਲ ਸਹਾਰਨ ਜੀ ਮਸਾਲ ਹੁਣ ਤਕ ਪ੍ਰਸਿਧ ਹੈ। ਲੋਗੋਂਵਾਲ ਅਤੇ ਬਰਨਾਲੇ ਦੇ ਚੁਲ੍ਹੇ ਇਨ੍ਹਾਂ ਦੇ ਸੇਵਾ ਕਰਨ ਦੀਆਂ ਯਾਦਗਾਰਾਂ ਹੁਣ ਤਕ ਮੌਜੂਦ ਹਨ, ਜਿਨ੍ਹਾਂ ਦੀ ਮਾਨਤਾਂ ਹੁਣ ਤੀਕ ਕੀਤੀ ਜਾਂਦੀ ਹੈ।

ਮਹੰਤ ਟੇਕ ਸਿੰਘ ਦੇ ਪ੍ਰਬੰਧ ਸਮੇਂ ਇਨ੍ਹਾਂ ਨੇ ਇਕ

Digitized by Panjab Digital Library | www.panjabdigilib.org

ਖੂਹ: ਸ੍ਰੀ ਗੁਰੂ ਗ੍ਰੰਥ ਸਾਹਿਬ ਅਸਥਾਨ ਅਤੇ ਇਕ ਬਾਰਾਂਦਰੀ ਅੰਮ੍ਰਿਤਸਰ ਮਲਵਾਈ ਬੁੰਗੇ ਵਾਲੀ ਜਗਾ ਵਿਚ ਬਣਾਵਾਈ ਸੀ‡ ਜੋ ਇਨ੍ਹਾਂ ਦਾ ਦਾਨੀ ਹੋਣ ਦਾ ਸਬੂਤ ਹਨ।

ਮੁਕਦੀ ਗਲ ਇਹ ਹੈ ਕਿ ਸ਼ਾਂਤੀ ਧਰਜ ਅਤੇ ਸੇਵਾ ਦੇ ਗੁਣ ਤੋਂ ਵਖਰਾ ਮਹਾਰਾਣੀ ਫਤੋ ਸਿਆਣਪ ਤੇ ਰਾਜਨੀਤੀ ਤੋਂ ਜਾਨੂ ਇਸਤ੍ਰੀ ਸਨ§ ਅਤੇ ਸਚ ਮੁਚ ਇਨ੍ਹਾਂ ਦੀ ਸਹਾਇਤਾ ਤੋਂ ਬਿਨਾਂ ਮਹਾਰਾਜਾ ਆਲਾ ਸਿੰਘ ਇਨ੍ਹਾਂ ਵਡਾ ਰਾਜ ਕਾਇਮ ਨਹੀਂ ਕਰ ਸਕਦੇ ਸਨ।

## (੪) ਮਹਾਰਾਣੀ ਫੱਤੋ ਦੇ ਸੰਬਧੀ ਅਤੇ ਰਾਜ ਪਟਿਆਲਾ

ਸਰਦਾਰ ਗੁਰਬਖ਼ਸ਼ ਸਿੰਘ ਕਾਲੇਕਾ ਮਹਾਰਾਜਾ ਆਲਾ ਸਿੰਘ ਦੇ ਸਮੇਂ ਇਕ ਪ੍ਰਸਿਧ ਸਰਦਾਰ ਹੋਇਆ ਹੈ ਜਿਸ ਨੇ ਪਰਗਨਾ ਸਨੌਰ (ਪ੍ਰਸਿਧ ਚੌਰਾਸੀ ਪ੍ਰਗਣਾ) ਜਿਤ ਕੇ ੧੭੫੨ ਈ: ਵਿਚ ਪਟਿਆਲਾ ਸ਼ਹਿਰ ਵਿਚ ਸ਼ਾਮਲ ਕੀਤਾ। ਇਸ ਇਲਾਕੇ ਵਿਚ ਹੀ ਪਟੀ ਨਾਮ ਦਾ ਇਕ ਛੋਟਾ ਜਿਹਾ ਪਿੰਡ ਸੀ ਜਿਥੇ ਇਕ ਕਚੀ ਗੜ੍ਹੀ ਦੀ ਨੀਂਹ ਰਖੀ ਗਈ ਜੋ ਪਿਛੋ ਖ਼ਾਸ ਸ਼ਹਿਰ ਪਟਿਆਲਾ ਦੇ ਨਾਮ ਨਾਲ ਪ੍ਰਸਿਧ ਹੋਈ ਇਹ

---

‡ਫੈਸਲਾ ਸਿਖ ਟਰੀਬਯੂਨਲ ਮੁਤਾਬਿਕ ਮਲਵਾਈ ਬੁੰਗਾ ਅੰਮ੍ਰਿਤਸਰ।

§ ਰਾਜਾਇ ਰਾਜਗਾਨ ਮਹਾਰਾਜਾ ਅਮਰ ਸਿੰਘ ਕ੍ਰਿਤ ਸਰਦਾਰ ਨਾਹਰ ਸਿੰਘ ਪੰਨਾ ੯।

Digitized by Panjab Digital Library | www.panjabdigilib.org

ਕਚੀ ਗੜ੍ਹੀ ਅਜ ਕਲ ਦੇ 'ਮੋਦੀਆਂ ਦੇ ਘੇਰ, ਵਾਲੀ ਜਗਾ ਵਿਚ ਬਣਾਈ ਗਈ ਸੀ ਜੋ ਸ਼ੇਰਾਂ ਵਾਲੇ ਦਰਵਾਜ਼ੇ ਦੇ ਥੋੜੀ ਦੂਰ ਸ਼ਹਿਰ ਪਟਿਆਲਾ ਦੇ ਅੰਦਰ ਹੀ ਹੈ।

ਕਾਲੇਕਿਆਂ ਦਾ ਮਹਾਰਾਜਾ ਆਲਾ ਸਿੰਘ ਨੂੰ ਸੁਨਾਮ ਦੇ ਕਿਲੇ ਦੀ ਕੈਦ ਦੇ ਵਿਚੋਂ ਛੁਡਾਉਣ ਵਿਚ ਖਾਸ ਹਿਸਾ ਸੀ, ਇਸ ਤੋਂ ਬਿਨਾ ਕਾਲੇਕਿਆਂ ਨੇ ਸੁਨਾਮ ਦੇ ਇਰਦ ਗਿਰਦ ਬਹੁਤ ਪਿੰਡ ਸਵਾਏ ਜਿਸ ਕਰਕੇ ਪਟਿਆਲਾ ਰਾਜ ਨੂੰ ਇਸ ਪਾਸੇ ਵਧਨ ਵਿਚ ਖਾਸ ਸਹਾਇਤਾ ਪੁਜੀ।

ਮਹਾਰਾਜਾ ਅਮਰ ਸਿੰਘ ਦੇ ਸਮੇਂ ਸਰਦਾਰ ਗੁਰਦਾਸ ਸਿੰਘ ਪਟਿਆਲੇ ਦੇ ਪ੍ਰਸਿਧ ਸਰਦਾਰਾਂ ਵਿਚੋਂ ਸਨ ਜਿਸ ਨੇ ਭਟੀਆਂ ਦੇ ਜੰਗ ਵਿਚ ਚੰਗੇ ਹਥ ਵਖਾਏ। ਸ੍ਰਕਾਰ ਪਟਿਆਲਾ ਨੇ ਇਸ ਨੂੰ ਬਠਿੰਡੇ ਦੀ ਕਿਲੇਦਾਰ ਨਯਤ ਕਰ ਦਿਤਾ।

ਮਹਾਰਾਜ ਸਾਹਿਬ ਸਿੰਘ ਦੇ ਸਮੇਂ ਸਰਦਾਰ ਅਲਬੇਲ ਸਿੰਘ ਇਕ ਮੰਨਿਆ ਹੋਇਆ ਐਹਲਕਾਰ ਸੀ ਜੋ ਵਜ਼ੀਰ ਭੀ ਬਣਾਇਆ ਗਿਆ। ਮੁਕਦੀ ਗਲ ਇਹ ਹੈ ਕਿ ਖਾਨਦਾਨ ਕਾਲੇਕਿਆਂ ਦਾ ਪਟਿਆਲਾ ਰਾਜ ਕਾਇਮੀ ਤੋਂ ਲੈਕੇ ਅਜ ਤਕ ਰਿਆਸਤ ਦੇ ਰਾਜ ਪ੍ਰਬੰਧ ਵਿਚ ਚੋਖਾ ਹਿਸਾ ਰਿਹਾ।

Digitized by Panjab Digital Library | www.panjabdigilib.org

ਕਾਂਡ

# ਬੀਬੀ ਪ੍ਰਧਾਨ ਜੀ

## ੧. ਬੀਬੀ ਪ੍ਰਧਾਨ ਦਾ ਜਨਮ

ਇਹ ਮਹਾਰਾਣੀ ਫਤੋ ਦੀ ਕੁਖ ਤੋਂ ਮਹਾਰਾਜਾ ਆਲਾ ਸਿੰਘ ਦੀ ਪੁਤਰੀ ਸੀ, ਜਿਨ੍ਹਾਂ ਦਾ ਜਨਮ ਪਿੰਡ ਭਦੌੜ ਲਗ ਪਗ ੧੭੭੮ ਬਿ: ਵਿਚ ਹੋਇਆ। ਬੀਬੀ ਪ੍ਰਧਾਨ ਉਮਰ ਵਿਚ ਕਵਰ ਸਰਦੂਲ ਸਿੰਘ ਤੋਂ ਛੋਟੇ ਅਤੇ ਭੂਮੀਆਂ ਸਿੰਘ ਤੋਂ ਵਡੇ ਸਨ।

## ੨. ਬੀਬੀ ਪ੍ਰਧਾਨ ਦੀ ਸ਼ਾਦੀ

ਬੀਬੀ ਪ੍ਰਧਾਨ ਦਾਸਾਕ ਇਨ੍ਹਾਂ ਦੀ ਭੂਆ ਰਾਮ ਕੌਰ ਲੈ ਗਈ ਸੀ ਜੋ ਬਾਬਾ ਬੁਢਾ ਜੀ ਦੇ ਖ਼ਾਨਦਾਨ ਵਿਚ ਸ੍ਰ: ਧੰਨਾਂ ਸਿੰਘ ਨਾਲ ਪਿੰਡ ਰਾਮਦਾਸ ਜ਼ਿਲਾ ਅੰਮ੍ਰਿਤਸਰ ਵਿਚ ਵਿਆਹੀ ਹੋਈ ਸੀ ਇਨ੍ਹਾਂ ਦੀ ਸ਼ਾਦੀ ਇਸ ਰੰਧਾਵਾ ਖ਼ਾਨਦਾਨ ਵਿਚ ਸ੍ਰ: ਸ਼ਾਮ ਸਿੰਘ ਨਾਲ ਹੋਈ। ਬੀਬੀ ਰਾਮ ਕੌਰ ਦੀ ਔਲਾਦ ਅਜ ਕਲ ਪਿੰਡ ਬੀਲਾ ਰਿਆਸਤ ਪਟਿਆਲਾ ਵਿਚ ਵਸਦੀ ਹੈ *।

*ਤਵਾਰੀਖ ਸਿਧੂ ਬੈਰਾੜ ਤੇ ਖ਼ਾਨਦਾਨ ਫੂਲ ਪੰਨਾ ੧੨੩ ਦੇ ਲਿਖਿਆ ਹੈ ਕਿ ਇਸ ਦੀ ਸ਼ਾਦੀ ਪਿੰਡ ਰਾਮਦਾਸ ਚੌਧਰੀ ਕੌੜੇ ਰੋਮਾਣੇ ਨਾਲ ਹੋਈ। ਇਕ ਨੋਟ ਤੋਂ ਪ੍ਰਤੀਤ ਹੁੰਦਾ ਹੈ ਕਿ———...

Digitized by Panjab Digital Library | www.panjabdigilib.org

# (੩) ਬੀਬੀ ਪ੍ਰਧਾਨ ਦੀ ਔਲਾਦ

ਬੀਬੀ ਪ੍ਰਧਾਨ ਦੀ ਕੁਖ ਤੋਂ ਇਕ ਪੁਤ੍ਰ ਹੋਇਆ ਸੀ ਜੋ ਛੋਟੀ ਉਮਰ ਵਿਚ ਹੀ ਗੁਰਪੁਰੀ ਸੁਧਾਰ ਗਿਆ। ਇਸ ਦੇ ਥੋੜ੍ਹਾ ਚਿਰ ਮਗਰੋਂ ਸ੍ਰ: ਸ਼ਾਮ ਸਿੰਘ ਭੀ ਸਰੀਰ ਤਿਆਗ ਗਏ, ਜਿਸ ਕਰਕੇ ਬੀਬੀ ਪ੍ਰਧਾਨ ਨੂੰ ਆਪਣੇ ਪਿਤਾ ਮਹਾਰਾਜਾ ਆਲਾ ਸਿੰਘ ਪਾਸ ਆਉਣਾ ਪਿਆ ਅਤੇ ਬਾਕੀ ਦੀ ਆਯੂ ਬਰਨਾਲੇ ਹੀ ਬਤੀਤ ਕਰਨੀ ਪਈ।

# ੪. ਬੀਬੀ ਪ੍ਰਧਾਨ ਦਾ ਗੁਜ਼ਾਰਾ

ਮਹਾਰਾਜਾ ਆਲਾ ਸਿੰਘ ਨੂੰ ਸ੍ਰ: ਸ਼ਾਮ ਸਿੰਘ ਜੀ ਦੇ

---

—ਇਸ ਦੀ ਸ਼ਾਦੀ ਬਾਬਾ ਬੁਢਾ ਜੀ ਦੇ ਖਾਨਦਾਨ ਵਿਚ ਪਿੰਡ ਰਾਮਦਾਸ ਸ੍ਰ: ਸ਼ਾਮ ਸਿੰਘ ਨਾਲ ਹੋਈ। ਪਿਛਲੇ ਦੋਨੋਂ ਇਤਿਹਾਸਕਾਰ ਸ਼ਾਦੀ ਦਾ ਹੋਣਾ ਪਿੰਡ ਰਮਦਾਸ ਮੰਨਦੇ ਹਨ ਕੇਵਲ ਵਰ ਦੇ ਨਾਮ ਦਾ ਫ਼ਰਕ ਹੈ। ਬੀਬੀ ਪ੍ਰਧਾਨ ਦੀ ਭੂਆ ਰਾਮ ਕੌਰ ਪਿੰਡ ਰਮਦਾਸ ਸ: ਧੰਨਾ ਸਿੰਘ ਨਾਲ ਵਿਆਹੀ ਹੋਈ ਸੀ। ਬੀਬੀ ਪ੍ਰਧਾਨ ਦੇ ਵਿਆਹ ਦਾ ਰਮਦਾਸ ਪਿੰਡ ਹੋਣਾ ਦਸਦਾ ਹੈ ਕਿ ਇਹ ਸਾਕ ਉਸ ਦੀ ਭੂਆ ਹੀ ਲੈਕੇ ਗਈ ਸੀ। ਇਹ ਭੀ ਆਮ ਰਿਵਾਜ ਹੈ ਕਿ ਇਸ ਪ੍ਰਕਾਰ ਸਾਕ ਆਮ ਤੌਰ ਤੇ ਆਪਣੇ ਨੇੜੇ ਦੇ ਸੰਬੰਧੀਆਂ ਵਿਚ ਹੀ ਹੋਇਆ ਕਰਦੇ ਸਨ। ਇਸ ਵਿਚਾਰ ਨਾਲ ਇਸ ਸ਼ਾਦੀ ਦਾ ਸ: ਸ਼ਾਮ ਸਿੰਘ ਰੰਧਾਵੇ ਨਾਲ ਹੋਣਾ ਠੀਕ ਹੈ ਜਿਸ ਦੀ ਪ੍ਰੋੜ੍ਹਤਾ ਦੂਜੇ ਇਤਿਹਾਸਕਾਰ ਕਰਦੇ ਹਨ। ਇਹ ਪਿੰਡ ਰਮਦਾਸ ਜ਼ਿਲਾ ਅੰਮ੍ਰਿਤਸਰ ਵਿਚ ਹੈ।

Digitized by Panjab Digital Library | www.panjabdigilib.org

ਚੜ੍ਹਾਈ ਕਰ ਜਾਣ ਕਰਕੇ ਬਹੁਤ ਜੱਟ ਵਜੀ। ਮਹਾਰਾਜਾ ਆਲਾ ਸਿੰਘ ਨੇ ਬੀਬੀ ਪ੍ਰਧਾਨ ਦੇ ੩੦੦੦੦) ਸਲਾਨਾ ਦੀ ਜਾਗੀਰ ਲਾ ਦਿਤੀ ਤਾਕਿ ਜ਼ਿੰਦਗੀ ਦੇ ਦਿਨ ਬਤੀਤ ਕਰਨ ਵਿਚ ਕਿਸੇ ਪ੍ਰਕਾਰ ਦੀ ਔਖਿਆਈ ਨਾ ਹੋਵੇ। ਇਸ ਜਗੀਰ ਨੂੰ ਇਹ ਆਪਣੇ ਅੰਤਲੇ ਦਮ ਤਕ ਵਰਤਦੇ ਰਹੇ।

ਬੀਬੀ ਪ੍ਰਧਾਨ ਨੇ ਪਤੀ ਦੇ ਸਰੀਰ ਦੇ ਤਿਆਗਣ ਮਗਰੋਂ ਆਪਣਾ ਧਿਆਨ ਭਜਨ ਪਾਠ ਵਲ ਲਾਉਣਾ ਅਰੰਭ ਕਰ ਦਿਤਾ। ਇਸ ਸਮੇਂ ਕਿਸੇ ਸਿਆਣੇ ਪੁਰਸ਼ ਦੀ ਲੋੜ ਸੀ ਜੋ ਇਸ ਬੀਬੀ ਦੇ ਮਨ ਨੂੰ ਪਰਮਾਰਥ ਵਲ ਜੋੜ ਸਕੇ। ਜ਼ਿਮੇਵਾਰੀ ਦੇ ਸ਼ੁਭ ਕੰਮ ਲਈ ਮਹਾਰਾਜਾ ਆਲਾ ਸਿੰਘ ਜੀ ਨੇ ਭਾਈ ਨਿੱਕਾ ਸਿੰਘ ਕੰਮ ਨੂੰ ਚੁਣਿਆ ਜੋ ਪਿੰਡ ਹਰੀਕਾ ਤਹਿਸੀਲ ਕਸੂਰ ਜ਼ਿਲਾ ਲਾਹੌਰ ਦੇ ਰਹਿਣ ਵਾਲੇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਂਗਰੀ ਹਰੀ ਸਿੰਘ ਦਾ ਸੇਵਕ ਸੀ। ਭਾਈ ਨਿੱਕਾ ਸਿੰਘ ਸੰਸਕ੍ਰਿਤ ਤੋਂ ਜਾਣੂ ਅਤੇ ਗੁਰਬਾਣੀ ਦਾ ਪ੍ਰੇਮੀ ਸੀ ਇਸ ਕਰਕੇ ਇਹ ਬੀਬੀ ਪ੍ਰਧਾਨ ਨੂੰ ਵਿਦਿਆ ਪੜ੍ਹਾਵਨ ਦੇ ਯੋਗ ਸੀ।

## ੮. ਡੇਰਾ ਗਾਂਧਾ ਦਾ ਮੁਢ

ਬੀਬੀ ਪ੍ਰਧਾਨ ਜੋ ਰਿਹਾਇਸ਼ ਬਰਨਾਲੇ ਰਖਿਆ ਕਰਦੇ ਸਨ ਇਸ ਕਰਕੇ ਭਾਈ ਨਿੱਕਾ ਸਿੰਘ ਲਈ ਬਰਨਾਲੇ ਹੀ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ। ਇਸ ਦੇ ਰਹਿਣ ਲਈ ਇਕ ਧਰਮਸ਼ਾਲਾ ਬਣਾਈ ਗਈ ਜੋ ਅਜ ਕਲ ਡੇਰਾ ਬਾਬਾ ਗਾਂਧਾ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੈ। ਬੀਬੀ ਪ੍ਰਧਾਨ

Digitized by Panjab Digital Library | www.panjabdigilib.org

ਪਟਿਆਲੇ ਭੀ ਆਇਆ ਜਾਇਆ ਕਰਦੇ ਸਨ। ਭਾਈ ਨਿਕਾ ਸਿੰਘ ਨੂੰ ਭੀ ਇਥੇ ਆਉਣਾ ਪੈਂਦਾ ਸੀ ਇਸ ਕਰਕੇ ਪਟਿਆਲੇ ਵਿਚ ਭੀ ਇਕ ਧਰਮਸ਼ਾਲਾ ਬਣਵਾਈ ਗਈ, ਜੋ ਡੇਰਾ ਬਾਬਾ ਗਾਂਧਾ ਸਿੰਘ ਦੇ ਨਾਮ ਨਾਲ ਪ੍ਰਸਿਧ ਹੈ।

ਬਰਨਾਲੇ ਦੇ ਡੇਰੇ ਵਿਚ ਜਿਥੇ ਭਾਈ ਨਿਕਾ ਸਿੰਘ ਰਿਹਾ ਕਰਦਾ ਸੀ ਇਕ ਬਾਰਾਂਦਰੀ ਬਣਾਈ ਗਈ। ਇਥੇ ਕਥਾ ਹੋਇਆ ਕਰਦੀ ਸੀ। ਇਹ ਬਾਰਾਂਦਰੀ ਹੁਣ ਤਕ ਮੌਜੂਦ ਹੈ।

ਭਾਈ ਨਿਕਾ ਸਿੰਘ ਬਹੁਤ ਵਿਦਵਾਨ ਅਤੇ ਪ੍ਰਸਿਧ ਪੁਰਸ਼ ਸੀ। ਜਗਰਾਵਾਂ ਰਾਇ ਕੋਟ ਅਤੇ ਮਲੇਰ ਕੋਟਲੇ ਵਿਚ ਭੀ ਇਸ ਦੇ ਨਾਮ ਦੇ ਡੇਰੇ ਕਾਇਮ ਹੋ ਗਏ। ਜਿਨ੍ਹਾਂ ਦੇ ਨਾਮ ਤੇ ਸਥਾਨਕ ਸਰਦਾਰਾਂ ਅਤੇ ਰਹੀਸਾਂ ਵਲੋਂ ਜਾਗੀਰਾਂ ਭੀ ਲਗਾਈਆਂ ਗਈਆਂ ਸਨ। ਭਾਈ ਨਿਕਾ ਸਿੰਘ ਨੇ ਆਪਣੀ ਜਦੀ ਜ਼ਮੀਨ ਜੋ ੨੫੦ ਘੁਮਾਉਂ ਸੀ ਡੇਰੇ ਦੇ ਨਾਉਂ ਲਗਵਾ ਦਿਤੀ ਸੀ।

ਭਾਈ ਨਿਕਾ ਸਿੰਘ ਤੋਂ ਪੰਜਵੀਂ ਪੁਸ਼ਤ ਵਿਚ ਇਸ ਡੇਰੇ ਦਾ ਮਹੰਤ ਗਾਧਾਂ ਸਿੰਘ ਜੀ, ਇਸਨੇ ੧੮੬੧ ਈ ਦੇ ਕਾਲ ਵਿਚ ਗ਼ਰੀਬ ਦੀ ਅੰਨ ਆਦਿਕ ਨਾਲ ਬਹੁਤ ਸਹਾਇਤਾ ਕੀਤੀ। ਇਸ ਨਾਲ ਇਸਦੀ ਮਸ਼ਹੂਰੀ ਬਹੁਤ ਵਧ ਗਈ ਅਤੇ ਡੇਰੇ ਨਾਮ ਡੇਰਾ ਬਾਬਾ ਗਾਂਧਾ ਸਿੰਘ ਪ੍ਰਸਿਧ ਹੋ ਗਿਆ ਜੋ ਹੁਣ ਤਕ ਚਲਿਆ ਆ ਰਿਹਾ ਹੈ।

Digitized by Panjab Digital Library | www.panjabdigilib.org

# ੬. ਬੀਬੀ ਪ੍ਰਧਾਨ ਦੀ ਜਾਗੀਰ ਦਾ ਪ੍ਰਬੰਧ

ਮਹਾਰਾਜਾ ਆਲਾ ਸਿੰਘ ਨੇ ੩੦੦੦੦ ਰੁਪਏ ਸਲਾਨਾ ਦੀ ਜਾਗੀਰ ਬੀਬੀ ਪ੍ਰਧਾਨ ਨੂੰ ਦਿਤੀ ਜਿਸ ਦਾ ਇਨ੍ਹਾਂ ਨੇ ਬਹੁਤ ਧਿਆਨ ਨਾਲ ਪ੍ਰਬੰਧ ਕੀਤਾ। ਇਸਦੀ ਆਮਦਨ ਤੋਂ ਮੁਫ਼ਤ ਲੰਗਰ (ਸਦਾ ਵਰਤ) ਚਲਾਉਂਦੇ ਰਹੇ। ਇਹ ਕੰਮ ਵਿਚ ਇਸਦਾ ਵਡਾ ਸਹਾਇਕ ਪੰਡਤ ਸੁਖਾ ਸਿੰਘ ਨਿਰਮਲਾ ਸੀ। ਬੀਬੀ ਪ੍ਰਧਾਨ ਦੀ ਆਗਿਆ ਨਾਲ ਪੰਡਤ ਸੁਖਾ ਸਿੰਘ ਨੇ ਬਰਨਾਲੇ ਵਿਚ ਇਕ ਸਦਾ ਬਰਤ ਜਾਰੀ ਕੀਤਾ। ਇਸ ਦੇ ਤਿੰਨ ਦਰਜੇ ਰਖੇ ਗਏ ਸਨ।

## ਦਰਜਾ ਪਹਿਲਾ

ਪ੍ਰਮਾਰਥ ਦੇ ਰਸਤੇ ਚਲਣ ਵਾਲੇ ਸੰਤਾਂ ਅਤੇ ਸਾਧੂਆਂ ਲਈ ਸੀ। ਲਗ ਭਗ ੬੦ ਯਾ ੭੦ ਸਾਧੂ ਹਰ ਰੋਜ਼ ਹੀ ਇਸ ਸਦਾ ਵਰਤ ਵਿਚ ਖਾਣਾ ਖਾਇਆ ਕਰਦੇ ਸਨ ਅਤੇ ਚੰਗੀ ਰੌਣਕ ਰਿਹਾ ਕਰਦੀ ਸੀ। ਹਰ ਪ੍ਰਕਾਰ ਦਾ ਅਰਾਮ ਇਨ੍ਹਾਂ ਲੋਕਾਂ ਨੂੰ ਦਿਤਾ ਜਾਣ ਦਾ ਪ੍ਰਬੰਧ ਕੀਤਾ ਗਿਆ ਸੀ। ਇਹ ਸਭ ਕਥਾ ਵਿਚ ਭੀ ਸ਼ਾਮਲ ਹੋਇਆ ਕਰਦੇ ਹਨ।

## ਦਰਜਾ ਦੂਜਾ

ਬੀਬੀ ਪ੍ਰਧਾਨ ਨੇ ਪੰਜਾਬੀ ਅਤੇ ਸੰਸਕ੍ਰਿਤ ਵਿਦਿਆ ਪ੍ਰਚਾਰ ਲਈ ਇਕ ਪਾਠਸ਼ਾਲਾ ਬਣਾਈ ਹੋਈ ਸੀ, ਜਿਸ ਦੇ ਵਿਦਿਆਰਥੀ ਇਸ ਲੰਗਰ ਵਿਚੋਂ ਮੁਫ਼ਤ ਖਾਣਾ ਖਾਇਆ ਕਰਦੇ ਸਨ।

Digitized by Panjab Digital Library | www.panjabdigilib.org

# ਦਰਜਾ ਤੀਸਰਾ

ਇਹ ਸਦਾ ਵਰਤ ਰਹੀਸਾਂ ਅਤੇ ਮੁਸਾਫ਼ਰਾਂ ਲਈ ੨੪ ਘੰਟੇ ਖੁਲਾ ਰਹਿੰਦਾ ਸੀ, ਅਤੇ ਹਰ ਸ਼੍ਰੇਣੀ ਦੇ ਪੁਰਸ਼ ਇਸਤ੍ਰੀਆਂ ਨੂੰ ਇਥੋਂ ਇਕ-ਸਾਰ ਭੋਜਨ ਮਿਲਦਾ ਸੀ।

ਬੀਬੀ ਪ੍ਰਧਾਨ ਨੇ ਲੰਗਰ ਚਲਾਉਣ ਦੀ ਸਿਖਿਆ ਆਪਣੀ ਮਾਤਾਂ ਮਹਾਰਾਣੀ ਫਤੋ ਪਾਸੋਂ ਪ੍ਰਾਪਤੀ ਕੀਤੀ।

## ੭. ਬੀਬੀ ਪ੍ਰਧਾਨ ਦੀ ਵਿਦਿਆ

ਭਾਈ ਨਿਹਾਲ ਸਿੰਘ ਦੇ ਵਿਦਿਆ ਪੜ੍ਹਾਉਣ ਦਾ ਅਸਰ ਇਹ ਹੋਇਆ ਕਿ ਬੀਬੀ ਪ੍ਰਧਾਨ ਪੰਜਾਬੀ ਅਤੇ ਸੰਸਕ੍ਰਿਤ ਦੇ ਇਕ ਚੰਗੇ ਵਿਦਵਾਨ ਬਣ ਗਏ। ਇਨ੍ਹਾਂ ਨੇ ਵਸਿਸ਼ਟ ਪੁਰਾਣੇ ਭਾਸ਼ਾ ਆਪਣੇ ਹਥ ਨਾਲ ਲਿਖਿਆ ਸੀ ਜੋ ਅਜ ਕਲ ਛਪ ਚੁਕਿਆ ਹੈ। ਪਿਛੋਂ ਇਸ ਦਾ ਪੰਜਾਬੀ ਵਿਚ ਉਲਥਾ ਕੀਤਾ ਗਿਆ।

ਬੀਬੀ ਪ੍ਰਧਾਨ ਨੇ ਡੇਰਾ ਬਾਬਾ ਗਾਂਧਾ ਸਿੰਘ ਦੇ ਨਾਉਂ ਖੁਡੀ ਪਿੰਡ ਲਵਾ ਦਿਤਾ ਸੀ। ਕੁਝ ਜ਼ਮੀਨ ਪਟਿਆਲਾ ਬੀੜ ਵਿਚੋਂ ਭੀ ਦਿਤੀ ਗਈ। ਪੋਲੋ ਗਰੌਂਡ ਪਟਿਆਲਾ ਦੇ ਲਾਗੇ ਦਾ ਖੂਹ ਭੀ ਬੀਬੀ ਪ੍ਰਧਾਨ ਨੇ ਪਟਿਆਲਾ ਦੇ ਡੇਰਾ ਬਾਬਾ ਗਾਂਧਾ ਸਿੰਘ ਦੇ ਨਾਉਂ ਲੁਵਾਇਆ ਜਿਸ ਦੇ ਪਿਛੋਂ ਕੁਛ ਅਦਲਾ ਬਦਲੀਆਂ ਹੋਣ ਮਗਰੋਂ ਬਰਨਾਲੇ ਦਾ ਖੂਹ ਦਿਤਾ ਗਿਆ ਇਹ ਸਾਰੀ ਜ਼ਮੀਨ ਜਿਸਦੀ ਸਲਾਨਾ ਆਮਦਨੀ ਲਗ ਭਗ ੬੦੦੦) ਹੈ ਲੰਗਰ ਦੇ ਨਾਮ ਲੁਵਾਈ ਗਈ। ਬੀਬੀ

Digitized by Panjab Digital Library | www.panjabdigilib.org

ਪ੍ਰਧਾਨ ਨੇ ਆਪਣੇ ਵਲੋਂ ਇਕ ਪਟਾ ਭੀ ਲਿਖ ਕੇ ਦਿਤਾ ਜਿਸ ਵਿਚ ਲਿਖਿਆ ਹੋਇਆ ਹੈ ਕਿ ਕੋਈ ਇਸ ਨੂੰ ਬੰਦ ਨਾ ਕਰੇ। ਇਹ ਜਾਗੀਰ ਹੁਣ ਤਕ ਕਾਇਮ ਹੈ।

## ੮. ਬੀਬੀ ਪ੍ਰਧਾਨ ਅਤੇ ਧਰਮ ਸਿੰਘ ਰੰਧਾਵਾ

ਭਾਈ ਧਰਮ ਸਿੰਘ ਰੰਧਾਵਾ ਖਾਲਸਾ ਦਲ ਦੇ ਪ੍ਰਸਿਧ ਜਥੇਦਾਰ ਨਵਾਬ ਕਪੂਰ ਸਿੰਘ ਦਾ ਸੇਵਕ ਅਤੇ ਠੀਕਰੀ ਵਾਲਾ ਰਿਆਸਤ ਪਟਿਆਲਾ ਦੇ ਰਹਿਣ ਵਾਲਾ ਸੀ ਇਸ ਨੇ ਮਹਾਰਾਜਾ ਆਲਾ ਸਿੰਘ ਦੇ ਖਾਲਸਾ ਦਲ ਨਾਲ ਮਿਲਾਪ ਕਰਾਉਣ ਵਿਖੇ ਬਹੁਤ ਸਹਾਇਤਾ ਕੀਤੀ ਅਤੇ ਇਹੋ ਹੀ ਕਾਰਨ ਸੀ ਕਿ ਮਹਾਰਾਜਾ ਆਲਾ ਸਿੰਘ ਇਸ ਨੂੰ 'ਆਜ਼ਮ, ਭਾਈ ਕਰਕੇ ਯਾਦ ਕਰਿਆ ਕਰਦੇ ਸਨ। ਉਹ ਅਸਥਾਨ ਜਿਥੇ ਠੀਕਰੀਵਾਲਾ ਖਾਲਸਾ ਦਲ ਆਕੇ ਠਹਿਰਿਆ ਸੀ ਬਿਜੈ ਪੜਾਉ ਦੇ ਨਾਮ ਨਾਲ ਪ੍ਰਸਿਧ ਹੈ। ਮਹਾਰਾਜਾ ਆਲਾ ਸਿੰਘ ਨੇ ਭਾਈ ਧਰਮ ਸਿੰਘ ਨੂੰ ਸਤ ਹਲ ਦੀ ਜ਼ਮੀਨ ਉਸਦੀ ਵਫ਼ਾਦਾਰੀ ਦੇ ਬਦਲੇ ਦਿਤੀ।

ਬੀਬੀ ਪ੍ਰਧਾਨ ਦੀ ਇਕ ਮਸਾਹਿਬਣੀ ਵੀਰੋ, ਨਾਮ ਕਰਕੇ ਪ੍ਰਸਿਧ ਸੀ। ਬੀਬੀ ਪ੍ਰਧਾਨ ਨੇ ਪ੍ਰੇਰਨਾ ਕਰਕੇ ਇਸ ਵੀਰੋ ਨੂੰ ਸ਼ਾਦੀ ਕਰਨ ਲਈ ਤਿਆਰ ਕਰ ਲਿਆ। ਉਧਰ ਭਾਈ ਧਰਮ ਸਿੰਘ ਨੂੰ ਰਜ਼ਾਮੰਦ ਕਰ ਲਿਆ। ਇਸ ਜੋੜੇ ਦਾ ਅਨੰਦ ਕਰ ਦਿਤਾ। ਇਹ ਬੀਬੀ 'ਵੀਰੋ ਸੁਲਖਣੀ, ਦੇ ਨਾਮ ਨਾਲ ਪ੍ਰਸਿਧ ਹੋਈ ਜਿਸ ਦੇ ਹਥਾਂ ਦੇ ਲਿਖੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਬਰਨਾਲੇ ਡੇਰੇ ਵਿਚ ਮੌਜੂਦ ਹਨ।

Digitized by Panjab Digital Library | www.panjabdigilib.org

ਬੀਬੀ ਵੀਰੋ ਦੇ ਕੋਈ ਔਲਾਦ ਨਹੀਂ ਸੀ, ਇਸ ਨੇ ਆਪਣੀ ਭੈਣ ਜੋ ਗਿਲ ਗੋਤ ਵਿਚ ਵਿਆਹੀ ਹੋਈ ਸੀ ਆਪਣੇ ਪਾਸ ਬੁਲਾ ਲਈ ਜਿਸ ਦਾ ਪੁਤਰ ਕਾਹਨ ਸਿੰਘ ਭਾਈ ਧਰਮ ਸਿੰਘ ਦਾ ਸੇਵਕ ਹੋ ਗਿਆ । ਸਤ ਹਲ ਦੀ ਜ਼ਮੀਨ ਠੀਕਰੀਵਾਲ ਅੰਦਰਲੇ ਡੇਰੇ ਦੇ ਨਾਉਂ ਜਿਥੇ ਇਹ ਕਾਹਨ ਸਿੰਘ ਰਿਹਾ ਕਰਦਾ ਸੀ, ਹੁਣ ਤਕ ਲਗੀ ਚਲੀ ਆਉਂਦੀ ਹੈ ।

## ੯. ਬੀਬੀ ਪ੍ਰਧਾਨ ਦੀ ਰਾਜਸੀ ਪਾਲਸੀ

ਬੀਬੀ ਪ੍ਰਧਾਨ ਦੀ ਤਬੀਅਤ ਦਾ ਝੁਕਾਨ ਬਹੁਤ ਕਰਕੇ ਧਾਰਮਕ ਪਾਸੇ ਵਲ ਸੀ ਅਤੇ ਇਹ ਰਾਜਸੀ ਕੰਮਾਂ ਵਿਚ ਦਖਲ ਦੇਣਾ ਪਸੰਦ ਨਹੀਂ ਕਰਦੇ ਸਨ । ਫੇਰ ਭੀ ਸਮੇਂ ਸਿਰ ਰਿਆਸਤ ਦੇ ਰਾਜ ਕਾਇਮ ਰਖਣ ਵਿਚ ਸਹਾਇਤਾ ਕਰਦੇ ਰਹੇ, ਜਿਸ ਕਰਕੇ ਇਤਿਹਾਸਕਾਰਾਂ ਇਨ੍ਹਾਂ ਨੂੰ ਉਨ੍ਹਾਂ ਸ਼ਾਹੀ ਦੇਵੀਆਂ ਵਿਚੋਂ ਗਿਣਦੇ ਹਨ ਜਿਨ੍ਹਾਂ ਨੇ ਪਟਿਆਲੇ ਰਾਜ ਮਹਾਰਾਜਾ ਸਾਹਿਬ ਸਿੰਘ ਦੇ ਇਆਣਪੁਣੇ ਦੀ ਗੜ-ਬੜ ਤੋਂ ਬਚਾਇਆ ਸੀ ।

ਦੀਵਾਨ ਨਾਨੂੰ ਮਲ ਨੂੰ ਹੰਕਾਰ ਹੋਗਿਆ । ਬੀਬੀ ਪ੍ਰਧਾਨ ਉਸ ਦੇ ਵਿਰੋਧੀ ਧੜੇ ਵਿਚ ਸ਼ਾਮਲ ਹੋਈ । ਦੀਵਾਨ ਨਾਨੂੰ ਮਲ ਦੇ ਜ਼ਖ਼ਮੀ ਹੋਣ ਸਮੇਂ ਇਸ ਦੇ ਕੈਦ ਕਰਨ ਵਿਚ ਇਸ ਬੀਬੀ ਦਾ ਭੀ ਹਥ ਸੀ । ਬੀਬੀ ਰਾਜਿੰਦਰਾ ਦੀਵਾਨ ਨਾਨੂੰ ਮਲ ਦੇ ਹੱਕ ਵਿਚ ਸਨ, ਇਸ ਕਰਕੇ ਇਨ੍ਹਾਂ ਨੇ ਵਧੀਕ ਦਖ਼ਲ ਦੇਣਾ ਠੀਕ ਨਾ ਸਮਝਿਆ । ਇਸ ਮੌਕੇ ਤੋਂ

Digitized by Panjab Digital Library | www.panjabdigilib.org

ਬਿਨਾਂ ਹੋਰ ਕਿਸੀ ਰਾਜਸੀ ਕੰਮ ਵਿਚ ਇਸ ਬੀਬੀ ਦਖ਼ਲ ਦੇਣ ਦਾ ਪ੍ਰਸੰਗ ਇਤਿਹਾਸ ਪਟਿਆਲਾ ਵਿਚ ਨਹੀਂ ਆਉਂਦਾ

## ੧੦. ਬੀਬੀ ਪ੍ਰਧਾਨ ਦਾ ਸੁਰਗਬਾਸ ਹੋਣਾ

ਬੀਬੀ ਪ੍ਰਧਾਨ ਬਹੁਤ ਕਰਕੇ ਬਰਨਾਲੇ ਹੀ ਰਿਹਾ ਕਰਦੇ ਸਨ। ਇਹ ੧੭੮੯ ਈ: ਵਿਚ ਬਰਨਾਲੇ ਸੁਰਗਬਾਸ ਹੋਏ। ਇਥੇ ਇਨ੍ਹਾਂ ਦੀ ਸਮਾਧ ਬਣੀ ਹੋਈ ਹੈ, ਜਿਸ ਦੇ ਨਾਉਂ ਉਤੇ ਥੋੜੀ ਜੇਹੀ ਜ਼ਮੀਨ ਭੀ ਲਗੀ ਹੋਈ ਹੈ। ਇਸ ਦੇ ਸੁਰਗਬਾਸ ਹੋਣ ਸਮੇਂ ਤਿੰਨ ਲਖ ਤੋਂ ਵਧ ਰਕਮ ਇਸ ਦੇ ਪਾਸ ਮੌਜੂਦ ਸੀ।

## ੧੧. ਬੀਬੀ ਪ੍ਰਧਾਨ ਦੇ ਸੁਭਾਉ ਅਤੇ ਗੁਣ

ਬੀਬੀ ਪ੍ਰਧਾਨ ਬਾਬਤ ਤਵਰੀਖ ਸਿਧੂ ਬੈਰਾੜ ਅਤੇ ਖ਼ਾਨਦਾਨ ਫੂਲ ਦਾ ਕਰਤਾ ਪੰਨਾ ੧੨੩ ਇਨ੍ਹਾਂ ਨੂੰ 'ਰੱਬ ਦੇ ਯਾਦ ਕਰਨ ਵਾਲੀ' ਲਿਖਦਾ ਹੈ। ਡੇਹਰਾ ਬਾਬਾ ਗਾਂਧਾ ਸਿੰਘ ਅਤੇ ਮਲਵਈ ਬੁੰਗੇ ਅੰਮ੍ਰਿਤਸਰ ਵਿਚ ਮਕਾਨ ਆਦਿਕ ਬਣਾਉਣ ਦੇ ਸ਼ੁਭ ਕੰਮ ਬੀਬੀ ਜੀ ਦੀ ਯਾਦਗਾਰ ਹਨ। ਬੀਬੀ ਵੀਰੋਂ ਪਾਸੋਂ ਗੁਰਮੁਖੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਾਉਣ ਅਤੇ ਵਸਿਸ਼ਟ ਪੁਰਾਣ ਦਾ ਭਾਸ਼ਾ ਕਰਨਾ ਇਨ੍ਹਾਂ ਦੇ ਵਿਦਵਾਨ ਹੋਣ ਨੂੰ ਪ੍ਰਗਟ ਕਰਦੇ ਹਨ। ਸਚ ਮੁਚ ਪਟਿਆਲਾ ਸ਼ਾਹੀ ਘਰਾਣੇ ਵਿਚੋਂ ਬਹੁਤ ਹੀ ਦਾਨੀ ਤੇ ਵਿਦਵਾਨ ਅਤੇ ਧਾਰਮਕ ਅੰਸ ਵਾਲੀ ਦੇਵੀ ਸੀ।

---o---

Digitized by Panjab Digital Library | www.panjabdigilib.org

# ਪਟਿਆਲਾ ਸ਼ਾਹੀ ਘਰਾਣੇ

## ਦੀਆਂ ਪ੍ਰਸਿੱਧ ਦੇਵੀਆਂ

ਭਾਗ ੨

ਕਾਂਡ ੧

# ਬੀਬੀ ਰਾਜਿੰਦਰ ਕੌਰ

## (੧) ਬੀਬੀ ਰਾਜਿੰਦਰਾ ਦਾ ਜਨਮ

ਇਹ ਬੀਬੀ ਮਹਾਰਾਜਾ ਆਲਾ ਸਿੰਘ ਦੀ ਪੋਤੀ ਅਤੇ ਉਸ ਦੇ ਦੂਜੇ ਪੁਤਰ ਕੰਵਰ ਭੂਮੀਆਂ ਸਿੰਘ ਦੀ ਪੁਤਰੀ ਸੀ। ੧੭੩੯ ਈ: ਵਿਚ ਇਨ੍ਹਾਂ ਦਾ ਜਨਮ ਸ੍ਰ: ਲਛੂ ਸਿੰਘ ਮਾਨਸ਼ਾਹੀਏ ਦੀ ਪੁਤਰੀ ਸ਼ਾਹਜ਼ਾਦੀ ਦੀ ਕੁਖ ਤੋਂ ਹੋਇਆ, ਜਿਸ ਦਾ ਵਿਆਹ ਕੰਵਰ ਭੂਮੀਆਂ ਸਿੰਘ ਨਾਲ ੧੭੩੬ ਈ: ਵਿਚ ਹੋਇਆ ਸੀ। ਇਸ ਬੀਬੀ ਦੀ ਸਿਆਣਪ ਅਤੇ ਅੱਕਲ-ਮੰਦੀ ਨੂੰ ਇਨ੍ਹਾਂ ਦੇ ਵੈਰੀ ਭੀ ਮੰਨਦੇ ਅਤੇ ਡਰਦੇ ਮਾਰੇ ਕੰਨ ਭੰਨਦੇ ਸਨ।

## (੨) ਕੌਰ ਭੂਮੀਆਂ ਸਿੰਘ ਦਾ ਸਰੀਰ ਤਿਆਗਣਾ

ਮਹਾਰਾਜਾ ਆਲਾ ਸਿੰਘ ਦਾ ਪੁਤਰ ਕੰਵਰ ਭੂਮੀਆਂ-ਸਿੰਘ ਜੀ ੧੭੪੩ ਈ: ਵਿਚ ਜਵਾਨ ਅਵਸਥਾ ਵਿਚ ਹੀ ਗੁਜ਼ਰ

Digitized by Panjab Digital Library | www.panjabdigilib.org

ਗਏ ਸਨ, ਜਿਨਾਂ ਦਾ ਅਸਹਿ ਦੁਖ ਮਹਾਰਾਜਾ ਆਲਾ ਸਿੰਘ ਅਤੇ ਮਹਾਰਾਣੀ ਫਤੋ ਨੂੰ ਸਹਣਾ ਪਿਆ।

ਕੰਵਰ ਭੂਮੀਆਂ ਸਿੰਘ ਦੇ ਮਰਨ ਮਗਰੋਂ ਮਹਾਰਾਜਾ ਆਲਾ ਸਿੰਘ ਨੇ ਮਾਈ ਸ਼ਾਹਜ਼ਾਦੀ ਦੇ ਨਾਉਂ ਵੱਖੀ ਜਾਗੀਰ ਲਗਵਾ ਦਿਤੀ ਜਿਸ ਨਾਲ ਉਸ ਨੇ ਆਪਣੀ ਆਯੂ ਬੜੀ ਅਛੀ ਤਰ੍ਹਾਂ ਕਟੀ ਅਤੇ ਬੀਬੀ ਰਾਜਿੰਦਰ ਕੌਰ ਦੀ ਪਾਲਨਾ ਭਲੀ ਬਿਧੀ ਕੀਤੀ।

## ੩. ਬੀਬੀ ਰਾਜਿੰਦਰਾ ਦਾ ਵਿਆਹ

ਮਹਾਰਾਜਾ ਆਲਾ ਸਿੰਘ ਨੇ ਬੀਬੀ ਰਾਜਿੰਦਰਾ ਦਾ ਵਿਆਹ ੧੭੫੧ ਈ: ਵਿਚ ਫਗਵਾੜੇ ਦੇ ਚੌਧਰੀ ਤ੍ਰਿਲੋਕ ਚੰਦ ਨਾਲ ਕੀਤੀ। ਇਹ ਚੌਧਰੀ ਲਗ ਭਗ ੩ ਲਖ ਦੀ ਸਲਾਨਾ ਜਾਇਦਾਦ ਦਾ ਮਾਲਕ ਅਤੇ ਦੁਆਬਾ ਜਾਲੰਧਰ ਵਿਖੇ ਮੰਨਿਆ ਹੋਇਆ ਸੀ। ਇਸ ਵਿਆਹ ਤੇ ਤਕੜੀ ਰਕਮ ਖਰਚ ਹੋਈ।

## ੪. ਚੌਧਰੀ ਤ੍ਰਿਲੋਕ ਚੰਦ ਦਾ ਸੁਰਗਬਾਸ ਹੋਣਾ

ਚੌਧਰੀ ਤ੍ਰਿਲੋਕ ਚੰਦ ਦੇ ਘਰ ਇਸ ਬੀਬੀ ਰਾਜਿੰਦਰਾ ਦੀ ਕੁਖ ਤੋਂ ਇਕ ਹੀ ਪੁਤਰ ਪੈਦਾ ਹੋਇਆ। ਇਸ ਸਮੇਂ ਦੇ ਚਿਰ ਪਿਛੋਂ ਚੌਧਰੀ ਸਰੀਰ ਤਿਆਗ ਗਿਆ, ਅਤੇ ਸਮੇਂ ਦੇ ਰਿਵਾਜ ਅਨੁਸਾਰ ਚੌਧਰੀ ਦੀ ਜਾਇਦਦ ਤੇ ਬੀਬੀ ਰਾਜਿੰਦਰ ਕਾਬਜ਼ ਰਹੀ। ੧੭੯੦ ਈ: ਵਿਚ ਇਸ ਦੇ ਸੁਵਰਗਬਾਸ ਹੋਣ ਮਗਰੋਂ ਇਸ ਦੇ ਦੋਹਤੇ ਜੋਧ ਸਿੰਘ ਨੇ ਜਾਇਦਾਦ ਲਈ ਝਗੜਾ ਕੀਤਾ ਪਰ ਇਸ ਵਿਚ ਸਫਲਤਾ ਪ੍ਰਾਪਤ ਨਾ ਹੋਈ, ਅਤੇ ਚੌਧਰੀ ਤ੍ਰਿਲੋਕ ਚੰਦ ਦੇ ਭਾਈ ਚੂਹੜ ਮਲ ਨੇ ਜੋਧ ਸਿੰਘ

Digitized by Panjab Digital Library | www.panjabdigilib.org

ਨੂੰ ਮਾਰ ਦਿਤਾ । ਜੋਧ ਸਿੰਘ, ਦਾ ਇਕੋ ਹੀ ਪੁਤਰ ਸਾਹਿਬ ਸਿੰਘ ਸੀ ਜੋ ੧੮੨੦ ਈ: ਵਿਚ ਜੀਉਂਦਾ ਸੀ ਹੁਣ ਇਸ ਘਰਾਣੇ ਵਿਚ ਕੋਈ ਬਾਕੀ ਨਹੀਂ ਹੈ।

## ਮਹਾਰਾਜਾ ਆਲਾ ਸਿੰਘ ਅਤੇ ਬੀਬੀ ਰਾਜਿੰਦਰਾ

੧੭੬੫ ਈ: ਵਿਚ ਐਹਮਦ ਸ਼ਾਹ ਅਬਦਾਲੀ ਨੇ ਬਾਬਾ ਆਲਾ ਸਿੰਘ ਨੂੰ ਸਰਹੰਦ ਦਾ ਚਕਲੇ ਦਾਰ ਨੀਯਤ ਕਰ ਦਿਤਾ ਜਿਸ ਅਨੁਸਾਰ ਬਾਬਾ ਆਲਾ ਸਿੰਘ ਨੂੰ ੩,੫੦੦੦ ਸਾਲਾਨਾ ਦੇਣਾ ਪੈਂਦਾ ਸੀ। ਐਹਮਦ ਸ਼ਾਹ ਅਬਾਲੀ ਚਾਹੁੰਦਾ ਸੀ ਕਿ ਮਹਾਰਾਜਾ ਆਲਾ ਸਿੰਘ ਦੀ ਰਾਹੀਂ ਦੂਸਰੇ ਸਿਖ ਸ੍ਰਦਾਰਾਂ ਪਾਸੋਂ ਭੀ ਨਜ਼ਰਾਨੇ ਦੀ ਰਕਮ ਲੈਕੇ ਆਪਣੀ ਈਨ ਮਨਵਾਵਾਂ ਮਹਾਰਾਜਾ ਆਲਾ ਸਿੰਘ ਇਸ ਗੱਲ ਦੇ ਇਛਵਾਨ ਸਨ ਕਿ ਜਿਨੀ ਛੇਤੀ ਅਬਦਾਲੀ ਹਿੰਦ ਵਿਚੋਂ ਚਲਿਆ ਜਾਵੇ ਉਨਾਂ ਹੀ ਚੰਗਾ ਹੈ । ਤਾਂ ਕਿ ਸਾਰੇ ਸਿਖ ਸ੍ਰਦਾਰ ਤੇ ਰਈਸ ਸੁਤੰਤ੍ਰ ਹੋ ਕੇ ਬਿਚਰ ਸਕਣ । ਮਹਾਰਾਜਾ ਸਹਿਬ ਜਾਣਦੇ ਸਨ ਕਿ ਦੂਜੇ ਸਿਖ ਸ੍ਰਦਾਰਾਂ ਨੇ ਅਬਦਾਲੀ ਤੇ ਭਰੋਸਾ ਨਹੀ ਕਰਨਾ ਅਤੇ ਨਾਹੀਂ ਕੋਈ ਈਨ ਮੰਨਣ ਨੂੰ ਤਿਆਰ ਹੋਇਗਾ। ਪਰ ਫਿਰ ਭੀ ਰਾਜਨੀਤੀ ਨੂੰ ਮੁਖ ਰਖ ਕੇ ਕਿਸੇ ਪ੍ਰਕਾਰ ਦਾ ਉਤਰ ਦੇਣਾ ਨਹੀ ਚਾਹੁੰਦੇ ਸਨ । ਅਬਦਾਲੀ ਅਤੇ ਦੂਜੇ ਸਿਖ ਸ੍ਰਦਾਰਾਂ ਨਾਲ ਸਲਝੋਤਾ ਕਰਾਉਣ ਦੀ ਕੋਸ਼ਿਸ਼ ਕਰਨ ਨੂੰ ਮੁਖ ਰਖ ਕੇ ਮਹਾਰਾਜਾ ਆਲਾ ਸਿੰਘ ਲਾਹੌਰ ਐਹਮਦ ਸ਼ਾਹ ਦੇ ਸਾਥ ਆਗਏ , ਐਹਮਦ ਸ਼ਾਹ ਨੂੰ

Digitized by Panjab Digital Library | www.panjabdigilib.org

ਭੀ ਇਹ ਵਿਸ਼ਵਾਸ ਹੋ ਚੁਕਿਆ ਸੀ ਕਿ ਸਿਖ ਹੁਣ ਉਸ ਦੇ ਲੈਣ ਦੇ ਨਹੀਂ ਹਨ ਅਤੇ ਨਾ ਹੀ ਉਹ ਉਸ ਤੋ ਡਰਦੇ ਸਨ। ਸਰਹੰਦ ਤੋਂ ਲਾਹੌਰ ਜਾਂਦੇ ਹੋਏ ਰਸਤੇ ਵਿਚ ਮਹਾਰਾਜਾ ਆਲਾ ਸਿੰਘ ਦੇ ਫਗਵਾੜੇ ਪੁਜਣ ਤੇ ਬੀਬੀ ਰਾਜਿੰਦਰਾ ਇਨ੍ਹਾ ਨੂੰ ਮਿਲਣ ਲਈ ਆਏ। ਬਾਤ ਚੀਤ ਕਰਨ ਨਾਲ ਬੀਬੀ ਹੋਰਾਂ ਨੂੰ ਪਤਾ ਲਗ ਗਿਆ ਕਿ ਐਹਮਦ ਸ਼ਾਹ ਅਬਦਾਲੀ ਨੂੰ ਮਹਾਰਾਜਾ ਆਲਾ ਸਿੰਘ ਨੇ ੧੦,੦੦੦) ਦੀ ਰਕਮ ਦੇਣੀ ਬਾਕੀ ਹੈ। ਬੀਬੀ ਹੋਰੀ ਚੰਗੇ ਗੁਜ਼ਾਰੇ ਵਾਲੇ ਸਨ। ਇਨ੍ਹਾ ਨੇ ਝਟ ਹੀ ਆਪਣੇ ਬਾਬੇ ਨੂੰ ੧੦੦੦੦) ਦੇਣ ਲਈ ਕਿਹਾ, ਪਰੰਤੂ ਮਹਾਰਾਜਾ ਆਲਾ ਸਿੰਘ ਨੇ ਇਸ ਰਕਮ ਦੇ ਲੈਣ ਤੋਂ ਇਨਕਾਰ ਕਰ ਦਿਤਾ, ਕਿਹਾ ਕਿ ਧੀਆਂ ਪਾਸੋਂ ਕਰਜ਼ਾ ਨਹੀਂ ਲਿਆ ਕਰਦੇ ਇਹ ਗਲ ਸੁਣਕੇ ਬੀਬੀ ਰਾਜਿੰਦਰਾ ਚੁਪ ਹੋ ਗਏ।

(੬ ਬੀਬੀ ਰਾਜਿੰਦਰਾ ਅਤੇ ਮਹਾਰਾਜਾ ਅਮਰ ਸਿੰਘ

ਮਹਾਰਾਜਾ ਅਮਰ ਸਿੰਘ ਨੂੰ ਬਠਿੰਡੇ ਆਦਿਕ ਦੇ ਇਲਾਕੇ ਵਲ ਕਈ ਸਾਲ ਤਕ ਭਟੀਆਂ ਨਾਲ ਜੰਗ ਕਰਨਾ ਪਿਆ। ਇਸ ਸਮੇਂ ਮਨੀ ਮਾਜਰੇ ਵਾਲੇ § ਗ਼ਰੀਬ ਦਾਸ

§ ਗ਼ਰੀਬ ਦਾਸ ਪਿਤਾ ਗੰਗਾ ਰਾਮ ਬਾਦਸ਼ਾਹੀ ਜ਼ਮੀਨ ਵਿਚ ੨੪ ਪਿੰਡਾ ਦਾ ਮਾਲ ਅਫ਼ਸਰ ਹੁੰਦਾ ਸੀ। ਜੈਨ ਖ਼ਾਂ ਸੂਬਾ ਸਰਹੰਦ ਦੇ ੧੭੬੩ ਈ: ਵਿਚ ਮਾਰੇ ਜਾਣ ਮਗਰੋਂ ਗ਼ਰੀਬਦਾਸ ਨੇ ਇਨ੍ਹਾਂ ਹੀ ੨੪ ਪਿੰਡਾ ਤੇ ਆਪਣਾ ਕਬਜ਼ਾ ਕਰ ਲਿਆ ਅਤੇ ਮਨੀ ਮਾਜਰੇ ਨੂੰ ਆਪਣੀ ਰਾਜਧਾਨੀ ਕਾਇਮ ਕੀਤਾ ਹੋਰ ਇਲਾਕਾ ਵਾਧਉਣ ਨੂੰ ਮੁਖ ਰਖ ਕੇ ਇਸ ਨੇ ਪੰਜੌਰ ਤੇ ਹਮਲਾ

Digitized by Panjab Digital Library | www.panjabdigilib.org

-ਚਿਤ', ਨਾਣ ਦੇ ਰਾਜੇ ਨੇ ਇਸ ਦਾ ਟਾਕਰਾ ਕੀਤਾ ਪਰ ਇਹ ਜਿੱਤ ਗਿਆ। ਇਹ ਆਪਣੇ ਪਿਤਾ ਗੰਗਾ ਰਾਮ ਨੂੰ ਇਥੇ ਛੱਡ ਕੇ ਹੋਰ ਇਲਾਕਾ ਜਿੱਤਣ ਲਈ ਚਲਾ ਗਿਆ। ਇਸ ਦੀ ਗੈਰ ਹਾਜ਼ਰੀ ਵਿਚ ਰਾਜਾ ਨਾਹਣ ਨੇ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ ਪਾਸੋਂ ਸਹਾਇਤਾ ਲੈਕੇ ਗੰਗਾਰਾਮ ਨਾਲ ਜੰਗ ਕੀਤਾ। ਇਸ ਲੜਾਈ ਵਿਚ ਗੰਗਾ ਰਾਮ ਮਾਰਿਆ ਗਿਆ ਅਤੇ ਪੰਜੋਰ ਪਟਿਆਲੇ ਦੇ ਕਬਜ਼ੇ ਵਿਚ ਆਗਿਆ। ਗ਼ਰੀਬ ਦਾਸ ਨੇ ਝਟ ਹੀ ਵਾਪਸ ਆਕੇ ਮੁੜ ਪੰਜੋਰ ਤੇ ਕਬਜ਼ਾ ਕਰਨਾ ਚਾਹਿਆ, ਪਰ ਇਸ ਵਿਚ ਕਾਮਯਾਬੀ ਨਾ ਹੋਈ। ਇਸ ਨੇ ਰਾਜਾ ਨਾਹਣ ਪਾਸੋ ਚੰਦਨ ਗੜ੍ਹ ਤੇ ਕਬਜ਼ਾ ਕਰ ਲਇਆ। ਮਹਾਰਾਜਾ ਅਮਰ ਸਿੰਘ ਬਠਿੰਡੇ ਵਲ ਜਾਣ ਮਗਰੋਂ ਗਰੀਬ ਦਾਸ ਨੇ ਮੁੜ ਪੰਜੋਰ ਤੇ ਕਬਜ਼ਾ ਕਰ ਲਿਆ। ਮਹਾਰਾਜਾ ਅਮਰ ਸਿੰਘ ਤੇ ਮੁੜ ਫ਼ੌਜ ਭੇਜਣ ਦੀ ਲੋੜ ਪਈ ਜਿਸ ਬਾਬਤ ਇਸ ਪ੍ਰਸੰਗ ਵਿਚ ਇਸ਼ਾਰਾ ਦਿਤਾ ਗਿਆ ਹੈ, ਗ਼ਰੀਬ ਦਾਸ ੧੭੮੩ ਈ: ਵਿਚ ਮਰ ਗਿਆ। ਇਸ ਦੇ ਦੋ ਪੁਤ੍ਰ ਗੋਪਾਲ ਸਿੰਘ ਤੇ ਪ੍ਰਕਾਸ਼ ਚੰਦ ਸਨ। ਗੋਪਾਲ ਸਿੰਘ ਨੇ ੧੮੦੩ ਈ: ਅਤੇ ੧੮੧੪ ਈ: ਵਿਚ ਸਰਕਾਰ ਅੰਗਰੇਜ਼ੀ ਦੀ ਸਹਾਇਤਾ ਕੀਤੀ। ਇਸ ਨੇ ਜਗੀਰ ਦੀ ਥਾਂਉ ਰਾਜਾ ਦਾ ਖ਼ਿਤਾਬ ਲੈਣਾ ਪਸੰਦ ਕੀਤਾ ਜੋ ਦੇਣਾ ਪ੍ਰਵਾਨ ਕੀਤਾ ਗਿਆ। ਇਹ ੧੮੧੬ ਈ: ਵਿਚ ਮਰ ਗਿਆ। ਇਸ ਪੁਤ੍ਰ ਹਮੀਰ ਸਿੰਘ ੧੮੪੫ ਈ: ਦੇ ਜੰਗ ਸਿਖਾ ਸਮੇਂ ਸਰਕਾਰ ਅੰਗਰੇਜ਼ੀ ਵਲ ਸੀ ਅਤੇ ਇਸ-

Digitized by Panjab Digital Library | www.panjabdigilib.org

ਸਹਾਇਕ ਸਿਆਲਬੇ ਵਾਲਾ ਸ੍ਰ: ਹਰੀ ਸਿੰਘ ‡ਸੀ ਮਨੀਮਾਜਰੇ ਨਾਲ ਸਮਝੌਤਾ ਹੋਣ ਮਗਰੋਂ ਮਹਾਰਾਜਾ ਅਮਰ ਸਿੰਘ ਨੇ ਸ੍ਰਦਾਰ ਹਰੀ ਸਿੰਘ ਨੂੰ ਡੰਡ ਦੇਣ ਲਈ ਇਸਦੇ ਵਰੁਧ ਚੜ੍ਹਾਈ ਕਰ ਦਿਤੀ। ਇਸ ਨੇ ਆਪਣੀ ਸਹਾਇਤਾ ਲਈ ਜੱਸਾ ਸਿੰਘ

---

—ਦੀ ਫ਼ੌਜ ਮੁਕਦੀ ਆਦਿਕ ਜੰਗਾਂ ਵਿਚ ਕੰਮ ਕਰਦੀ ਰਹੀ। ਅਰ ਕਲ ਭੀ ਇਸ ਘਰਾਂਣੇ ਪਾਸ ਕਾਫੀ ਜਾਗੀਰ ਹੈ।

‡ਸ੍ਰ: ਹਰੀ ਸਿੰਘ ਸਿਆਲਬਾ ਖਾਂਨਦਾਨ ਦਾ ਵੱਡਾ ਸੀ। ਇਸ ਨੇ ੧੭੬੩ ਈ: ਵਿਚ ਜੈਂਨ ਖਾਂ ਸੂਬਾ ਸਰਹੰਦ ਦੇ ਮਾਰੇ ਜਾਣ ਮਗਰੋਂ ਸਤਲੁਜ ਦੇ ਉਤਰ ਤੇ ਹੇਠਾੜ ਪਹਾੜ ਦੀ ਤਲਹੱਟੀ ਵਿਚ ਬਹੁਤ ਸਾਰਾ ਇਲਾਕਾ ਮਲ ਲਿਆ, ਜਿਸ ਵਿਚ ਸਿਆਲਬਾ ਰੋਪੜ ਇਜਰਾ ਬਾਦ ਅਤੇ ਕਰਾਲੀ ਦੇ ਪ੍ਰਗਨੇ ਸ਼ਾਮਲ ਹਨ। ਇਸ ਦੇ ਕਈ ਲੜਕੇ ਸਨ ਜਿਨ੍ਹਾਂ ਵਿਚੋਂ ਚੜ੍ਹਤ ਸਿੰਘ ਅਤ ਦੀਵਾਨ ਸਿੰਘ ਜੀਉਂਦੇ ਰਹੇ। ਆਪਣੇ ਮਰਨ ਤੋਂ ਪਹਿਲਾਂ ਸ੍ਰ: ਹਰੀ ਸਿੰਘ ੧੭੯੭ ਈ: ਵਿਚ ਜਾਇਦਾਦ ਇਨ੍ਹਾਂ ਦੋਹਾਂ ਭਰਾਵਾਂ ਵਿਚ ਇਸ ਪ੍ਰਕਾਰ ਵੰਡ ੮੦,੦੦੦ ਸਾਲਾਨਾ ਦੀ ਆਮਦਨੀ ਦਾ ਸੀ। ਅਤੇ ਦੀਵਾਨ-ਸਿੰਘ ਨੂੰ ਉਤਾੜ ਅਤੇ ਹੇਠਾੜ ਸਤਲੁਜ ਦਾ ਲਗ ਭਗ ਦੋ ਲਖ ਦਾ ਇਲਾਕਾ ਦਿਤਾ ਗਿਆ। ਰੋਪੜ ਹੁਣ ਸਰਕਾਰ ਅੰਗ੍ਰੇਜ਼ੀ ਵਿਚ ਸ਼ਾਮਲ ਹੋ ਚੁਕਿਆ ਹੈ ਅਤੇ ਸਿਆਲਬੇ ਦੇ ਸਰਦਾਰਾਂ ਪਾਸ ਲਗ ਭਗ ੩੦,੦੦੦) ਦੀ ਸਾਲਾਨਾ ਜਾਗੀਰ ਬਾਕੀ ਰਹਿੰਦੀ ਹੈ।

Digitized by Panjab Digital Library | www.panjabdigilib.org

## ਰਾਮਗੜੀਆ ‡ਗੁਰਦਿਤ ਸਿੰਘ ਅਤੇ ਸਾਹਿਬ ਸਿੰਘ ਲਾਡਵਾ*

‡ਜੱਸਾ ਸਿੰਘ ਰਾਮਗੜੀਆ ਮਿਸਲ ਦਾ ਪ੍ਰਸਿਧ ਜੱਥੇਦਾਰ ਸੀ ਇਸ ਨੇ ਪਹਿਲਾਂ ਅੰਮ੍ਰਿਤਸਰ ਨੂੰ ਮਜ਼ਬੂਤ ਕਰਕੇ ਪਿਛੋਂ ਰਾਵੀ ਅਤੇ ਬਿਆਸ ਦੇ ਵਿਚਕਾਰਲੇ ਇਲਾਕੇ ਤੇ ਕਬਜ਼ਾ ਕਰ ਲਿਆ। ਘਨਈਆ ਅਤੇ ਸ਼ੁਕਰ ਚੱਕੀਆਂ ਮਿਸਲ ਨੇ ਇਕੱਠਾ ਹੋਕੇ ਇਸ ਦੇ ਵਿਰੁਧ ਜੰਗ ਕੀਤਾ, ਜਿਸ ਵਿਚ ਜੱਸਾ ਸਿੰਘ ਆਲੂਵਾਲੀਆ ਭੀ ਸ਼ਾਮਲ ਸੀ। ਹਾਰ ਜਾਣ ਕਰਕੇ ਇਸਨੂੰ ਦੁਵਾਬਾ ਛੱਡਣਾ ਪਿਆ ਅਤੇ ਇਹ ਸਰਸਾ ਵਲ ਲੁਟ ਮਾਰ ਕਰਨ ਲਗ ਪਿਆ। ੧੭੮੩ ਈ: ਵਿਚ ਇਸ ਨੇ ਮੁੜ ਅੰਮ੍ਰਿਤਸਰ ਤੇ ਕਬਜ਼ਾ ਜਾ ਕੀਤਾ ੧੮੧੬ ਈ: ਵਿਚ ਇਸਦੇ ਪੁਤਰ ਜੋਧ ਸਿੰਘ ਦੇ ਮਰਨ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਇਲਾਕ ਤੇ ਕਬਜ਼ਾ ਕਰ ਲਿਆ

*ਲਾਡਵਾ ਖਾਨਦਾਨ ਸਿਖਾਂ ਦੀ ਪ੍ਰਸਿਧ ਮਿਸਲ ਕਰੋੜ ਸਿੰਘੀਆਂ ਵਿਚੋਂ ਸੀ। ਇਸ ਖਾਨਦਾਨ ਦ ਮੋਢੀ ਗੁਰਦਿਤ ਸਿੰਘ ਅਤੇ ਸਾਹਿਬ ਸਿੰਘ ਬੇਨ ਮੋਈਆ ਦੇ ਰਹਿਣ ਵਾਲੇ ਸਨ ਜੋ ਅੰਮ੍ਰਿਤਸਰ ਤੋਂ ਲਗ ਭਗ ੧੦ ਮੀਲ ਹੈ। ਇਹ ਦੋਨੋ ੧੭੫੮ ਈ: ਵਿਚ ਮਿਤ ਸਿੰਘ ਦੇ ਜੱਥੇ ਦੇ ਵਿਚ ਸ਼ਾਮਲ ਹੋਇ। ਸੂਬਾ ਸਰਹੰਦ ਜੈਨ ਖਾਂ ਦੇ ਮਾਰੇ ਜਾਣ ਮਗਰੋਂ ਇਨ੍ਹਾਂ ਦੇ ਹਿਸੇ ਵਿਚ ਲਾਡਵਾ ਸ਼ਾਮ ਗੜ੍ਹ ਅਤੇ ਬਹੀਨ ਦਾ ਇਲਾਕਾ ਆਇਆ ਸਾਹਿਬ ਸਿੰਘ ਆਪਾਸਰੀ ਵਿਰੁਧ ਜੰਗ ਕਰਦਾ ਹੋਇਆ ਕਰਨਾਲ ਦੇ ਲਾਗੇ ਮਾਰਿਆ ਗਿਆ ਇਸ ਕਰਕੇ ਸਾਰੇ ਇਲਾਕੇ ਦਾ ਮਾਲਕ ਸ੍ਰਦਾਰ ਗੁਰਦਿਤ ਸਿੰਘ ਬਣ ਗਿਆ।——

Digitized by Panjab Digital Library | www.panjabdigilib.org

ਅਤੇ ਕਰਮ ਸਿੰਘ ਸ਼ਹੀਦ ਸ਼ਾਹਜ਼ਾਦ ਪੁਰੀ† ਅਤੇ ਗੁਰਬਖ਼ਸ਼

-ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਬਦੋਵਾਲ ਦਾ ਇਲਾਕਾ ਦਿਤਾ। ਇਸ ਦੇ ਮਗਰੋਂ ਇਸ ਦਾ ਪੁਤਰ ਅਜੀਤ ਸਿੰਘ ਜਾਇਦਾਦ ਦਾ ਮਾਲਕ ਹੋਇਆ। ਇਸ ਨੇ ਥਾਨੇਸਰ ਦੇ ਲਾਗੇ ਸੁਰਸਤੀ ਨਦੀ ਤੇ ਪੁਲ ਬੰਨਿਆਂ ਅਤੇ ਇਸ ਨੂੰ ਰਾਜਾ ਦੇ ਖ਼ਿਤਾਬ ਦੇਣਾ ਭੀ ਪ੍ਰਵਾਨ ਹੋਗਿਆ। ਸੀ ੧੮੪੫ ਈ: ਦੇ ਸਿਖ ਜੰਗ ਸਮੇਂ ਇਸ ਦੀ ਜਾਇਦਾਦ ਜ਼ਬਤ ਕੀਤੀ ਗਈ ਅਤੇ ਇਸ ਨੂੰ ਅਲਾਹਾਬਾਦ ਕੈਦ ਕਰਕੇ ਭੇਜ ਦਿਤਾ ਗਿਆ

†ਸ: ਕਰਮ ਸਿੰਘ ਸਹਿਜਾਦ ਪੁਰ ਸ਼ਹੀਦਾਂ ਦੀ ਮਿਸਲ ਵਿਚੋਂ ਸੀ। ਇਸ ਮਿਸਲ ਦਾ ਮੋਢੀ ਬਾਬਾ ਦੀਪ ਸਿੰਘ ਸ਼ਹੀਦ ਸੀ ਅਤੇ ਤਲਵੰਡੀ ਸਾਬੋ ਕੀ ਜੋ ਦਮਦਮਾਂ ਸਾਹਿਬ ਦੇ ਨਾਮ ਨਾਲ ਪ੍ਰਸਿਧ ਹੈ, ਇਸ ਮਿਸਲ ਦਾ ਵਡਾ ਕੇਂਦਰ ਸੀ। ਇਸ ਦਾ ਸੇਵਕ ਸਦਾ ਸਿੰਘ ਜਾਲੰਧਰ ਦਾ ਸ਼ਾਹੀ ਫੌਜਦਾਰ ਦੇ ਵਿਰੁਧ ਜੰਗ ਕਰਦੇ ਹੋਇਆਂ ਅਧਕੋਲਾ ਦੀ ਲੜਾਈ ਵਿਚ ਮਾਰਿਆ ਗਿਆ। ਇਸ ਤੋਂ ਮਿਸਲ ਦਾ ਨਾਮ ਸ਼ਹੀਦਾਂ ਦੀ ਮਿਸਲ ਪ੍ਰਸਿਧ ਹੋਗਿਆ। ਸਦਾ ਸਿੰਘ ਦੇ ਮਗਰੋਂ ਕਰਮ ਸਿੰਘ ਜਾਇਦਾਦ ਦਾ ਮਾਲਕ ਹੋਇਆ। ਇਸ ਨੇ ਰਾਣੀਆਂ ਜਰੌਲੀ ਅਤੇ ਫੈਜਉਲਾ ਪੁਰ ਦੇ ਇਲਾਕੇ ਆਪਣੇ ਕਬਜ਼ੇ ਵਿਚ ਕਰ ਲਏ ਸਨ ਇਸ ਮਿਸਲ ਵਿਚੋਂ ਇਹ ਸਭ ਤੋਂ ਪਹਿਲਾ ਜਥੇ ਦਾਰ ਸੀ, ਜਿਸ ਨੇ ਸ਼ਾਦੀ ਕੀਤੀ ਸੀ। ਦਰ ਅਸਲ ਇਨ੍ਹਾਂ ਸ: ਕਰਮ ਸਿੰਘ ਨੂੰ ਮਿਸਲ ਸ਼ਹੀਦਾਂ ਦਾ ਅਸਲੀ ਮੋਢੀ ਸਦਣਾ ਚਾਹੀਦਾ ਹੈ। ਇਹ ੧੭੯੪ ਈ: ਵਿਚ ਮਰ ਗਿਆ

Digitized by Panjab Digital Library | www.panjabdigilib.org

ਸਿੰਘ †ਆਦਿਕ ਨੂੰ ਸਦ ਲਿਆ। ਲਗ ਭੁਗ ੨੦,੦੦੦

---

–ਅਤੇ ਮਗਰੋਂ ਇਸਦਾ ਪੁਤਰ ਗੁਲਾਬ ਸਿੰਘ ਗਦੀ ਤੇ ਬੈਠਾ ਸਰਕਾਰ ਅੰਗਰੇਜ਼ੀ ਨੇ ੧੯੦੦ ਈ: ਵਿਚ ਸਭ ਤੋਂ ਪਹਿਲਾਂ ਇਸ ਨੂੰ ਸਨਦ ਦਿਤੀ ਸੀ। ਮਿਸਲ ਦੀ ਜਾਗੀਰ ਲਗ ਭਗ ੩੦,੦੦੦ ) ਸਾਲਾਨਾ ਹੈ ਅਤੇ ਦਮਦਮੇਂ ਸਾਹਿਬ ਗੁਰਦੁਵਾਰਾ ਦੇ ਮਹੰਤ ਅਜ ਤਕ ਇਸ ਦੀ ਔਲਾਦ ਵਿਚੋਂ ਹੀ ਹੁੰਦੇ ਆਏ ਹਨ।

†ਅੰਬਾਲੇ ਦਾ ਇਲਾਕਾ ਸਿੰਘਾਂ ਵਾਲੇ ਜ਼ਿਲਾ ਫ਼ੀਰੋਜ਼ਪੁਰ ਦੇ ਵਸਨੀਕ ਸੰਗਤ ਸਿੰਘ ਨੇ ਜਿੱਤਿਆ, ਫੇਰ ਇਸ ਨੇ ਇਹ ਇਲਾਕਾ ਆਪਣੇ ਸਾਲੇ ਧਿਆਨ ਸਿੰਘ ਨੂੰ ਦੇ ਦਿਤਾ, ਧਿਆਨ ਸਿੰਘ ਨੇ ਗੁਰਬਖ਼ਸ਼ ਸਿੰਘ ਅਤੇ ਲਾਲ ਸਿੰਘ ਇਸ ਦਾ ਪ੍ਰਬੰਦ ਕਰਨ ਲਈ ਥਾਨੇਦਾਰ ਨੀਯਤ ਕੀਤੇ ਪਿਛੋਂ ਇਨ੍ਹਾਂ ਨੇ ਧਿਆਨ ਸਿੰਘ ਨੂੰ ਇਲਾਕਾ ਦੇਣ ਤੋਂ ਇਨਕਾਰ ਕਰ ਦਿਤਾ ਅਤੇ ਆਪ ਹੀ ਕਾਬਜ਼ ਹੋਗਏ। ਲਾਲ ਸਿੰਘ ਨੇ ਜੈਮਲ ਗੜ੍ਹ ਦਾ ਰਣਵਾਸ ਬਣਾਉਣਾ ਆਰੰਭ ਕੀਤਾ ਪਰ ਕਾਮਯਾਬ ਨਾ ਹੋ ਸਕਿਆ। ਲਾਲ ਸਿੰਘ ਦੇ ਮਰਨ ਮਗਰੋਂ ਗੁਰਬਖ਼ਸ਼ ਸਿੰਘ ਨੇ ਆਪਣਾ ਹੀ ਕਬਜ਼ਾ ਕਰ ਲਿਆ ਇਸ ਦੇ ਕੋਈ ਔਲਾਦ ਨਹੀਂ ਸੀ। ਜਿਸ ਕਰਕੇ ਇਸ ਦੇ ਘਰ ਵਾਲੀ ਦਿਆ ਕੌਰ ਇਸ ਜਾਇਦਾਦ ਤੇ ਕਾਬਜ਼ ਹੋਗਈ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਬੇ ਦਖ਼ਲ ਕਰ ਦਿਤਾ–

Digitized by Panjab Digital Library | www.panjabdigilib.org

ਫ਼ੌਜ ਇਕੱਠੀ ਹੋਗਈ। ਇਸ ਫ਼ੌਜ ਨੇ ਲੁਟ ਮਾਰ ਕਰਨੀ ਆਰੰਭ ਕਰ ਦਿਤੀ।

ਇਸ ਇਕੱਠੀ ਹੋਈ ਫ਼ੌਜ ਨੇ ਪਟਿਆਲਾ ਫ਼ੌਜ ਤੇ ਇਕ ਅਚਨਚੇਤ ਹਮਲਾ ਕਰ ਦਿਤਾ। ਇਸ ਜੰਗ ਵਿਚ ਪਟਿਆਲੇ ਦੇ ਲਗ ਭਗ ੩੦੦ ਆਦਮੀ ਮਾਰੇ ਗਏ ਜਿਨ੍ਹਾਂ ਵਿਚ ਬਖ਼ਸ਼ੀ ਲਖਤਾ ਡੋਗਰ ਭੀ ਸੀ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚ ਦੀਵਾਨ ਨਾਨੂੰ ਮਲ ਭੀ ਸੀ, ਸ੍ਰ: ਝੰਡਾ ਸਿੰਘ ਅਤੇ ਸ੍ਰ: ਅਤਰ ਸਿੰਘ ਵ-ਗੇ ਕੈਦ ਭੀ ਹੋ ਗਏ।

ਇਸ ਗੱਲ ਦਾ ਪਤਾ ਲੱਗਣ ਸਾਰ ਮਹਾਰਾਜਾ ਅਮਰ-ਸਿੰਘ ਨੂੰ ਬਹੁਤ ਕ੍ਰੋਧ ਆਗਿਆ ਅਤੇ ਉਹਨਾਂ ਨੇ ਫ਼ੌਜ ਇਕੱਠੀ ਕਰਕੇ ਇਸ ਦਾ ਬਦਲਾ ਲੈਣ ਦੀ ਤਿਆਰੀ ਕੀਤੀ। ਇਸ ਮਨੋਰਥ ਨੂੰ ਮੁਖ ਰਖ ਕੇ ਇਨ੍ਹਾਂ ਨੇ ਆਪਣੇ ਭਾਈ ਚਾਰੇ ਅਤੇ ਨਜ਼ਦੀਕੀ ਰਿਸਤੇ ਦਾਰਾਂ ਨੂੰ ਭੀ ਸਦੇ ਭੇਜ ਦਿਤੇ ਜਿਨ੍ਹਾਂ ਵਿਚ ਬੀਬੀ ਰਾਜਿੰਦਰਾ ਭੀ ਸ਼ਾਮਲ ਸਨ।

---

–੧੯੮੦ ਈ: ਦੇ ਐਲਾਨ ਅਨੁਸਾਰ ਇਹ ਇਲਾਕਾ ਮੁੜ ਸਰਕਾਰ ਅੰਗ੍ਰੇਜ਼ੀ ਨੇ ਦਿਆ ਕੌਰ ਦੇ ਸਪੁਰਦ ਕਰ ਦਿਤਾ। ੧੮੨੩ ਈ: ਵਿਚ ਸ੍ਰਦਾਰਨੀ ਮਰ ਗਈ ਜਿਸ ਕਰਕੇ ਇਹ ਇਲਾਕਾ ਸਰਕਾਰ ਅੰਗ੍ਰੇਜ਼ੀ ਦੇ ਕਬਜ਼ੇ ਵਿਚ ਆਗਿਆ। ਇਸ ਸਰਦਾਰਨੀ ਦਾ ਰਾਜ ਪ੍ਰਬੰਧ ਬਹੁਤ ਚੰਗਾ ਸੀ ਅਤੇ ਛੱਤਰ ਛਾਇਆ ਹੇਠ ਆਏ ਹੋਏ ਰਹੀਸ ਵਿਚੋ ਸਭ ਤੋਂ ਚੰਗਾ ਗਿਣਿਆਂ ਜਾਂਦਾ ਸੀ।

Digitized by Panjab Digital Library | www.panjabdigilib.org

ਇਸ ਖ਼ਬਰ ਦੇ ਪੁਜਦੇ ਸਾਰ ਸਭ ਤੋਂ ਪਹਿਲਾਂ ਫ਼ਗਵਾੜੇ ਵਾਲੀ ਬੀਬੀ ਰਾਜਿੰਦਰਾ ਆਪਣੀ ੩,੦੦੦ ਫ਼ੌਜ ਨਾਲ ਲੈ ਵੈਰੀਆਂ ਦੇ ਉਤਾੜ ਸਤਲੁਜ ਦੇ ਇਲਾਕੇ ਵਿਚ ਲੁਟ ਮਾਰ ਕਰਦੀ ਹੋਦੀ ਪਟਿਆਲਾ ਪੁਜੀ*। ਇਸ ਦੇ ਮਗਰੋਂ ਕੈਂਥਲ ਵਾਲਾ§ ਭਾਈ ਧੰਨਾ ਸਿੰਘ ਅਤੇ ਸੁਖਾ ਸਿੰਘ ਸ਼ਾਮਲ ਹੋਏ।

*ਪੰਜਾਬ ਰਾਜਸ ਪੰਨਾ ੪੫।

---

§ਕੈਂਥਲ ਘਰਾਣੇ ਦਾ ਵੱਡਾ ਭਾਈ ਭਗਤੂ ਦੀ ਬੰਸ ਵਿਚੋਂ ਭਾਈ ਗੁਰਬਖ਼ਸ਼ ਸਿੰਘ ਸੀ, ਜੋ ਭਾਈ ਦਿਆਲ ਸਿੰਘ ਦਾ ਪੁਤ੍ਰ ਸੀ। ਭਾਈ ਗੁਰਬਸ਼ਖ਼ ਸਿੰਘ ਮਹਾਰਾਜਾ ਆਲਾ ਸਿੰਘ ਦਾ ਪਕਾ ਦੋਸਤ ਸੀ। ਇਸ ਨੇ ਬਹੁਤ ਸਾਰਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ।। ਇਸ ਖ਼ਾਨਦਾਨ ਦਾ ਬੰਸ ਤਰੋਵਰ ਇਸ ਪ੍ਰਕਾਰ ਹੈ:—

ਭਾਈ ਗੁਰਬਖ਼ਸ਼ ਸਿੰਘ

ਧੰਨਾ ਸਿੰਘ ਦੇਸੂ ਸਿੰਘ ਤਖ਼ਤ ਸਿੰਘ ਸੁਖਾ ਸਿੰਘ ਬੁਢਾ ਸਿੰਘ

ਭਾਗਭ੍ਰੀ ਲਾਲ ਸਿੰ:, ਬਹਾਲ ਸਿੰ:, ਗੁਰਦਿਤ ਸਿੰ:, ਬਸਾਵਾ ਸਿੰ:

ਪ੍ਰੀਤਮ ਸਿੰ: ਉਦੇ ਸਿੰ: ਪੰਜਾਬ ਸਿੰ: ਗੁਲਾਬ ਸਿੰ: ਸੰਗਤ ਸਿੰ:

ਭਾਈ ਦੇਸੂ ਸਿੰਘ ਦੇ ਮਰਨ ਸਮੇਂ ਇਸ ਦਾ ਛੋਟਾ ਪੁਤਰ—

Digitized by Panjab Digital Library | www.panjabdigilib.org

ਭਾਵੇਂ ਭਾਈ ਦੇਸੂ ਸਿੰਘ ਦੀ ਦਿਲੀ ਹਮਦਰਦੀ ਹਰੀ ਸਿੰਘ ਸਿਆਲਬ ਵਲ ਸੀ, ਪ੍ਰੰਤੂ ਸ੍ਰਕਾਰ ਪਟਿਆਲਾ ਦੀ ਨਰਾ ਜ਼ਗੀ ਤੋਂ ਡਰਦੇ ਮਾਰੇ ਇਸ ਨੇ ਪ੍ਰਗਟ ਢੰਗ ਨਾਲ ਉਸਦਾ ਸਾਥ ਨਾ ਦਿਤਾ। ਨਾਭਾ ਕੈਂਥਲ ਜੀਂਦ ਦੇ ਰਈਸ ਭੀ ਆਪਣੀ ਫ਼ੌਜ਼ ਸੰਜੁਕਤ ਆਸ਼ਰਮ ਹੋਏ-ਇਸਤੋਂ ਇਨਾ ਨਾਹਣ ਦੀ ਫ਼ੌਜ ਮੀਆਂ ਕਿਸ਼ਨ ਸਿੰਘ ਦੇ ਅਧੀਨ ਪਹੁੰਚ ਗਈ। ਦੂਜੇ ਸਿਖ ਸਰਦਾਰ

---

——ਭਾਈ ਲਾਲ ਸਿੰਘ ਪਿਤਾ ਵਿਰੁਧ ਸਾਜ਼ਸ਼ ਕਰਨ ਦੇ ਕਠਨ ਕੈਦ ਕੀਤਾ ਹੋਇਆ ਸੀ। ਇਸ ਦੇ ਵਡੇ ਭ੍ਰਰਾ ਬਹਾਲ ਸਿੰਘ ਨੇ ਇਸਨੂੰ ਕੈਦ ਰਖਣ ਦੀ ਕੋਸ਼ਸ਼ ਭੀ ਕੀਤੀ ਪਰ ਇਹ ਚਾਤਰੀ ਨਾਲ ਨਿਕਲ ਗਿਆ ਅਤੇ ਇਸ ਨੇ ਬਹਾਲ ਸਿੰਘ ਨੂੰ ਮਾਰ ਕੇ ਆਪ ਰਾਜ ਸੰਭਾਲ ਲਿਆ। ਭਾਈ ਲਾਲ ਸਿੰਘ ੧੮੦੯ ਈ: ਵਿਚ ਉਨ੍ਹਾਂ ਪਰਸਿੱਧ ਰਈਸਾਂ ਵਿਚੋਂ ਸੀ ਜਿਨ੍ਹਾਂ ਨ ਸਰਕਾਰ ਅੰਗਰੇਜ਼ੀ ਦੀ ਛਤਰ ਛਾਇਆਂ ਹੇਠਾਂ ਆਉਣ ਲਈ ਵਧ ਕੇ ਹਿਸਾ ਲਿਆ। ੧੮੧੯ ਈ: ਵਿਚ ਮਾਈ ਭਾਗਭਰੀ ਵਾਲੀ ਜਾਇਦਾਦ ਭੀ ਸ੍ਰਕਾਰ ਅੰਗ੍ਰੇਜ਼ੀ ਨੇ ਭਾਈ ਲਾਲ ਸਿੰਘ ਦੇ ਹਵਾਲੇ ਕਰ ਦਿਤੀ। ਇਸ ਦੇ ਮਰਨ ਮਗਰੋਂ ਪ੍ਰਤਾਪ ਸਿੰਘ ਅਤੇ ਉਧੇ ਸਿੰਘ ਦੋਨੋਂ ਭਾਈ ਵਾਰੋ ਵਾਰੀ ਗਦੀ ਤੇ ਬੈਠੇ ਪਰ ਲਾਵਲਦ ਹੋਣ ਦੇ ਕਾਰਨ ਉਧੇ ਸਿੰਘ ਦੇ ਮਰਨ ਮਗਰੋਂ ਇਹ ਇਲਾਕਾ ੧੮੪੩ ਈ: ਵਿਚ ਸਰਕਾਰ ਅੰਗਰੇਜ਼ੀ ਵਿਚ ਸ਼ਾਮਲ ਹੋ ਗਿਆ।

Digitized by Panjab Digital Library | www.panjabdigilib.org

ਜਿਨ੍ਹਾਂ ਵਿਚ–ਜੈ ਸਿੰਘ ਲਿਧਰਾ* ਤਾਰਾ ਸਿੰਘ ਡਲੇਵਾਲੀਆ‡

*ਜੇ ਸਿੰਘ ਲਿਧਰਾ ਨਿਸ਼ਾਨ ਵਾਲੀ ਮਿਸਲ ਦੇ ਸੁਦਾਰਾ ਵਿਚੋਂ ਸਨ। ਹਿ ੧੭੬੩ ਈ: ਵਿਚ ਸਰਹੰਦ ਦੇ ਜੰਗ ਵਿਚ ਸ਼ਾਮਲ ਸੀ। ਇਹ ਦੇ ਹਿਸੇ ਵਿਚ ਲਿਧਰਾ ਦੇ ਪ੍ਰਗਨੇ ਦੇ ੨੭ ਪਿੰਡ ਅਰ ਪਾਰ ਦੇ ਪ੍ਰਗਣੇ ਦੇ ੭ ਪਿੰਡ ਆਏ। ਐਹਮਦ ਸ਼ਾਹ ਅਬਦਾਲੀ ਦੇ ਹਮਲੇ ਸਮੇਂ ਇਹ ਪਹਾੜ ਵਲ ਭਜ ਗਿਆ ਅਤੇ ਪਾਰ ਦੇ ਇਲਾਕੇ ਦੇ ੭ ਪਿੰਡਾਂ ਉਤੇ ਸਰਕਾਰ ਪਟਿਆਲਾ ਨੇ ਕਬਜ਼ਾ ਕਰ ਲਿਆ। ਬਹੁਤ ਚਿਰ ਤਕ ਝਗੜਾ ਹੁੰਦਾ ਰਿਹਾ, ਅੰਤ ਪਰਸਪਰ ਸਮਝੌਤਾ ਹੋ ਕੇ ੩ ਪਿੰਡ ਸਰਕਾਰ ਪਟਿਆਲਾ ਪਾਸ ਅਤੇ ੪ ਸੁ: ਜੈ ਸਿੰਘ ਪਾਸ ਰਹੇ। ਇਹ ੧੭੭੩ ਈ: ਵਿਚ ਮਰ ਗਿਆ, ਜਿਸ ਦੇ ਪਿਛੋਂ ਇਸ ਦਾ ਪੁਤਰ ਚੜ੍ਹਤ ਸਿੰਘ ਜਾਇਦਾਦ ਦਾ ਮਾਲਕ ਹੋਇਆ। ਇਹ ਸੁਦਾਰ ੧੮੦੮ ਈ: ਦੇ ਇਲਾਕੇ ਅਨੁਸਾਰ ਸਰਕਾਰ ਅੰਗਰੇਜ਼ੀ ਦੀ ਛਤਰ ਛਾਇਆ ਹੇਠ ਆਗਿਆ। ਲਿਧਰਾ ਦੀ ਜਾਗੀਰ ਲਗ ਪਗ ੨੩,੦੦੦) ਸਾਲਾਨਾ ਦੀ ਹੈ ਹਿਸੇਦਾਰਾਂ ਵਿਚ ਵੰਡੀ ਹੋਈ ਹੈ।

‡ਡਲੇ ਵਾਲੀ ਮਿਸਲ ਦਾ ਜਥੇਦਾਰ ਤਾਰਾ ਸਿੰਘ ਜੀ, ਜਿਸ ਦੇ ਕਬਜ਼ੇ ਵਿਚ ਜਾਲੰਧਰ ਦੁਆਲੇ ਦਾ ਉਪਰਲਾ ਹਿਸਾ ਅਤੇ ਲੁਧਿਆਣਾ ਅਤੇ ਅੰਬਾਲੇ ਦੇ ਇਲਾਕੇ ਦਾ ਉਤਰੀ ਹਿਸਾ ਸੀ। ਫ਼ੀਰੋਜ਼ਪੁਰ ਦੇ ਜ਼ਿਲੇ ਵਿਚੋਂ ਧਰਮਕੋਟ ਅਤੇ ਫ਼ਤਹ ਆਬਾਦ ਦਾ ਪ੍ਰਗਣਾ ਇਸ ਨੇ ਜਿਤ ਲਿਆ। ਸੁ: ਤਾਰਾ ਸਿੰਘ ੧੮੦੭ ਈ: ਵਿਚ ਨਾਰਾਇਣ ਗੜ੍ਹ ਦੇ ਜੰਗ ਵਿਚ ਮਾਰਿਆ–

Digitized by Panjab Digital Library | www.panjabdigilib.org

ਸੋਂਧਾ ਸਿੰਘ* ਅਤੇ ਬੁਧ ਸਿੰਘ ਫੈਜ਼ਲ ਪੁਰੀਆ‡ ਪ੍ਰਸਿਧ ਸਨ

---

—ਜਿਆ। ਜਿਸ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਇਲਾਕੇ ਨੂੰ ਆਪਣੇ ਸੂਬਿਆਂ ਵਿਚ ਵੰਡ ਦਿਤਾ। ਬਹੁਤ ਹਿਸਾ ਦੀਵਾਨ ਮੁਹਕਮ ਚੰਦ ਦੇ ਹਿਸੇ ਵਿਚ ਆਇਆ।

*ਸੋਂਧਾ ਸਿੰਘ ਤਾਰਾ ਸਿੰਘ ਗੀਲਾ ਦੀ ਪਾਰਟੀ ਵਿਚ ਸੀ। ਇਸ ਦੇ ਇਕ ਭੁਝੰਗੀ ਦਿਆ ਸਿੰਘ ਸੀ, ਜਿਸ ਦੇ ਕੋਈ ਔਲਾਦ ਨਾ ਹੋਈ। ਇਸ ਦੀ ੩੦,੦੦੦) ਦੀ ਜਾਇਦਾਦ ਇਸ ਦੀ ਪੁਤਰੀ ਦਿਆ ਕੌਰ ਦੇ ਕਬਜ਼ੇ ਵਿਚ ਆ ਗਈ ਜੋ ਰਾਜਾ ਭਾਗ ਸਿੰਘ ਜੀਂਦ ਵਾਲੇ ਦੇ ਭਤੀਜੇ ਹਰੀ ਸਿੰਘ ਨਾਲ ਵਿਆਹੀ ਹੋਈ ਸੀ। ਇਹ ਇਲਾਕਾ ਦਿਆ ਕੌਰ ਦੇ ਸਰੀਰ ਤਿਆਗਣ ਮਗਰੋਂ ਰਿਆਸਤ ਜੀਂਦ ਵਿਚ ਸ਼ਾਮਲ ਕੀਤਾ ਗਿਆ

‡ਬੁਧ ਸਿੰਘ ਫੈਜ਼ਲਪੁਰੀਆ, ਇਹ ਸਿੰਘ ਪੁਰੀਆਂ ਅਥਵਾ ਫੈਜ਼ਲਪੁਰੀ ਮਸਲ ਵਿਚੋਂ ਸੀ। ਸਿੰਘ ਪੁਰੀਆਂ ਮਿਸਲ ਦਾ ਜਥੇਦਾਰ ਨਵਾਬ ਕਪੂਰ ਸਿੰਘ ਸੀ ਜਿਸ ਨੇ ਅੰਮ੍ਰਿਤਸਰ ਦੇ ਫੈਜ਼ਾਉਲਾਪੁਰ ਨੂੰ ਜਿਤ ਕੇ ਇਸ ਦਾ ਨਾਉਂ ਸਿੰਘ ਪੁਰਾ ਰਖ ਦਿਤਾ ਅਤੇ ਇਸ ਤੋਂ ਹੀ ਮਿਸਲ ਦਾ ਨਾਉਂ ਸਿੰਘ ਪੁਰੀਆ ਪ੍ਰਸਿਧ ਹੋ ਗਿਆ। ਨਵਾਬ ਕਪੂਰ ਸਿੰਘ ਨੂੰ ਲਗ ਭਗ ੪ ਲਖ ਦਾ ਇਲਾਕਾ ਹੇਠਾੜ ਉਪਾੜ ਸਤਲੁਜ ਵਿਚ ਮਿਲਿਆ ਸੀ। ਜਿਸ ਵਿਚ ਸਿੰਘ ਪੁਰਾ, ਪੱਟੀ ਨੂਰ ਪੁਰ, ਬੈਰਾਮ ਪੁਰ, ਘਰੌਲੀ ਅਤੇ ਭਰ ਭਰੜੂ ਦੇ ਇਲਾਕੇ ਸ਼ਾਮਲ ਸਨ। ਨਵਾਬ ਕਪੂਰ ਸਿੰਘ ੧੮੦੪ ਬਿ: ਵਿਚ ਸਰੀਰ—

Digitized by Panjab Digital Library | www.panjabdigilib.org

ਆਪੋ ਆਪਣੀ ਫ਼ੌਜ ਸਮੇਤ ਮਹਾਰਾਜਾ ਅਮਰ ਸਿੰਘ ਦੀ ਸਹਾਇਤਾ ਲਈ ਪੁਜ ਗਏ । ਇਸ ਪ੍ਰਕਾਰ ਲਗ ਭਗ ੪੦,੦੦੦ ਫ਼ੌਜ ਇਕੱਠੀ ਹੋ ਗਈ ।

ਮਹਾਰਾਜਾ ਅਮਰ ਸਿੰਘ ਪ੍ਰਸਪਰ ਜੰਗ ਕਰਨਾ ਨਹੀਂ ਚਾਹੁੰਦੇ ਸਨ ਪਰ ਹਰੀ ਸਿੰਘ ਵਧਦਾ ੨ ਘਨੌਰ ਤਕ ਪੁਜ ਗਿਆ । ਸ੍ਰਕਾਰ ਪਟਿਆਲਾ ਨੇ ਸ੍ਰ: ਚੈਨ ਸਿੰਘ ਅਤੇ ਦੂਲਾ ਸਿੰਘ ਨੂੰ ਸਮਝੌਤੇ ਲਈ ਭੇਜਿਆ, ਸ੍ਰ: ਹਰੀ ਸਿੰਘ ਨੇ ਇਸ ਨਾਲ ਸੰਮਤੀ ਨਾ ਕੀਤੀ ਸਗੋਂ ਇਨ੍ਹਾਂ ਨੇ ਪਟਿਆਲੇ ਦੇ ਇਲਾਕੇ ਵਿਚ ਲੁਟ ਮਾਰ ਕਰਨੀ ਆਰੰਭ ਕਰ ਦਿਤੀ । ਇਸ ਹਾਲਤ ਨੂੰ ਵਿਚਾਰ ਕੇ ਮਹਾਰਾਜਾ ਅਮਰ ਸਿੰਘ ਨੇ ਫ਼ੌਜ ਨੂੰ ਧਾਵਾ ਕਰਨ ਦਾ ਹੁਕਮ ਦੇ ਦਿਤਾ । ਛੋਟੀਆ ਛੋਟੀਆਂ ਇਕ ਦੋ ਲੜਾਈਆਂ ਭੀ ਹੋਈਆਂ । ਪਟਿਆਲਾ ਦੀ ਜਿਆਦਾ ਤਾਕਤ

---

—ਤਿਆਗ ਗਿਆ ਅਤੇ ਇਸ ਜਾਇਦਾਦ ਉਤੇ ਇਸ ਦੇ ਭਧੀਜੇ ਖੁਸ਼ਹਾਲ ਸਿੰਘ ਨੇ ਕਬਜ਼ਾ ਕਰ ਲਿਆ । ਅਤੇ ਖਾਲਸਾ ਫ਼ੌਜ ਦਾ ਪ੍ਰਬੰਧ ਜੱਸਾ ਸਿੰਘ ਆਹਲੂਵਾਲੀਆ ਦੇ ਸਪੁਰਦ ਕੀਤਾ ਗਿਆ । ਖ਼ੁਸ਼ਹਾਲ ਸਿੰਘ ਦੇ ਦੋ ਪੁਤ੍ਰ ਸੁਧ ਸਿੰਘ ਅਤੇ ਬੁਧ ਸਿੰਘ ਸਨ । ਸੁਧ ਸਿੰਘ ਖੁਸ਼ਾਲ ਸਿੰਘ ਦੇ ਜੀਵਨ ਵਿਚ ਹੀ ਸਰੀਰ ਤਿਆਗ ਗਿਆ, ਜਿਸ ਕਰਕੇ ਬੁਧ ਸਿੰਘ ਜਾਇਦਾਦ ਦਾ ਮਾਲਕ ਬਣਿਆਂ । ੧੮੧੬ ਈ: ਵਿਚ ਮਰ ਗਿਆ ਅਤੇ ਇਸ ਦੀ ਜਾਇਦਾਦ ਚੂੰਡ ਵੰਡ ਅਨਸਾਰ ਇਸ ਦੇ ਸਤ ਪੁਤਰਾਂ ਵਿਚ ਵੰਡੀ ਗਈ ਅੱਜ ਕਲ ਇਸ ਮਿਸਲ ਦੀਆਂ ਪ੍ਰਸਿਧ ਸ਼ਾਖ਼ਾਂ ਮਨੌਲੀ, ਸਨੌਲੀ ਆਦਿਕ ਹਨ

Digitized by Panjab Digital Library | www.panjabdigilib.org

ਨੂੰ ਅਨਭਵ ਕਰਕੇ ਸ਼ਹੀਦ ਮਿਸਲ ਦੇ ਕਰਮ ਸਿੰਘ ਅਤੇ ਧਰਮ ਸਿੰਘ ਅਤੇ ਬੂੜੀਏ ਵਾਲੇ‡ ਰਾਇ ਸਿੰਘ ਅਤੇ ਭਾਗ ਸਿੰਘ ਪਟਿਆਲਾ ਫ਼ੌਜ ਵਿਚ ਸ਼ਾਮਲ ਹੋ ਗਏ। ਆਪਣੀ ਫ਼ੌਜ ਦੀ ਕਮਜ਼ੋਰੀ ਵੇਖਕੇ ਹਰੀ ਸਿੰਘ ਨੇ ਮਹਾਰਾਜਾ ਅਮਰ ਸਿੰਘ ਨਾਲ ਸਮਝੌਤਾ ਕਰਨਾ ਯੋਗ ਸਮਝਿਆ, ਵਕੀਲ ਦੀ ਰਾਇ ਈਨ ਮੰਨ ਲਈ ਜਿਸ ਕਰਕੇ ਮਹਾਰਾਜਾ ਅਮਰ ਸਿੰਘ ਨੇ ਫ਼ੌਜ ਦੇ ਵਾਪਸ ਹੋਣ ਦਾ ਹੁਕਮ ਦੇ ਦਿਤਾ ਸੀ।

---

‡ਬੂੜੀਆ ਖਾਨਦਾਮ – ਇਸ ਖਾਨਦਾਨ ਦਾ ਵਡਾ ਨਾਨੂੰ ਸਿੰਘ ਝਬਾਲ ਮੰਦਰਾਂ ਦਾ ਰਹਿਣ ਵਾਲਾ ਸੀ। ਇਸ ਦੇ ਦੋ ਭਰਾ ਰਾਇ ਸਿੰਘ ਅਤੇ ਭਾਗ ਸਿੰਘ ਸਨ, ਇਹ ਤਿੰਨ ਹੀ ਭਰਾ ਭੰਗੀ ਮਿਸਲ ਵਿਚ ਸ਼ਾਮਲ ਹੋਏ। ਇਨ੍ਹਾਂ ਨੇ ੧੭੬੪ ਈ: ਬੂੜੀਏ ਦੇ ਕਿਲੇ ਤੇ ਕਬਜਾ ਕਰ ਲਿਆ ਜਿਸ ਨੂੰ ਸਰਹੰਦ ਸੂਬੇ ਦਾ ਅਫ਼ਸਰ ਲਛਮੀ ਨਾਰਾਇਣ ਇਕ ਸਾਲ ਪਹਿਲਾਂ ਖਾਲੀ ਛਡ ਗਿਆ ਸੀ। ਔਰੰਗਾ ਬਾਦ ਦੇ ਅਫ਼ਸਰਾ ਅਤੇ ਨਵਾਰੀ ਸਿਖਾਂ ਨੇ ਨਾਨੂੰਸਿੰਘ ਨੂੰ ਫੰਧੇ ਵਿਚ ਫਸਾਕੇ ਔਰੰਗਾਬਾਦ ਦੇ ਕਿਲੇ ਵਿਚ ਲੈ ਜਾਕੇ ਮਾਰ ਦਿਤਾ। ਰਾਇ ਸਿੰਘ ਅਤੇ ਭਾਗ ਸਿੰਘ ਨੇ ਇਨ੍ਹਾਂ ਤੋਂ ਬਦਲਾ ਲੈਣ ਦੀ ਕੋਸ਼ਿਸ਼ ਕੀਤੀ ਅਤੇ ਇਨ੍ਹਾਂ ਅਫ਼ਗਾਨਾਂ ਦੇ ੨੦੪ ਪਿੰਡ ਕਬਜ਼ੇ ਵਿਚ ਕਰ ਲਏ ਦੋਹਾਂ ਭਰਾਵਾਂ ਨੇ ਹਿਸੇ ਵੰਡ ਕਰ ਲਈ, ਰਾਇ ਸਿੰਘ ਦੇ ਹਿਸੇ ਵਿਚ ੮੪ ਪਿੰਡ ਜਗਾਦਰੀ ਅਤੇ ਦਿਆਲ ਗੜ੍ਹ ਪਰਗਣੇ ਦੇ ਅਤੇ ਭਾਗ ਸਿੰਘ ਦੇ ਹਿਸੇ ਵਿਚ ਬੂੜੀਏ ਦੇ ੧੨੦ ਪਿੰਡ ਆਏ। ਇਸ ਬੂੜੀਆ ਘਰਾਣੇ ਦੀ ਆਮਦਨੀ ਲਗ ਭਗ ੪੨,੦੦੦ ਸਾਲਾਨਾ ਹੈ।

Digitized by Panjab Digital Library | www.panjabdigilib.org

ਸਮਝੋਤੇ ਦੇ ਮਗਰੋਂ ਬੀਬੀ ਰਾਜਿੰਦਰਾ ਆਪਣੀ ਫ਼ੌਜ ਸੰਜੁਕਤ ਫਗਵਾੜੇ ਵਾਪਸ ਚਲੇ ਗਏ ਅਤੇ ਮਹਾਰਾਜਾ ਅਮਰ ਸਿੰਘ ਅਤੇ ਹੋਰ ਰਈਸ ਪਟਿਆਲੇ ਵਾਪਸ ਆ ਗਏ । ਇਸ ਸਮੇਂ ਮਹਾਰਾਜਾ ਅਮਰ ਸਿੰਘ ਨੇ ਬੀਬੀ ਰਾਜਿੰਦਰਾ ਅਤੇ ਉਸ ਦੀ ਫ਼ੌਜ ਦੀ ਯਥਾ ਯੋਗ ਕਦਰ ਕੀਤੀ ਸੀ ।

## (੭) ਬੀਬੀ ਰਾਜਿੰਦਰਾ ਦਾ ਦੀਵਾਨ ਨਾਨੂੰ ਮਲ ਨੂੰ ਵਜ਼ਾਰਤ ਤੇ ਬਹਾਲ ਕਰਨਾ

ਮਹਾਰਾਜਾ ਅਮਰ ਸਿੰਘ ਦੇ ਸੁਰਗਬਾਸ ਹੋਣ ਸਮੇਂ ਮਹਾਰਾਜਾ ਸਾਹਿਬ ਸਿੰਘ ਲਗ ਭਗ ੬ ਸਾਲ ਦੇ ਸਨ । ਮਹਾ-ਰਾਜਾ ਸਾਹਿਬ ਸਿੰਘ ਦੀ ਦਾਦੀ ਮਾਈ ਹੁਕਮਾ ਦੀ ਸਹਾਇਤਾ ਨਾਲ ਇਨ੍ਹਾਂ ਦਾ ਇਆਣ ਸਮੇਂ ਵਿਚ ਦੀਵਾਨ ਨਾਨੂੰ ਮਲ ਨੇ ਰਿਆਸਤ ਨੂੰ ਗਮ ਰੌਲੇ ਤੋਂ ਬਚਾਈ ਰੱਖਿਆ, ਭਾਵੇਂ ਬਹੁਤ ਸਾਰੇ ਧੜੇ ਬਣੇ ਹੋਏ ਸਨ ਪਰ ਮਾਈ ਹੁਕਮਾ ਦੇ ਡਰ ਕਰਕੇ ਕੋਈ ਅਹਿਲਕਾਰ ਖੁਲਮ ਖੁਲਾ ਬਗਾਵਤ ਕਰਨ ਦਾ ਹੌਂਸਲਾ ਨ ਕਰ ਸਕਿਆ । ਮਹਾਂ ਸਿੰਘ ਢੋਡ, ਕੋਟ ਸਮੀਰਵਾਲੀ ਮਾਈ ਰਾਜਾਂ ਅਤੇ ਭਿਖੀ ਵਾਲੇ ਸੁ: ਆਲਾ ਸਿੰਘ ਆਦਿਕਾਂ ਨੇ ਸਿਰ ਚੁਕੇ ਸਨ, ਪਰ ਦੀਵਾਨ ਨਾਨੂੰ ਮਲ ਨੇ ਮਾਈ ਹੁਕਮਾ ਦੀ ਸਹਾਇਤਾ ਨਾਲ ਸਭ ਨੂੰ ਦਬਾ ਲਿਆ । ਇਸ ਸਮੇਂ ਰਿਆਸਤ ਦੇ ਅਹਿਲਕਾਰਾਂ ਵਿਚੋਂ ਦੀਵਾਨ ਨਾਨੂੰ ਮਲ ਦਾ ਕੋਈ ਲਿਗਾ ਨਹੀਂ ਖਾ ਸਕਦਾ ਸੀ । ਇਸ ਰਾਜ ਪ੍ਰਬੰਧ ਵਿਚ ਸਭ ਤੋਂ ਵੱਡਾ ਅਹਿਲਕਾਰ ਅਤੇ ਹਰ ਤਰਾਂ ਜ਼ੁਮੇਂਵਾਰ ਸ਼ਖਸ਼ ਸੀ ।

ਦੀਵਾਨ ਨਾਨੂੰ ਮਲ ਹੁਸ਼ਿਆਰ, ਹੌਂਸਲੇ ਵਾਲਾ ਅਤੇ

Digitized by Panjab Digital Library | www.panjabdigilib.org

ਰਾਜਨੀਤੀ ਤੋਂ ਜਾਣੂ ਹਾਕਮ ਸੀ। ਇਸ ਨੇ ਸਾਰੇ ਅਹਿਲਕਾਰਾਂ ਅਤੇ ਸਰਦਾਰਾਂ ਨੂੰ ਕਾਬੂ ਰਖਣ ਲਈ ਲਖਨਾਉ ਤੋਂ ਸਿਖੇ ਹੋਏ ਅਤੇ ਤੋਪਾਂ ਚਲਾਉਂਣ ਦੇ ਮਾਹਰ ਗੋਲਾ ਅੰਦਾਜ਼ ਮੰਗਵਾ ਕੇ ਫ਼ੌਜ ਨੂੰ ਯੂਰਪੀਨ ਢੰਗ ਦੀ ਕਵਾਇਦ ਅਤੇ ਲੜਾਈ ਦਾ ਕੰਮ ਸਿਖਾਉਣਾ ਆਰੰਭ ਕਰ ਦਿਤਾ ਸੀ ਤਾ ਕਿ ਸਮੇਂ ਸਿਰ ਇਹ ਆਕੀਆਂ ਦੀ ਚੰਗੀ ਤਰ੍ਹਾਂ ਖ਼ਬਰ ਲੈ ਸਕੇ।

ਇਸ ਸਮੇਂ ਸਭ ਤੋਂ ਵਡਾ ਧੜਾ ਚਨਾਲਥਲ ਵਾਲੇ ਨਾਨਕ ਚੰਦ ਦੀ ਪੁਤਰੀ ਰਾਣੀ ਖੇਮ ਕੌਰ ਦਾ ਸੀ। ਇਹ ਰਾਜ ਪ੍ਰਬੰਧ ਵਿਚ ਦਖਲ ਦੇਣਾ ਚਾਹੁੰਦੀ ਸੀ ਅਤੇ ਇਸ ਗਲ ਨੂੰ ਮੁਖ ਰਖਕੇ ਇਸ ਨੇ ਆਪਣੇ ਭਾਈ ਆਲਾ ਸਿੰਘ ਨੂੰ ਆਕੀ ਹੋਣ ਲਈ ਚੁਕਿਆ ਸੀ। ਇਸ ਆਲਾ ਸਿੰਘ ਨੇ ਭੀਖੀ ਦੇ ਠਾਣੇਦਾਰ ਥੰਮਣ ਸਿੰਘ ਨੂੰ ਭਿਖੀ ਤੋਂ ਕੱਢਕੇ ਆਪ ਕਬਜ਼ਾ ਕਰ ਲਿਆ ਸੀ। ਦੀਵਾਨ ਨਾਨੂੰ ਮਲ ਨੇ ਫ਼ੌਜ ਇਸ ਦੇ ਜਿੱਤਣ ਲਈ ਭੇਜ ਦਿਤੀ ਜਿਸ ਨੂੰ ਕਾਮਯਾਬੀ ਪ੍ਰਾਪਤ ਹੋਗਈ ਸਰਦਾਰ ਹਮੀਰ ਸਿੰਘ ਨਾਭਾ ਅਤੇ ਸੋਢੀ ਨਾਹਰ ਸਿੰਘ ਅਨੰਦਪੁਰ ਵਾਲੇ ਦੀ ਸਫਾਰਸ਼ ਤੇ ਮਾਈ ਹੁਕਮਾ ਨੇ ਇਸ ਮੁਆਫ ਕਰ ਦਿਤਾ ਅਤੇ ਧਾਮੋ ਮਾਜਰਾ ਆਦਿਕ ਪਿੰਡ ਜਾਗੀਰ ਦੇ ਦਿਤੇ।

ਰਾਣੀ ਖੇਮ ਕੌਰ ਦੇ ਦੂਜੇ ਸਬੰਧੀ ਸਰਦੂਲ ਸਿੰਘ ਕਿਲੇਦਾਰ ਮੂਲਾਪੁਰ ਨੇ ਭੀ ਸਿਰ ਚੁਕਿਆ ਜਿਸ ਪਾਸ ਰਾਣੀ ਹੋਰਾਂ ਨੇ ਰਾਜ ਰੌਲੇ ਤੋਂ ਬਚਾਉਣ ਲਈ ਆਪਣਾ ਦਸ ਲਖ ਦਾ ਜ਼ੇਵਰ ਭੀ ਭੇਜਿਆ ਹੋਇਆ ਸੀ। ਦੀਵਾਨ ਨਾਨੂੰ ਮਲ ਆਪ ਫ਼ੌਜ ਸੰਯੁਕਤ ਇਸ ਕਿਲੇ ਨੂੰ ਫਤਹਿ ਕਰਨ ਲਈ

Digitized by Panjab Digital Library | www.panjabdigilib.org

ਮੂਲ ਪੁਰ ਗਿਆ ਅਤੇ ਕਿਲੇ ਦਾ ਘੇਰਾ ਘਤ ਲਿਆ। ਸਰਦੂਲ ਸਿੰਘ ਹੁਸ਼ਿਆਰ ਅਤੇ ਸਿਆਣਾ ਸੀ। ਉਹ ਜਾਣਦਾ ਸੀ ਕਿ ਦੀਵਾਨ ਨੇ ਇਸ ਕਿਲੇ ਨੂੰ ਜ਼ਰੂਰ ਸਰ ਕਰ ਲੈਣਾ ਹੈ ਤੇ ਫੇਰ ਉਸ ਦੀ ਪੋਜ਼ੀਸ਼ਨ ਖਰਾਬ ਹੋ ਜਾਵੇਗੀ ਇਸ ਨੇ ਨਾਨੂੰ ਮਲ ਨੂੰ ਮਾਰਨ ਲਈ ਸਾਜ਼ਸ਼ ਬਣਾਈ ਜਿਸ ਵਿਚ ਨਾਨੂੰ ਮਲ ਦੀ ਫ਼ੌਜ ਦੀ ਖੁਰਗ ਬੇਗ ਨਾਮੀ ਸਿਪਾਹੀ ਨੂੰ ਲਾਲਚ ਦੇ ਕੇ ਅਪਣੇ ਵਲ ਕਰ ਲਿਆ ਅਤੇ ਉਸ ਦੇ ਰਾਹੀਂ ਦੀਵਾਨ ਦਾ ਕੰਮ ਪਾਰ ਕਰਾ ਦੇਣ ਦੀ ਸਲਾਹ ਪੱਕੀ ਕਰ ਲਈ। ਖੁਰਬ ਬੇਗ ਨੂੰ ਨਾਨੂੰ ਮਲ ਤੇ ਉਸਨੂੰ ਜਾਨ ਤੋਂ ਮਾਰਨ ਲਈ ਹਮਲਾ ਕੀਤਾ ਉਹ ਮਰਨੋਂ ਤਾਂ ਬਚਗਿਆ ਪਰ ਸਖਤ ਜ਼ਖਮੀ ਹੋ ਗਿਆ ਇਸਦੇ ਅਫਸਰਾਂ ਨੇ ਇਸ ਨੂੰ ਮੂਲੇ ਪੁਰ ਤੋਂ ਪਿੰਡਅਨੰਦਪੁਰ ਕੇਸੋ ਭੇਜ ਦਿਤਾ। ਨਾਨੂੰ ਮਲ ਦੇ ਜ਼ਖਮੀ ਹੋਣ ਦੀ ਖਬਰ ਜਿਸ ਵੇਲੇ ਮਾਈ ਹੁਕਮਾ ਪਾਸ ਪੁਜੀ ਤਾਂ ਉਹ ਆਪ ਇਸਦੀ ਖਬਰ ਲੈਣ ਲਈ ਮੂਲੇ ਪੁਰ ਤੋਂ ਅਨੰਦਪੁਰ ਕੇਸੋ ਪਿੰਡ ਪੁਜੀ ਦੀਵਾਨ ਦੇ ਜ਼ਖਮ ਦੇਖ ਕੇ ਗਸ਼ ਖਾਕੇ ਡਿਗ ਪਈ ਅਤੇ ਉਥੇ ਹੀ ਪ੍ਰਾਣਤਿਆਗ ਦਿਤੇ।

ਰਾਣੀ ਖੇਮ ਕੌਰ, ਬੀਬੀ ਪ੍ਰਧਾਨ, ਸੇਮਾਸਿੰਘ ਧਾਲੀਵਾਲ ਅਤੇ ਹੋਰ ਐਹਲਕਾਰ ਪਹਿਲਾਂ ਹੀ ਦੀਵਾਨ ਨ ਨੂੰ ਮਲ ਦੇ ਵਿਰੋਧੀ ਸਨ ਅਤੇ ਮਾਈ ਹੁਕਮਾ ਦੇ ਸਰੀਰ ਤਿਆਗਣ ਦਾ ਹੀ ਦੇਰ ਸੀ ਕੇ ਇਸ ਪਾਰਟੀ ਨੇ ਦੀਵਾਨ ਨਾਨੂੰ ਮਲ ਨੂੰ ਕੈਦ ਕਰਕੇ ਪਟਿਆਲੇ ਭੇਜ ਦਿਤਾ। ਇਸ ਹਾਲਤ ਨੂੰ ਵੇਖਕੇ ਐਹਲਕਾਰਾਂ ਅਤੇ ਹੋਰ ਸਰਦਾਰਾਂ ਨੇ ਆਕੀ ਹੋਣ ਦੀਆਂ ਤਿਆਰੀਆਂ ਅਰੰਭ ਕਰ ਦਿਤੀਆਂ ਅਤੇ ਪੜੋਸੀ ਮਿਸਲਦਾਰ

Digitized by Panjab Digital Library | www.panjabdigilib.org

ਸਰਦਾਰ ਭੀ ਪਟਿਆਲੇ ਦੇ ਇਲਾਕੇ ਅਤੇ ਖਾਸ ਸ਼ੈਹਰ ਪਟਿਆਲਾ ਦੇ ਲੁਟ ਮਾਰ ਕਰਨ ਲਈ ਤਿਆਰ ਹੋਣ ਲਗ ਪਏ।

ਪਟਿਆਲਾ ਸ਼ਾਹੀ ਘਰਾਣੇਂ ਦੇ ਭਾਗ ਚੰਗੇ ਸਨ ਇਸ ਸਮੇਂ ਫਗਵਾੜੇ ਵਾਲੀ ਸਿਆਣੀ ਅਤੇ ਹੌਂਸਲੇ ਵਾਲੀ ਦੇਵੀ ਰਾਜਿੰਦਰਾ ਅਜੇ ਜੀਉਂਦੇ ਸਨ। ਮਾਈ ਹੁਕਮਾ ਦੇ ਸਰੀਰ ਤਿਆਗਣ ਅਤੇ ਦੀਵਾਨ ਨਾਨੂੰ ਮਲ ਦੇ ਕੈਦ ਹੋਣ ਦੀ ਖ਼ਬਰ ਪੁਜਦੇ ਸਾਰ ਇਹ ਬੀਬੀ ਹੋਰੀ ਝੱਟ ਆਪਣੀ ਫ਼ੌਜ ਸੰਜੁਕਤ ਫਗਵਾੜੇ ਤੋਂ ਪਟਿਆਲਾ ਪੁਜ ਗਏ ਅਤੇ ਸਾਰੀ ਅਵਸਥਾ ਦੀ ਵਿਚਾਰ ਕਰਨ ਮਗਰੋਂ ਦੀਵਾਨ ਨਾਨੂੰ ਮਲ ਨੂੰ ਕੈਦ ਤੋਂ ਛੁਡਵਾ ਮੁੜ ਰਾਜ ਪ੍ਰਬੰਧ ਦਾ ਕੰਮ ਉਸ ਦੇ ਸਪੁਰਦ ਕਰ ਦਿਤਾ। ਬੀਬੀ ਰਾਜਿੰਦਰਾ ਦੇ ਸਾਹਮਣੇ ਰਾਣੀ ਖੇਮ ਕੌਰ ਆਦਿਕਾਂ ਦੀ ਕੋਈ ਪੇਸ਼ ਨਾ ਗਈ ਅਤੇ ਕਿਸੇ ਪ੍ਰਕਾਰ ਦਾ ਰਾਜ ਰੌਲਾ ਨਾ ਹੋਇਆ। ਇਸ ਸਮੇਂ ਬੀਬੀ ਰਾਜਿੰਦਰਾ ਵਲੋਂ ਥੋੜੀ ਜਹੀ ਸੁਸਤੀ ਕਰਨੀ ਅਥਵਾ ਫੇਰ ਲਾਉਣੀ ਰਿਆਸਤ ਦ ਲਾਭ ਹਿਤ ਬਹੁਤ ਹਾਨੀ ਕਾਰਕ ਹੁੰਦੀ ਅਤੇ ਉਹਨਾਂ ਦੀ ਸਿਆਣਪ ਨੇ ਰਾਜ ਪ੍ਰਬੰਧ ਕਾਇਮ ਰਖਣ ਵਿਚ ਚੰਗੀ ਸਹਾਇਤਾ ਦੇ ਲਾਭ ਜਿਸ ਕਰਕੇ ਐਹਲਕਾਰਾਂ ਸਰਦਾਰਾਂ ਅਤੇ ਦੂਜੇ ਮਿਸਲਦਾਰਾਂ ਨੂੰ ਲੁਟ ਮਾਰ ਕਰਨ ਦਾ ਮੌਕਾ ਨਾ ਮਿਲਿਆ।

## (੯) ਮਰਹੱਟਾ ਸਰਦਾਰ ਧਾਰੋ ਰਾਉ ਅਤੇ ਬੀਬੀ ਰਾਜਿੰਦਰਾ

ਇਰਦ ਗਿਰਦ ਪੜੋਸੀ ਰਈਸ, ਪਟਿਆਲਾ ਰਾਜ

Digitized by Panjab Digital Library | www.panjabdigilib.org

ਦੇ ਵਡਾ ਹੋਣ ਦੇ ਕਾਰਨ ਸਦਾ ਹੀ ਈਰਖਾ ਰਖਦੇ ਸਨ। ਰਾਜ ਗੜ ਬੜ ਸਮੇਂ ਬਹੁਤ ਸਾਰੇ ਸਰਦਾਰਾਂ ਵਲ ਬਾਕੀਆਂ ਟੁਟੀਆਂ ਗਈਆਂ ਅਤੇ ਉਹ ਦੇਣ ਵਿਚ ਨਹੀਂ ਆਉਂਦੇ ਸਨ ਸਰਕਾਰੀ ਖਜ਼ਾਨੇ ਦੀ ਹਾਲਤ ਭੀ ਚੰਗੀ ਨਹੀ ਸੀ। ਐਹਲਕਾਰਾਂ ਅਤੇ ਸਰਦਾਰਾਂ ਆਦਿਕਾਂ ਨੇ ਦੀਵਾਨ ਨਾਨੂੰ ਮਲ ਦੇ ਮੁੜ ਰਾਜ ਪ੍ਰਬੰਧ ਨੀਯਤ ਹੋਣ ਨੂੰ ਚੰਗਾ ਪ੍ਰਤੀਤ ਨਾ ਕੀਤਾ ਜਿਨ੍ਹਾਂ ਨੂੰ ਲਾਭ ਰਾਜ ਰੋਲੇ ਵਿਚ ਹੀ ਸੀ, ਇਸ ਕਰਕੇ ਉਹ ਰਾਜ ਪ੍ਰਬੰਧ ਨੂੰ ਚੰਗਾ ਕਰਨ ਦੇ ਸਹਾਇਤ ਬਣਨ ਲਈ ਤਿਆਰ ਨਹੀਂ ਸਨ ਅਤੇ ਨਾ ਹੀ ਇਨ੍ਹਾਂ ਪਾਸੋਂ ਕੋਈ ਆਸ ਰਖੀ ਜਾ ਸਕਦੀ ਸੀ, ਇਸ ਕਰਕੇ ਦੀਵਾਨ ਨਾਨੂੰ ਮਲ ਅਤੇ ਬੀਬੀ ਰਾਜਿੰਦਰਾ ਨੇ ਬਾਹਰ ਤੋਂ ਸਹਾਇਤਾ ਪ੍ਰਾਪਤ ਕਰਨੀ ਯੋਗ ਸਮਝਤਾਂ ਕਿ ਰਾਜ ਵਿਦ੍ਰੋਹਾਂ ਨੂੰ ਚੰਗੀ ਤਰਾਂ ਦਬਾਇਆ ਜਾ ਸਕੇ। ਇਸ ਕੰਮ ਲਈ ਮਰਹਟਾ ਸਰਦਾਰ ਧਾਰੋ ਰਾਉ ਨਾਲ ਬਾਤ ਚੀਤ ਕਰਨ ਲਈ ਜੋ ਦਿਲੀ ਦੇ ਇਰਦ ਗਿਰਦ ਦੇ ਇਲਾਕੇ ਦਾ ਫੌਜਦਾਰ ਸੀ। ਸ੍ਰ: ਚੈਨ ਸਿੰਘ ਵਕੀਲ ਨੀਯਤ ਕੀਤਾ ਗਿਆ।

ਇਨ੍ਹਾਂ ਦਿਨਾਂ ਵਿਚ ਸਤਲੁਜ ਅਤੇ ਜਮਨਾ ਦੇ ਵਿਚਕਾਰ ਸਰਦਾਰ ਬਘੇਲ ਸਿੰਘ‡ ਮੰਨਿਆ ਹੋਇਆ

---

‡ ਸ੍ਰ: ਬਘੇਲ ਸਿੰਘ ਕਰੋੜ ਸਿੰਘੀਆ ਮਿਸਲ ਦੇ ਪ੍ਰਸਿਧ ਜਥੇਦਾਰਾਂ ਵਿਚੋਂ ਸਨ। ਇਸ ਮਿਸਲ ਦੇ ਮੋਢੀ ਕਰੋੜਾ ਸਿੰਘ ਅਤੇ ਉਸ ਦੇ ਦੋ ਸਾਥੀ ਮਸਥਾਮ ਸਿੰਘ ਅਤੇ ਸ਼ਾਮ ਸਿੰਘ ਸਨ। ਕਲਸੀਆ ਦਾ ਸ਼ਾਹੀ ਘਰਾਣਾ ਇਸੇ ਮਿਸਲ ਵਿਚੋਂ ਹੈ-

Digitized by Panjab Digital Library | www.panjabdigilib.org

ਸਰਦਾਰ ਸੀ । ਇਸ ਸਰਦਾਰ ਦਾ ਪਟਿਆਲਾ ਸ਼ਾਹੀ ਘਰਾਣੇ ਨਾਲ ਪਹਿਲਾਂ ਤੋਂ ਹੀ ਵਾਸਤਾ ਪਿਆ ਹੋਇਆ ਸੀ । ਮਹਾਰਾਜਾ ਅਮਰ ਸਿੰਘ, ਮਹਾਰਾਜਾ ਸਾਹਿਬ ਜਿਘਨੂੰ ਇਸ ਸਰਦਾਰ ਦੇ ਹਥੋਂ ਅੰਮ੍ਰਿਤ ਛਕਾ ਚੁਕੇ ਸਨ ਇਸ ਕਰਕੇ ਉਹ ਰਿਆਸਤ ਪਟਿਆਲਾ ਦਾ ਹਮਦਰਦ ਸੀ, ਅਤੇ ਸਮੇਂ ਸਿਰ ਯਤਾ ਸ਼ਕਤ ਸਹਾਇਤਾ ਕਰਦਾ ਰਿਹਾ । ਸ੍ਰ: ਚੈਨ ਸਿੰਘ ਵਕੀਲ ਨੂੰ ਬੀਬੀ ਰਾਜਿੰਦਰਾ ਨੇ ਇਸ ਸਰਦਾਰ ਦੀ ਰਾਹੀਂ ਮਰਹੱਟਾ ਸਰਦਾਰ ਧਾਰੋ ਰਾਉ ਨਾਲ ਬਾਤ ਚੀਤ ਕਰਨ ਦੀ ਸਲਾਹ ਦਿਤੀ ਇਸ ਇਲਾਕੇ ਦਾ ਦੂਸਰਾ ਪ੍ਰਸਿਧ ਸਰਦਾਰ ਸ੍ਰ:

---

ਸ੍ਰ: ਬਘੇਲ ਸਿੰਘ ਦਾ ਇਲਾਕਾ ਜਮਨਾ ਅਤੇ ਮੁਕੰਦਾਨਦੀਆਂ ਦੇ ਵਿਚਕਾਰ ਸੀ, ਜਿਸ ਦੀ ਛਲੌਂਡੀ ਰਾਜਧਾਨੀ ਸੀ । ਸ੍ਰ: ਬਘੇਲ ਸਿੰਘ ਦੇ ਸਰੀਰ ਤਿਆਗਣ ਮਗਰੋਂ ਕਲਸੀਆ ਵਾਲਾ ਸ: ਜੋਧ ਸਿੰਘ ਇਸ ਮਿਸਲ ਦਾ ਜਥੇਦਾਰ ਬਣਿਆ ਜਿਸਨੇ ਛਲੌਂਡੀ ਆਦਿਕ ਸਾਰਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ । ਪਿਛੋਂ ਸਰਕਾਰ ਅੰਗਰੇਜ਼ੀ ਦੇ ਜ਼ੋਰ ਚੋਣ ਉਤੇ ਇਹ ਇਲਾਕਾ ਸ੍ਰ: ਬਘੇਲ ਸਿੰਘ ਦੀਆਂ ਸਰਦਾਰਨੀਆਂ ਨੂੰ ਮਿਲ ਗਿਆ ਸੀ ਅਤੇ ਸਰਦਾਰਨੀਆਂ ਦੇ ਸਰੀਰ ਤਿਆਗਣ ਮਗਰੋਂ ਇਹ ਇਲਾਕਾ ਅੰਗਰੇਜ਼ੀ ਰਾਜ ਵਿਚ ਸ਼ਾਮਲ ਹੋ ਗਿਆ ।

Digitized by Panjab Digital Library | www.panjabdigilib.org

ਭੰਘਾ ਸਿੰਘ ਥਾਨੇਸਰੀ ਸੀ† ਸ: ਬਘੇਲ ਸਿੰਘ ਨੇ ਇਸ ਸ੍ਰਦਾਰ ਨੂੰ ਮਰਹੱਟਾ ਧਾਰੋਰਾਉ ਨਾਲ ਬਾਤਚੀਤ ਕਰਨ ਲਈ ਆਪਣੇ ਨਾਲ ਮਿਲਾ ਲਿਆ। ਸ: ਚੈਨ ਸਿੰਘ ਅਤੇ ਇਨ੍ਹਾਂ ਦੋਹਾਂ ਸਰਦਾਰਾਂ ਬਘੇਲ ਸਿੰਘ ਅਤੇ ਭੰਘਾ ਸਿੰਘ ਹੋਰਾਂ ਨੇ ਧਾਰੋਰਾਉ ਨੂੰ ਦੋ ਲਖ ਰੁਪਇਆ ਨਜ਼ਰਾਨੇ ਦੀ ਰਕਮ ਦੇਣੀ ਮੁਕੱਰਰ ਕਰਕੇ ਸਹਾਇਤਾ ਲਈ ਤਿਆਰ ਕਰ ਲਿਆ।

---

†ਥਾਨੇਸਰ ਦੇ ਖਾਨਦਾਨ ਦਾ ਬਾਨੀ ਸਰਹਾਲੀ ਪਿੰਡ ਦੇ ਰਹਿਣ ਵਾਲਾ ਸ: ਮਿਤ ਸਿੰਘ ਸੀ। ਇਹ ਪਿੰਡ ਪਟੀ ਦੇ ਲਾਗੇ ਅੰਮ੍ਰਿਤਸਰ ਦੇ ਇਲਾਕੇ ਵਿਚ ਹੈ, ਇਸ ਨੇ ਸ: ਗੁਰ ਦਿਆਲ ਸਿੰਘ ਪਾਸੋਂ ਅੰਮ੍ਰਿਤ ਛਕਿਆ ਸੀ ਪਹਿਲਾਂ ੨ ਸ: ਮਿਤ ਸਿੰਘ ਸ: ਤਾਰਾ ਸਿੰਘ ਗਾਬਾ ਦਾ ਗੜਵਾ ਬਰਦਾਰ ਸੀ ੧੭੬੫ ਈ: ਵਿਚ ਸ: ਮਿਤਸਿੰਘ ਤਾਰਾ ਸਿੰਘ ਨਾਲੋਂ ਨਰਾਜ਼ ਹੋ ਗਿਆ ਅਤੇ ਉਸ ਦੇ ੨੦੦ ਸਵਾਰਾਂ ਸਮੇਤ ਉਸ ਨਾਲੋਂ ਵਖਰਾ ਹੋਗਿਆ ਅਤੇ ਥਾਨੇਸਰ ਤੇ ਦਲੇਰੀ ਨਾਲ ਹਮਲਾ ਕੀਤਾ ਥਾਨੇਸਰ ਵਿਚ ਦੋ ਕਿਲੇ ਸਨ, ਇਕ ਸਿਖਾਂ ਦੇ ਕਬਜੇ ਵਿਚ ਅਤੇ ਦੂਸਰਾ ਕੈਂਥਲ ਵਾਲਾ ਭਾਈ ਦੇਸੂ ਸਿੰਘ ਪਾਸ ਸੀ। ਸਿਖਾ ਵਾਲਾ ਕਿਲਾ ਸ: ਮੀਤ ਸਿੰਘ ਦੇ ਕਬਜ਼ੇ ਵਿਚ ਆਗਿਆ। ਇਸ ਦੇ ਮਰਨ ਮਗਰੋਂ ਇਸ ਦੇ ਭਧੀਜੇ ਭਾਗ ਸਿੰਘ ਅਤੇ ਭੰਘਾ ਸਿੰਘ ਨੇ ਦੂਸਰਾ ਕਿਲਾ ਇਥੇ ਦੇ ਕਿਲੇਦਾਰ ਨੂੰ ਲਾਲਚ ਦੇਕੇ ਆਪਣੇ ਕਬਜ਼ੇ ਵਿਚ ਕਰ ਲਿਆ। ਇਰਦ ਗਿਰਦ ਦੇ ਇਲਾਕੇ ਤੇ ਕਬਜ਼ਾ ਕਰ ਕੇ ਦੋਹਾਂ ਭਰਾਵਾਂ ਨੇ ਇਲਾਕਾ ਆਪੋ ਵਿਚ ਵੰਡ ਲਿਆ। ਭੰਗਾ ਸਿੰਘ ਦੇ ਹਿਸੇ ਵਿਚ ਬਹੁਤ

Digitized by Panjab Digital Library | www.panjabdigilib.org

ਇਸ ਸਮਝੌਤੇ ਮਗਰੋਂ ਸ੍ਰ: ਬਗੇਲ ਸਿੰਗ ਸ੍ਰ: ਭੰਘਾ ਸਿੰਘ, ਸ੍ਰ: ਚੈਨ ਸਿੰਘ ਅਤੇ ਮਰਹੱਟਾ ਧਾਰੋ ਰਾਉ ਥਾਨੇਸਰ ਪੁਜੇ ਜਿਥੇ ਬੀਬੀ ਰਾਜਿੰਦਰਾ, ਰਾਜਾ ਗਜਪਤ ਸਿੰਘ ਜੀਂਦ ਅਤੇ ਦੀਵਾਨ ਨਾਨੂੰ ਮਲ ਇਸ ਪਾਰਟੀ ਨੂੰ ਮਿਲੇ ਅਤੇ ਸ੍ਰ: ਚੈਨ ਸਿੰਘ ਵਕੀਲ ਦੀ ਰਾਈਂ ਕੀਤੀ ਗਈ ਗਲ ਬਾਤ ਪੱਕੀ ਕੀਤੀ ਗਈ ਇਹ ਸਾਰੀ ਫ਼ੌਜ ਥਾਨੇਸਰ ਤੋਂ ਚਲ ਕੇ ਕੈਂਥਲ ਦੇ ਇਲਾਕੇ ਵਿਚੋਂ ਲੰਘਦੀ ਹੋਈ ਅੰਬਾਲੇ ਪੁਜੀ। ਇਥੋਂ ਦੇ ਸਰਦਾਰਾਂ ਪਾਸੋਂ ਪਟਿਆਲੇ ਦਾ ਦਬਿਆ ਹੋਇਆ ਇਲਾਕਾ ਵਾਪਸ ਲਿਆ ਗਿਆ। ਫ਼ੌਜ ਤਾਂ ਅੰਬਾਲੇ ਤੋਂ ਬਨੂੜ ਨੂੰ ਚਲੀ ਗਈ, ਬੀਬੀ ਰਾਜਿੰਦਰਾ ਪਟਿਆਲੇ ਨੂੰ ਅਤੇ ਰਾਜਾ ਗਜਪਤ

---

-ਇਲਾਕਾ ਆਇਆ। ਸ੍ਰ: ਭੰਘਾ ਸਿੰਘ ਮਰਹੱਠਿਆਂ ਵਿਰੁਧ ਲਾਰਡ ਲਕ ਨਾਲ ਸ਼ਾਮਲ ਹੋਇਆ ਜਿਸ ਕਰਕੇ ਇਸਨੂੰ ਹੋਰ ਇਲਾਕਾ ਭੀ ਮਿਲ ਗਿਆ। ੧੮੦੬ ਈ: ਲਾਡਵਾ ਸਰਦਾਰ ਦੀ ਸਹਾਇਤਾ ਨਾਲ ਦੋਵਾਂ ਪਰਗਨੇ ਤੇ ਕਬਜ਼ਾ ਕਰ ਲਿਆ। ਸ੍ਰ: ਭੰਘਾ ਸਿੰਘ ੧੮੧੫ ਈ: ਵਿਚ ਸਰੀਰ ਤਿਆਗ ਗਿਆ ਇਸ ਦਾ ਇਕ ਪੁਤਰ ਫਤਹਿ ਸਿੰਘ ਅਤੇ ਇਕ ਪੁਤਰੀ ਰੂਪਕੌਰ ਸੀ, ਜਿਸ ਦਾ ਵਿਆਹ ਪਟਿਆਲੇ ਵਾਲੇ ਮਹਾਰਾਜਾ ਕਰਮ ਸਿੰਘ ਨਾਲ ੧੮੧੧ ਈ: ਵਿਚ ਹੋਇਆ। ਫਤਹਿ ਸਿੰਘ ਜਾਇਦਾਦ ਦਾ ਮਾਲਕ ਹੋਇਆ ਇਹ ੧੮੧੯ ਈ: ਵਿਚ ਗੁਰ ਪੁਰੀ ਸਧਾਰ ਗਿਆ ਇਸਦੀਆਂ ਦੋ ਸ੍ਰਦਾਰਨੀਆਂ ਜਿਨਾਂ ਚਿਰ ਤੀਕ ਜੀਉਂਦੀਆਂ ਰਹੀਆਂ ਜਾਇਦਾਦ ਤੇ ਕਾਬਜ ਰਹੀਆਂ ਜਿਸ ਦੇ ਪਿਛੋਂ ਇਹ ਇਲਾਕਾ ਸ੍ਰਕਾਰ ਅੰਗ੍ਰੇਜ਼ੀ ਵਿਚ ਸ਼ਾਮਲ ਹੋਗਿਆ

Digitized by Panjab Digital Library | www.panjabdigilib.org

ਸਿੰਘ ਬੀਮਾਰ ਹੋ ਕੇ ਸਫੀਦੋਂ ਵਲ ਚਲੇ ਗਏ।

ਇਸ ਸੁਦਾਰ ਧਾਰੋ ਰਾਉ ਦੀ ਸਹਾਇਤਾ ਨਾਲ ਦੀਵਾਨ ਨਾਨੂੰ ਮਲ ਨੇ ਬਕਾਇਆ ਮਾਮਲਾ ਵਸੂਲ ਕਰਕੇ ਸਰਕਾਰੀ ਖਜ਼ਾਨੇ ਵਿਚ ਚੋਖੀ ਰਕਮ ਜਮਾ ਕਰ ਲਈ ਅਤੇ ਆਕੀ ਹੋਏ ਸੁਦਾਰਾਂ ਤੇ ਦੀਵਾਨ ਹੋਰਾਂ ਦਾ ਸਿਕਾ ਜਮ ਗਿਆ ਜਿਸ ਕਰਕੇ ਇਨ੍ਹਾਂ ਨੂੰ ਆਕੀ ਹੋਣ ਦਾ ਹੌਂਸਲਾ ਨਾ ਪਿਆ, ਇਹ ਪ੍ਰਸੰਗ ੧੭੮੫ ਈ: ਦਾ ਹੈ।

## (੯) ਬੀਬੀ ਰਾਜਿੰਦਰਾ ਦਾ ਡੀਵਾਨ ਨਾਨੂੰ ਮਲ ਦੀਆਂ ਵਧੀਕੀਆਂ ਦੇ ਕਾਰਨ ਇਸ ਦਾ ਵਿਰੋਧੀ ਹੋਣਾ

੧੭੮੫ ਤੋਂ ੧੭੮੯ ਈ: ਤਕ ਦੀਵਾਨ ਨਾਨੂੰ ਮਲ ਦੀ ਤਾਕਤ ਏਨੀ ਵਧ ਗਈ ਕਿ ਰਿਆਸਤ ਦੇ ਅੰਦਰ ਕੋਈ ਅਹਿਲਕਾਰ ਇਸ ਦਾ ਲਗਾਨ ਨਹੀਂ ਖਾ ਸਕਦਾ ਸੀ। ਇਸੇਕਰ ਕੇ ਹੀ ਦੀਵਾਨ ਕਿਸੇ ਅਹਿਲਕਾਰ ਦੀ ਪ੍ਰਵਾਹ ਨਹੀਂ ਕਰਦਾ ਸੀ। ਅਹਿਲਕਾਰ ਬੀਬੀ ਰਾਜਿੰਦਰਾ ਦੇ ਦਬਾਉ ਕਰਕੇ ਸਿਰ ਚੁਕਣ ਤੇ ਅਸਮਰਥ ਸਨ ਪਰ ਦਿਲ ਤੋਂ ਇਸ ਦੇ ਸਖਤ ਵਿਰੋਧੀ ਸਨ ਅਤੇ ਹਰ ਵੇਲੇ ਮੌਕੇ ਦੀ ਤਾਕ ਵਿਚ ਰਹਿੰਦੇ ਸਨ ਮਹਾਰਾਜਾ ਸਾਹਿਬ ਸਿੰਘ ਦੀ ਆਯੂ ਇਸ ਵੇਲੇ ਲਗ ਭਗ ੧੫ ਸਾਲਾਂ ਦੀ ਸੀ ਅਤੇ ਉਹ ਰਾਜ ਕਾਜ ਸੰਭਾਲਣ ਦੀ ਇਛਾ ਰਖਦੇ ਸਨ। ਦੀਵਾਨ ਨਾਨੂੰ ਮਲ ਆਪਣੀ ਹਕੂਮਤ ਛੱਡਣਾ ਨਹੀਂ ਚਾਹੁੰਦਾ ਸੀ। ਇਸ ਕਰਕੇ ਮਹਾਰਾਜਾ ਸਾਹਿਬ

Digitized by Panjab Digital Library | www.panjabdigilib.org

ਸਿੰਘ ਨੂੰ ਹਰ ਵੇਲੇ ਸ਼ਿਕਾਰ ਆਦਿਕ ਕੇਵਲ ਲਾਈ ਰਖਣਾ ਚਾਹੁੰਦਾ ਸੀ। ਸਰਕਾਰ ਪਟਿਆਲਾ ਇਸ ਚਾਲ ਨੂੰ ਅਨੁਭਵ ਕਰਦੇ ਸਨ । ਪਰ ਰਾਜਨੀਤੀ ਨੂੰ ਮੁਖ ਰਖਕੇ ਚੁਪ ਸਨ। ਦੀਵਾਨ ਨਾਨੂੰ ਮਲ ਕਿਸੇ ਸਰਦਾਰ ਅਥਵਾ ਐਹਲਕਾਰ ਦੇ ਅਹੁਦੇ ਅਤੇ ਧਾਰਮਕ ਜਜ਼ਬਾਤ ਦੀ ਪ੍ਰਵਾਹ ਨਹੀਂ ਕਰਦਾ ਸੀ। ਸਿਖ ਸਰਦਾਰਾਂ ਨੂੰ ਮਿਲਣ ਸਮੇਂ ਦਰਬਾਰ ਵਿਚ ਹੁਕਾ ਪੀਂਦਾ ਰਹਿੰਦਾ ਜਿਸਨੂੰ ਐਹਲਕਾਰ ਧਾਰਮਕ ਅਸੂਲ ਦੀ ਵਿਰੋਧੀ ਗੱਲ ਹੋਣਦੇ ਕਾਰਨ ਬੁਰਾ ਪ੍ਰਤੀਤ ਕਰਦੇ ਸਨ । ਦੀਵਾਨ ਨਾਨੂੰ ਮਲ ਕਹਿਣ ਸੁਣਨ ਤੇ ਭੀ ਇਸ ਵ੍ਰਤੀਰੇ ਨੂੰ ਬਦਲਨ ਨੂੰ ਤਿਆਰ ਨਹੀਂ ਸੀ। ਚੰਗੇ ੨ ਇਲਾਕਿਆਂ ਉਤੇ ਇਸ ਨੇ ਆਪਣੇ ਰਿਸ਼ਤੇਦਾਰ ਅਤੇ ਪੁਤ੍ਰ ਆਦਿਕ ਨੀਯਤ ਕਰ ਦਿਤੇ ਸਨ ਜੋ ਐਹਲਕਾਰਾਂ ਦੇ ਦੁਖਾਉਣ ਦਾ ਕਾਰਨ ਬਣ ਗਏ ਏਹੋ ਜੇਹੀਆਂ ਗੱਲਾਂ ਕਰਕੇ ਭਾਵੇਂ ਐਹਲਕਾਰ ਦੀਵਾਨ ਦੇ ਵਿਰੋਧੀ ਸਨ । ਪਰ ਬੀਬੀ ਰਾਜਿੰਦਰਾ ਅਤੇ ਮਹਾਰਾਜਾ ਸਾਹਿਬ ਸਿੰਘ ਦੇ ਦਬਾਉ ਕਰਕੇ ਚੁਪ ਸਨ।

ਮਰਦਾਨਪੁਰ ਦੇ ਕਿਲੇਦਾਰ ਬਸੰਤ ਰਾਇ ਉੱਤੇ ਮਹਾ-ਰਾਜਾ ਸਾਹਿਬ ਸਿੰਘ ਅਤੇ ਬੀਬੀ ਰਾਜਿੰਦਰਾ ਦੋਵੇਂ ਪ੍ਰਸਨ ਸਨ ਜਿਸਨੂੰ ਦੀਵਾਨ ਭੀ ਜਾਣਦਾ ਸੀ । ਇਸ ਨੇ ਐਹਲਕਾਰਾਂ, ਮਹਾਰਾਜਾ ਸਾਹਿਬ ਸਿੰਘ ਅਤੇ ਬੀਬੀ ਰਾਜਿੰਦਰਾ ਤੇ ਦਬਾਉ ਪਾਣ ਨੂੰ ਮੁਖ ਰਖ ਕੇ ਕਿਸੇ ਬਹਾਨੇ ਨਾਲ ਕਿਲੇਦਾਰ ਬਸੰਤ ਰਾਇ ਨੂੰ ਕੈਦ ਕਰ ਦਿਤਾ ਅਤੇ ਉਸ ਦੀ ਜਾਇਦਾਦ ਭੀ ਜ਼ਬਤ ਕਰ ਲਈ। ਬੀਬੀ ਰਾਜਿੰਦਾ ਤੇ ਮਹਾਰਾਜਾ ਸਾਹਿਬ ਸਿੰਘ ਨੇ ਇਸ ਦੇ ਛੱਡਣ ਅਤੇ ਜਾਇਦਾਦ ਵਾਪਸੀ ਕਰਨ ਬਾਬਤ

Digitized by Panjab Digital Library | www.panjabdigilib.org

ਕਿਹਾ ਪਰ ਦੀਵਾਨ ਨੇ ਇਸ ਗੱਲ ਦੀ ਕੋਈ ਪ੍ਰਵਾਹ ਨਾ ਕੀਤੀ

ਐਹਲਕਾਰ ਤਾਂ ਦੀਵਾਨ ਨਾਨੂੰ ਮਲ ਦੇ ਪਹਿਲਾਂ ਹੀ ਵਿਰੋਧੀ ਸਨ । ਮਹਾਰਾਜਾ ਸਾਹਿਬ ਸਿੰਘ ਸਮਝਦੇ ਸਨ ਕਿ ਦੀਵਾਨ ਉਹਨਾਂ ਦੇ ਰਾਜ ਕਾਜ ਸੰਭਾਲਣ ਵਿਚ ਰੋੜਾ ਅਟਕਾ ਰਿਹਾ ਹੈ। ਮਰਦਾਨਪੁਰ ਦੇ ਕਿਲੇਦਾਰ ਬਸੰਤ ਰਾਏ ਨੂੰ ਬੇਕਸੂਰ ਕੈਦ ਕਰਣ ਅਤੇ ਜਾਇਦਾਦ ਜ਼ਬਤ ਕਰਨ ਤੇ ਮਹਾਰਾਜਾ ਸਾਹਿਬ ਸਿੰਘ ਅਤੇ ਬੀਬ ਰਾਜਿੰਦਰਾ ਨੂੰ ਇਸ ਦੇ ਵਿਰੁਧ ਕਰ ਦਿਤਾ ਪਰ ਦੋਬਾਰਾ ਕਹਿਣ ਤੇ ਛੱਡਣ ਤੇ ਨਾਰਾਜ਼ਗੀ ਦੀ ਗੰਡ ਨੂੰ ਵਧੀਕ ਪਕਾਕੀਤਾ ਜਿਸਦਾ ਖੋਲਣਾ ਦੀਵਾਨ ਨਾਨੂੰ ਮਲ ਲਈ ਕੋਈ ਸੌਖਾ ਕੰਮ ਨਹੀਂ ਸੀ ।

ਸਰਕਾਰ ਪਟਿਆਲਾ ਅਤੇ ਬੀਬੀ ਰਾਜਿੰਦਰਾ ਦੀਆਂ ਨਾਨੂੰ ਮਲ ਦੇ ਉਲਟ ਅੱਖਾਂ ਬਦਲੀਆਂ ਵੇਖਕੇ ਐਹਲਕਾਰਾਂ ਨੇ ਖੁਲਮ-ਖੁਲਾ ਸ਼ਕਾਇਤਾਂ ਕਰਨੀਆਂ ਆਰੰਭ ਦਿਤੀਆਂ ਅਤੇ ਸਰਕਾਰ ਅਤੇ ਬੀਬੀ ਹੋਰਾਂ ਨੂੰ ਇਹ ਚੰਗੀ ਤਰਾਂ ਨਿਸਚਾ ਕਰਾ ਦਿਤਾ ਕਿ ਜਿੰਨ ਚਿਰ ਦੀਵਾਨ ਦਾ ਜ਼ੋਰ ਰਹੇਗਾ ਉਹ ਰਾਜ ਪ੍ਰਬੰਧ ਕਦੇ ਆਪਣੇ ਹੱਥ ਵਿਚੋਂ ਨਹੀਂ ਛਡੇਗਾ ਇਸ ਕਰਕੇ ਬੀਬੀ ਰਾਜਿੰਦਰਾ ਅਤੇ ਮਹਾਰਾਜਾ ਸਾਹਿਬ ਸਿੰਘ ਰਾਜਪ੍ਰਬੰਧ ਵਿਚ ਅਦਲਾ ਬਦਲੀਆਂ ਕਰਨ ਦੇ ਆਹਰ ਵਿਚ ਲਗ ਪਏ ।

## (੧੦) ਮਰਹੱਟਾ ਸਰਦਾਰ ਗਾਨੀ ਖਾਂ ਦਾਦਾ ਜੀ ਅਤੇ ਅਲੀ ਬਹਾਦਰ ਅਤੇ ਬੀਬੀ ਰਾਜਿੰਦਰਾ

ਔਰੰਗਜੇਬ ਦੇ ਮਰਨ ਮਘਰੋਂ ਦਿਲੀ ਰਾਜ ਦੇ

Digitized by Panjab Digital Library | www.panjabdigilib.org

ਮੁਗ਼ਲੀਆ ਬਾਦਸ਼ਾਹ ਦੇ ਤੇਜ ਪ੍ਰਤਾਪ ਘਟਣ ਲਗੇ ਨੂੰ ਲਗ ਭਗ ੮੦ ਸਾਲ ਹੋ ਚੁਕੇ ਸਨ ਅਤੇ ਇਹ ਹਾਲਤ ਦਿਨੋ ਦਿਨ ਵਿਗੜੀ ਜਾਂਦੀ ਸੀ। ਜਿਸ ਵਜ਼ੀਰ ਦਾ ਦਾਉ ਲਗ ਜਾਦਾ ਸੀ। ਉਹ ਬਾਦਸ਼ਾਹ ਤੇ ਕਾਬੂ ਪਾਕੇ ਉਸ ਦੇ ਨਾਉਂ ਉਤੇ ਚੰਗੀ ਤਰਾਂ ਲੁਟ ਮਾਰ ਕਰਨ ਲਗ ਪੈਂਦਾ ਸੀ। ਉਸ ਦੀਆਂ ਵਿਰੋਧੀ ਪਾਰਟੀਆਂ ਉਸਨੂੰ ਹਾਰ ਦੇਣ ਅਤੇ ਉਸ ਉਤੇ ਹੱਥ ਸਾਫ ਕਰਨ ਦੇ ਆਹਰ ਵਿਚ ਲਗੀਆਂ ਰਹਿੰਦੀਆਂ ਸਨ। ਇਸ ਸਮੇਂ ਗੁਲਾਮ ਕਾਦਰ ਰੁਹੇਲੇ ਦਾ ਜ਼ੋਰ ਸੀ। ਇਸ ਨੇ ਸ਼ਾਹ ਆਲਮ ਬਾਦਸ਼ਾਹ ਦਿਲੀ ਨੂੰ ਉਸਦੀ ਬਇਜ਼ਤੀ ਕਰਕੇ ਅਤੇ ਉਸਦੀਆਂ ਅੱਖੀਆਂ ਕੱਢਕੇ ਅਪਣੇ ਕਬਜ਼ ਵਿਚ ਕਰ ਲਿਆ। ਜ਼ੁਲਮ ਦੇ ਦਿਨ ਬਹੁਤਾ ਚਿਰ ਨਹੀਂ ਰਿਹਾ ਕਰਦੇ। ਮਰਹੱਟਾ ਫ਼ੌਜ ਦੇ ਲੀਡਰ ਮਰਾਦਾ ਜੀ ਸਿੰਧੀਆਂ ਨੇ ਇਸ ਸ਼ਾਹੀ ਬੇਇਜ਼ਤੀ ਦਾ ਬਦਲਾ ਲੈਕੇ ਮੁੜ ਬਾਦਸ਼ਾਹ ਨੂੰ ਤਖਤ ਤੇ ਬਠਾਇਆ ਅਤੇ ਦਿਲੀ ਦੇ ਤਖਤ ਦਾ ਪ੍ਰਬੰਧ ਸ਼ਾਹੀ ਨਾਉਂ ਉਤੇ ਕਰਨ ਲਗ ਪਆ ਸੀ। ਇਸ ਇਲਾਕੇ ਦਾ ਪ੍ਰਬੰਧ ਕਰਨ ਮਗਰੋਂ ਇਸ ਨੇ ਜਮਨਾ ਤੋਂ ਉਤਰ ਵਲ ਦੇ ਇਲਾਕੇ ਵਿਚ ਸ਼ਾਹੀਨਾਉਂ ਤੇ ਆਪਣੀ ਈਨ ਮਨਾਉਣ ਦਾ ਆਹਾਰ ਕੀਤਾ ਅਤੇ ਮਰਹੱਟਾ ਫ਼ੌਜ ਰਾਨੀ ਖਾਂ ਦਾਦਾ ਜੀਅ ਅਤੇ ਅਲੀ ਬਹਾਦਰ ਦਾ ਅਧੀਨ ਦੇਕੇ ਪੰਜਾਬ ਵੱਲ ਤੋਰ ਦਿਤਾ। ਇਹ ਫ਼ੌਜ ਥਾਨੇਸਰ ਆਕੇ ਠਹਿਰ ਗਈ। ਇਹ ਆਸ ਕੀਤੀ ਜਾਂਦੀ ਸੀ ਕਿ ਇਹ ਫ਼ੌਜ ਪਟਿਆਲਾ ਆਦਿਕ ਵਲ ਨਹੀਂ ਆਵੇਗੀ ਸੁਦਰ ਭੰਘਾ ਸਿੰਘ ਥਾਨੇਸਰੀ ਨੇ ਇਸ ਫ਼ੌਜ ਤੇ ਲੁਟ ਮਾਰ ਕਰਨੀ ਆਰੰਭ ਕਰ ਦਿਤੀ ਜਿਸ ਕਰਕੇ ਫ਼ੌਜ ਨੇ ਧਾਵਾ ਕਰ ਦਿਤਾ ਅਤੇ

Digitized by Panjab Digital Library | www.panjabdigilib.org

ਇਹ ਵਧਦੀ ੨ ਅਜਰਾਨੇ ਤਕ ਪੁਜ ਗਈ ਜੋ ਪਟਿਆਲੇ ਤੋਂ ਲਗ ਭਗ ਅਠ ਮੀਲ ਹੈ।

ਦਰਬਾਰ ਪਟਿਆਲੇ ਦੀ ਹਾਲਤ ਇਸ ਵੇਲੇ ਬਹੁਤ ਨਾਜ਼ਕ ਸੀ। ਮਹਾਰਾਜਾ ਸਾਹਿਬ ਸਿੰਘ ਅਤੇ ਬੀਬੀ ਰਾਜਿੰਦਾ ਨੂੰ ਦੀਵਾਨ ਨਾਨੂੰ ਮਲ ਤੇ ਭਰੋਸਾ ਨਹੀ ਰਿਹਾ ਸੀ। ਐਹਲਕਾਰਾਂ ਦੀਆਂ ਪਾਰਟੀਆਂ ਬਣੀਆਂ ਹੋਈਆਂ ਸਨ ਜਿਸ ਕਰਕੇ ਫ਼ੌਜ ਦਾ ਤਿਆਰ ਕਰਨਾ ਔਖਾ ਸੀ। ਸਰਕਾਰੀ ਖਜਾਂਨੇ ਦੀ ਹਾਲਤ ਭੀ ਕੁਝ ਚੰਗੀ ਨਹੀਂ ਸੀ। ਇਕ ਪਾਸੇ ਰਾਜ ਪ੍ਰਬੰਧ ਨਾਨੂੰ ਮਲ ਦੇ ਹਥ ਵਿਚੋਂ ਲੈਕੇ ਕਿਸੇ ਦੂਸਰੇ ਐਹਲਕਾਰ ਦੇ ਸਪੁਰਦ ਕਰਨ ਦੀਆਂ ਤਜਵੀਜਾਂ ਹੋਰੀਆਂ ਸਨ ਦੂਜੇ ਪਾਸੇ ਨਾਨੂੰ ਮਲ ਆਪਣੇ ਅਧਿਕਾਰ ਕਾਇਮ ਰਖਣ ਦੇ ਆਹਰ ਵਿਚ ਲਗਾ ਹੋਇਆ ਸੀ। ਇਕ ਦੂਜੇ ਦੀ ਬੇਇਤਬਾਰੀ ਨੇ ਵਧੀਕ ਨਾਜ਼ਕ ਹਾਲਤ ਪੈਦਾ ਕਰ ਦਿਤੀ ਅਤੇ ਇਸ ਸਮੇਂ ਮਰਹੱਟਾ ਫੌਜ ਦਾ ਰੋਕਣਾ ਕੋਈ ਸੌਖਾ ਕੰਮ ਪ੍ਰਤੀਤ ਨਹੀਂ ਹੁੰਦਾ ਸੀ।

ਮਰਹੱਟਾ ਫੌਜ ਦੇ ਰੋਕਣ ਦੇ ਦੋ ਹੀ ਤਰੀਕੇ ਸਨ ੧ ਜੰਗ ਕੀਤਾ ਜਾਂਦਾ ੨ ਨਜ਼ਰਾਨਾ ਆਦਿਕ ਦੇਕੇ ਪਿਛੇ ਮੋੜਿਆ ਜਾਂਦਾ ਜੰਗ ਕਰਨਾ ਫੌਜ ਦੀ ਗੜ ਬੜੀ ਦੇ ਕਾਰਨ ਅਸੰਭਵ ਸੀ ਨਜਰਾਨੇ ਬਾਬਤ ਇਹ ਸਵਾਲ ਸੀ ਕਿ ਸਰਕਾਰੀ ਖਜਾਨੇ ਵਿਚ ਰਕਮ ਨਹੀਂ ਸੀ ਅਤੇ ਜੋ ਕੋਈ ਭੀ ਪ੍ਰਬੰਧ ਕਰਦਾ ਉਸਨੂੰ ਆਪਣੀ ਜਿਮੇਵਾਰੀ ਤੇ ਕਰਨਾ ਪੈਂਦਾ ਸੀ। ਬੀਬੀ ਰਾਜਿੰਦਰਾ ਦੀਵਾਨ ਨਾਨੂੰ ਮਲ ਨੂੰ ਵਜ਼ੀਰ ਹੋਣ ਦੀ ਹੈਸੀਅਤ ਵਿਚ ਨਜਰਾਨੇ ਦੇ ਪ੍ਰਬੰਧ ਕਰਨ ਦਾ ਜ਼ਿੰਮੇਵਾਰ ਸਮਝਦੇ ਸਨ।

Digitized by Panjab Digital Library | www.panjabdigilib.org

ਦੀਵਾਨ ਨਾਨੂੰ ਮਲ ਬੀਬੀ ਰਾਜਿੰਦਰਾ ਦੀ ਸਹਾਇਤਾ ਤੋ ਬਿਨਾ ਇਸ ਪ੍ਰਬੰਧ ਕਰਨ ਤੋਂ ਅਸਮਰਥ ਸੀ। ਜੋ ਬੇਇਤਬਾਰੀ ਦੇ ਕਾਰਨ ਨਹੀਂ ਮਿਲ ਸਕਦੀ ਸੀ।

ਦੀਵਾਨ ਹੁਸ਼ਿਆਰ ਚਾਲਾਕ ਅਤੇ ਨੀਤੀ ਨਿਪੁਨ ਸੀ। ਮਰਹੱਟਾ ਫੌਜ ਦੇ ਆਉਣ ਦੀ ਖਬਰ ਸੁਣਦੇ ਸਾਰ ਬੀਬੀ ਰਾਜਿੰਦਰਾ ਪਾਸ ਪੁਜਾ ਅਤੇ ਨਜ਼ਰਾਨੇ ਦਾ ਪ੍ਰਬੰਧ ਕਰਨ ਬਾਬਤ ਕਿਹਾ। ਬੀਬੀ ਰਾਜਿੰਦਰਾ ਘਟ ਨੀਤੀਵਾਨ ਨਹੀਂ ਸਨ ਝਟ ਤਾੜ ਗਏ ਅਤੇ ਕੋਰਾ ਜਵਾਬ ਦਿਤਾ ਕਿ ਬਾਹੈਸੀਅਤ ਦੀਵਾਨ ਰਿਆਸਤ ਦੇ ਇਸ ਨਜ਼ਰਾਨੇ ਦਾ ਪ੍ਰਬੰਧ ਕਰਨਾ ਉਸ ਦਾ ਕੰਮ ਹੈ ਜੋ ਇਸ ਨੂੰ ਸ਼ੀਘਰ ਹੀ ਕਰਨਾ ਚਾਹੀਦਾ ਹੈ।

ਇਸ ਉਤਰ ਮਿਲਣ ਤੇ ਦੀਵਾਨ ਨਾਨੂੰ ਮਲ ਨੇ ਇਕ ਹੋਰ ਰਾਜਨੀਤੀ ਵਾਲੀ ਤਜਵੀਜ ਬੀਬੀ ਰਾਜਿੰਦਰਾ ਦੇ ਪੇਸ਼ ਕੀਤੀ। ਤਜਵੀਜ ਕੀਤਾ ਕਿ ਇਸ ਸਮੇਂ ਸ਼ਾਹੀ ਪ੍ਰਵਾਰ ਬਠਿੰਡੇ ਚਲਿਆ ਜਾਵੇ ਤਾਂ ਠੀਕ ਰਹੇਗਾ। ਉਹ ਮਰਹੱਟਿਆਂ ਨਾਲ ਨਜਰਾਨੇ ਆਦਿਕ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰੇ-ਗਾ। ਬੀਬੀ ਰਾਜਿੰਦਰਾ ਨੂੰ ਵਿਸ਼ਵਾਸ ਤਾ ਪਹਿਲਾਂ ਹੀ ਨਹੀਂ ਸੀ। ਅਤੇ ਇਸ ਤਜਵੀਜ ਨ ਉਨ੍ਹਾਂ ਦੇ ਮਨ ਵਿਚ ਵਧੀਕ ਸ਼ੰਕਾ ਪਾ ਦਿਤਾ ਕਿ ਦੀਵਾਨ ਜ਼ਰੂਰ ਨਿਮਕ ਹਰਾਮੀ ਕਰੇਗਾ ਇਸ ਕਰਕੇ ਇਸ ਤਜਵੀਜ ਨਾਲ ਸੰਮਤੀ ਨਾ ਕੀਤਾ ਅਤੇ ਉਕਾ ਜਵਾਬ ਦੇ ਦਿਤਾ ਅਤੇ ਆਪ ਵਧੀਕ ਚੌਕਸ ਹੋਗਏ।

ਦੀਵਾਨ ਨਾਨੂੰ ਮਲ ਇਸ ਵੇਲੇ ਸਹੁਤ ਕੁੜੱਕੀ ਵਿਚ ਆਗਿਆ। ਇਸ ਮੌਕੇ ਤੇ ਇਕ ਹੋਰ ਰਾਜਨੀਤੀ ਚਾਲ ਖੇਡੀ ਜੈਲਦਾਰ ਆਦਿਕ ਦੀ ਜਿਥੋਂ ਤਕ ਹੋ ਸਕਦਾ ਸੀ ਫ਼ੌਜ ਇਕੱਠੀ

Digitized by Panjab Digital Library | www.panjabdigilib.org

ਕਰਕੇ ਮਰਹੱਟਾ ਕੌਮ ਵਿਚ ਚਲਿਆ ਗਿਆ। ਇਲਾਕੇ ਦਾ ਭੇਤੀ ਅਤੇ ਰਾਜਨੀਤੀ ਨਿਪੁਨ ਹੋਣ ਕਰਕੇ ਇਸ ਮਰਹੱਟਿਆਂ ਦੇ ਸਰਦਾਰ ਗਣੀ ਖਾਂ ਨਾਲ ਦੋਸਤੀ ਪਾ ਲਈ। ਇਹ ਹੇਠਾੜ ਸਤਲੁਜ ਦੇ ਹਰ ਇਕ ਰਈਸ ਦੀ ਹੈਸੀਅਤ ਦਸਕੇ ਮਰਹੱਟਾ ਸਰਦਾਰਾਂ ਨੂੰ ਨਜਰਾਨੇ ਦੀ ਰਕਮ ਨੀਯਤ ਕਰਨ ਵਿਚ ਖਾਸ ਸਹਾਇਕ ਸਾਬਤ ਹੋਇਆ ਜਿਸ ਕਰਕੇ ਇਹ ਸਰਦਾਰ ਇਸ ਤੇ ਬਹੁਤ ਪ੍ਰਸੰਨ ਸਨ। ਅਤੇ ਇਸ ਦੇ ਕਹੇ ਦੇ ਉਲਟ ਨਹੀਂ ਚਲਦੇ ਸਨ। ਇਸ ਦੇ ਦਬਾਉ ਕਾਰਨ ਬੀਬੀ ਰਾਜਿੰਦਰਾ ਤੇ ਮਰਹੱਟਾ ਸਰਦਾਰਾਂ ਨਾਲ ਨਜ਼ਰਾਨੇ ਦੇ ਫੈਸਲੇ ਕਰਨ ਸਮੇਂ ਬਹੁਤ ਔਕੜਾਂ ਪੇਸ਼ ਆਈਆਂ।

ਜਿਸ ਵੇਲੇ ਹੋਰ ਰਈਸਾਂ ਵਲੋਂ ਨਜ਼ਰਾਨਾ ਆਦਿਕ ਦੀ ਰਕਮ ਦੇ ਭਰ ਦੇਣ ਦਾ ਫੈਸਲਾ ਹੋ ਗਿਆ ਤਾਂ ਅੰਤ ਵਿਚ ਮਰਹੱਟਾ ਸਰਦਾਰਾਂ ਨੇ ਪਟਿਆਲੇ ਦੇ ਨਜਰਾਨੇ ਦਾ ਸਵਾਲ ਛੇੜਿਆ। ਯੋਗ ਤਾਂ ਇਹ ਸੀ ਕਿ ਦੀਵਾਨ ਵਜੀਰ ਹੋਣ ਦੇ ਕਾਰਨ ਨਜ਼ਰਾਨੇ ਦਾ ਫੈਸਲਾ ਆਪ ਕਰਦਾ ਪਰ ਇਸ ਨੇ ਦਬਾਉ ਬਠਾਉਣ ਲਈ ਬੀਬੀ ਰਾਜਿੰਦਰਾ ਪਾਸ ਇਹ ਸੰਦੇਸਾ ਭੇਜਿਆ ਕਿ ਨਜ਼ਰਾਨੇ ਦੀ ਰਕਮ ਤਿਆਰ ਰਖੀ ਜਾਵੇ ਨਹੀਂ ਤਾਂ ਮਰਹੱਟੇ ਹਮਲਾ ਕਰ ਦੇਣ ਗੇ। ਇਸਦਾ ਉਤ੍ਰ ਬੀਬੀ ਰਾਜਿੰਦਰਾ ਨੇ ਪਹਿਲਾਂ ਵਾਂਗ ਇਹ ਦਿਤਾ ਕਿ ਦੀਵਾਨ ਨਾਨੂੰ ਮਲ ਇਸਦਾ ਪ੍ਰਬੰਦ ਕਰਨ ਦਾ ਜ਼ੁਮੇਵਾਰ ਹੈ।

ਦੀਵਾਨ ਨਾਨੂੰ ਮਲ ਦੇ ਸ਼ਰਾਰਤੀ ਅਤੇ ਨਿਮਕ ਹਰਾਮ ਹੋਣ ਦਾ ਬੀਬੀ ਰਾਜਿੰਦਰਾ ਨੂੰ ਪਕਾ ਨਿਸਚਾ ਹੋ ਚੁਕਿਆ ਸੀ।

Digitized by Panjab Digital Library | www.panjabdigilib.org

ਬੀਬੀ ਹੋਰਾਂ ਨੂੰ ਰਾਜਨੀਤੀ ਅਨੁਸਾਰ ਅਹਿਲਕਾਰਾਂ ਦੀ ਰਾਹੀਂ ਦੀਵਾਨ ਦੇ ਪੁਤਰ ਦੇਵੀ ਦਿਤਾ ਮਲ ਨੂੰ ਸੱਦਕੇ ਕੈਦ ਕਰ ਦਿਤਾ ਤਾਂ ਕਿ ਦੀਵਾਨ ਇਸ ਦਬਉ ਵਿਚ ਆਕੇ ਰਿਆਸਤ ਵਿਰੁਧ ਕੋਈ ਕਾਰਵਾਈ ਨਾ ਕਰੇ। ਪਰ ਇਸ ਦਾ ਨਤੀਜਾ ਚੰਗਾ ਨਾ ਨਿਕਲਿਆ। ਦੀਵਾਨ ਨਾਨੂੰ ਮਲ ਮਰਹੱਟਿਆ ਨਾਲ ਨਜ਼ਰਾਨੇ ਬਾਬਤ ਦਬਾਉ ਪਾਕੇ ਬੀਬੀ ਰਾਜਿੰਦਰਾ ਨਾਲ ਸਮਝੌਤਾ ਕਰਨ ਦੀ ਆਸ ਰਖਦਾ ਸੀ, ਪਰ ਦੇਵੀ ਦਿਤਾ ਮਲ ਦੇ ਕੈਦ ਕਰਨ ਨ ਇਸ ਸਮਝੌਤੇ ਦੀ ਆਸ ਤੇ ਪਾਣੀ ਫੇਰ ਦਿਤਾ। ਇਸ ਸਮੇਂ ਦੀਵਾਨ ਨੂੰ ਆਪਣੇ ਅਧਿਕਾਰ ਕਾਇਮ ਰਖਣ ਅਤੇ ਦੇਵੀ ਦਿਤਾ ਮਲ ਨੂੰ ਕੈਦ ਤੋਂ ਛੁਡਾਉਣ ਲਈ ਮਰਹੱਟੇ ਸਰਦਾਰਾਂ ਨੂੰ ਚੁਕਕੇ ਪਟਿਆਲੇ ਤੇ ਹਮਲਾ ਕਰਾਉਣ ਤੋਂ ਬਿਨਾ ਹੋਰ ਕੋਈ ਇਲਾਜ ਨਾ ਸੁਝਿਆ। ਉਸਨੇ ਮਰਹੱਟਾ ਸਰਦਾਰ ਦਾਦਾ ਜੀ ਨੂੰ ਚੁਕਕੇ ੩0,000 ਫ਼ੌਜ ਨਾਲ ਪਟਿਆਲਾ ਤੇ ਹਮਲਾ ਕਰ ਦਿਤਾ।

## ੧੧) ਕਿਲਾ ਬਹਾਦਰ ਗੜ੍ਹ ਤੇ ਮਰਹੱਟਿਆਂ ਦਾ ਕਬਜ਼ਾ ਹੋਣਾ

ਮਰਹੱਟਾ ਫ਼ੌਜ ਅਜਰਾੜੇ ਤੋਂ ਚਲਕੇ ਸੂਲਰ ਪੁਜਗਏ ਜੋ ਪਟਿਆਲੇ ਤੋਂ ਦੋ ਤਿੰਨ ਮੀਲ ਹੈ ਇਥੇ ਪਹੁੰਚ ਦੀਵਾਨ ਨਾਨੂੰ ਮਲ ਨੇ ਬੀਬੀ ਰਾਜਿੰਦਰਾ ਪਾਸ ਸੰਦੇਸਾ ਭੇਜਿਆ ਕਿ

Digitized by Panjab Digital Library | www.panjabdigilib.org

ਜਿਨ੍ਹਾਂ ਚਿਰ ਤਕ ਉਸ ਦੇ ਪੁਤਰ ਦੇਵੀ ਦਿਤਾ ਮਲ ਨੂੰ ਕੈਦ ਵਿਚੋਂ ਨਹੀਂ ਛਡਿਆ ਜਾਂਦਾ ਉਨ੍ਹਾਂ ਚਿਰ ਤਕ ਉਹ ਪਟਿਆਲੇ ਦੇ ਹਕ ਵਿਚ ਮਰਹੱਟਿਆਂ ਨਾਲ ਕਿਸੇ ਪ੍ਰਕਾਰ ਦੇ ਸਮਝੌਤੇ ਦੀ ਗਲ ਬਾਤ ਕਰਨ ਲਈ ਤਿਆਰ ਨਹੀਂ ਹੈ। ਬੀਬੀ ਰਾਜਿੰਦਰਾ ਨੇ ਸ਼ਹਿਰ ਪਟਿਆਲਾ ਨੂੰ ਹਮਲੇ ਤੋਂ ਬਚਾਉਣ ਦੀ ਤਿਆਰੀ ਆਰੰਭ ਕਰ ਦਿਤੀ, ਪਰ ਨਾਲ ਲਗਦੇ ਰਾਜਨੀਤੀ ਨੂੰ ਮੁਖ ਰਖਕੇ ਦੇਵੀ ਦਿਤਾ ਮਲ ਨੂੰ ਕੈਦ ਵਿਚੋਂ ਛਡ ਦਿਤਾ।

ਪੜੋਸੀ ਰਈਸ ਅਤੇ ਖਾਸ ਕਰਕੇ ਸ੍ਰਃ ਬਘੇਲ ਸਿੰਘ ਨੇ ਆਪੋ ਵਿਚ ਮਰਹੱਟਿਆਂ ਨਾਲ ਸਮਝੋਤਾ ਕਰਾਉਣ ਦੀ ਕੋਸ਼ਿਸ਼ ਕੀਤੀ। ਬੀਬੀ ਰਾਜਿੰਦਰਾ ਇਕ ਪੈਸਾ ਵੀ ਬਤੌਰ ਨਜ਼ਰਾਨੇ ਦੇ ਦੇਣ ਲਈ ਤਿਆਰ ਨਹੀ ਸਨ ਬੀਬੀ ਰਾਜਿੰਦਰਾ ਨਾਭੇ ਵਾਲੀ ਰਾਣੀ ਦੇਸੋ ਦੀ ਤਰਾਂ ਕਈ ਵਾਰੀ ਮਰਹੱਟਾ ਕੌਮ ਵਿਚ ਚੰਗੀਆਂ ਸ਼ਰਤਾ ਉਤੇ ਸਮਝੋਤਾ ਕਰਨ ਲਈ ਗਏ ਪਰ ਦੀਵਾਨ ਨਾਨੂੰ ਮਲ ਦੀ ਵਿਰੋਧਤਾ ਦੇ ਕਾਰਨ ਕੋਈ ਗਲ ਬਾਤ ਸਿਰੇ ਨਾ ਚੜ੍ਹੀ।

ਮਰਹੱਟੇ ਖੁਲ੍ਹਮ ਖੁਲ੍ਹਾ ਜੰਗ ਕਰਨ ਤੋਂ ਬਚਦੇ ਸਨ, ਪਰ ਨਾਲ ਲਗਦੇ ਉਹ ਸਮਝੋਤੇ ਦੀ ਉਡੀਕ ਕਰਦੇ ਕਰਦੇ ਤੰਗ ਹੋ ਗਏ ਸਨ। ਇਹ ਚਾਹੁੰਦੇ ਸਨ ਕਿ ਇਨ੍ਹਾਂ ਨੂੰ ਕੋਈ ਕਿਲ੍ਹਾ ਠਹਿਰਨ ਲਈ ਦਿਤਾ ਜਾਵੇ। ਕਿਲ੍ਹਾ ਬਹਾਦਰ ਗੜ੍ਹ ਤੇ ਇਨ੍ਹਾਂ ਦੀ ਅੱਖ ਸੀ ਜੋ ਪਟਿਆਲੇ ਤੋਂ ਪੰਜ ਮੀਲ ਦੇ ਕਰੀਬ ਹੈ। ਬੀਬੀ ਰਾਜਿੰਦਰਾ ਸਮਝਦੇ ਸਨ ਕਿ ਜੇ ਕੋਈ ਕਿਲ੍ਹਾ ਇਨਾਂ ਦੇ ਕਬਜੇ ਵਿਚ ਆਗਿਆ ਤਾਂ ਫੇਰ ਵਧੀਕ

Digitized by Panjab Digital Library | www.panjabdigilib.org

ਤੰਗ ਕਰਨਗੇ ਇਸ ਕਰਕੇ ਕੋਈ ਕਿਲ੍ਹਾ ਇਨ੍ਹਾਂ ਦੇ ਰਹਿਣ ਲਈ ਦੇਣ ਨੂੰ ਤਿਆਰ ਨਹੀਂ ਸਨ। ਨਾਨੂੰ ਮਲ ਨੇ ਬਿਨ੍ਹਾਂ ਪੁਛੇ ਆਪਣੀ ਮਰਜ਼ੀ ਨਾਲ ਕਿਲ੍ਹਾ ਬਹਾਦਰ ਗੜ੍ਹ ਮਰਹੱਟਿਆਂ ਦੇ ਸਪੁਰਦ ਕਰ ਦਿਤਾ। ਬੀਬੀ ਰਾਜਿੰਦਰਾ ਨੇ ਇਸ ਨੂੰ ਬਹੁਤ ਅਨਭਵ ਕੀਤਾ। ਕਿਲ੍ਹਾ ਬਹਾਦਰ ਗੜ੍ਹ ਕਬਜ਼ੇ ਵਿਚ ਆਉਣ ਦੀ ਦੇਰ ਹੀ ਸੀ ਕਿ ਮਰਹੱਟਿਆਂ ਨੇ ਨਜ਼ਰਾਨੇ ਲਈ ਜ਼ੋਰ ਪਾ ਦਿਤਾ ਅਤੇ ਇਸ ਦੇ ਨਾ ਦੇਣ ਦੀ ਸੂਰਤ ਵਿਚ ਜੰਗ ਕਰਨ ਦੀਆਂ ਧਮਕੀਆਂ ਦੇਣ ਲਗ ਪਏ।

## (੧੨) ਬੀਬੀ ਰਾਜਿੰਦਰਾ ਦਾ ਮਥਰਾ ਸਿੰਧੀਆਂ ਦੀ ਮੁਲਾਕਾਤ ਨੂੰ ਜਾਣਾ

ਮਰਹੱਟਾ ਤੇ ਸਿਖ ਫੌਜਾਂ ਲਗ ਭਗ ਦੋ ਮਹੀਨੇ ਬਹਾਦਰ ਗੜ੍ਹ ਦੇ ਇਰਦ ਗਿਦਰ ਪਈਆਂ। ਕਈ ਵਾਰੀ ਛੋਟੀਆਂ ੨ ਲੜਾਈਆ ਵੀ ਹੋਈਆਂ ਪਰ ਖੁਲਮ ਖੁਲ੍ਹਾ ਦੋਹਾਂ ਪਾਸਿਆਂ ਵਲੋਂ ਕੋਈ ਭੀ ਜੰਗ ਕਰਨਾ ਨਹੀਂ ਚਾਹੁੰਦਾ ਸੀ। ਇਸ ਕਰਕੇ ਇਹ ਫੈਸਲਾ ਲਮਕਦਾ ਹੀ ਰਿਹਾ।

ਇਸ ਝਗੜੇ ਦੇ ਮੁਕਾਉਣ ਲਈ ਬੀਬੀ ਰਾਜਿੰਦਰਾ ਨੇ ਮਰਹੱਟਾ ਸਰਦਾਰਾਂ ਨੂੰ ਇਹ ਤਜਵੀਜ਼ ਦਸੀ ਕਿ ਉਹ ਮਥਰਾ ਜਾਕੇ ਸਿੰਧੀਆਂ ਨਾਲ ਫੈਸਲਾ ਕਰ ਲਵੇਗੀ ਪਹਿਲਾਂ ੨ ਨਾਨੂੰ ਮਲ ਦੀ ਚੁਕ ਦੇ ਕਾਰਨ ਇਨ੍ਹਾਂ ਸਰਦਾਰਾਂ ਦੀ ਸੰਮਤੀ ਨਾ ਹੋਈ ਪਰ ਅੰਤ ਵਿਚ ਮੰਨ ਗਏ ਅਤੇ ਇਹ ਫੈਸਲਾ ਕੀਤਾ

Digitized by Panjab Digital Library | www.panjabdigilib.org

ਗਿਆ ਕਿ ਬੀਬੀ ਰਾਜਿੰਦਰਾ ਲੋੜ ਅਨੁਸਾਰ ਫ਼ੌਜ ਨਾਲ ਲੈਕੇ ਮਰਹੱਟਾ ਸਰਦਾਰਾਂ ਦੇ ਸਾਥ ਮਥਰਾ ਜਾਣਗੇ ਅਤੇ ਓਥੇ ਮਹਾਦਾ ਜੀ ਸਿੰਧੀਆਂ ਨਾਲ ਨਜ਼ਰਾਨੇ ਆਦਿਕ ਦਾ ਫੈਸਲਾ ਹੋਵੇਗਾ। ਮਰਹੱਟਾ ਸਰਦਾਰ ਦੀਵਾਨ ਨਾਨੂੰ ਮਲ ਨੂੰ ਨਾਲ ਲੈ ਜਾਣਾ ਚਾਹੁੰਦੇ ਸਨ, ਬੀਬੀ ਰਾਜਿੰਦਰਾ ਨੇ ਇਸ ਨਾਲ ਸੰਮਤੀ ਕਰ ਲਈ, ਕਿਉਂਕਿ ਉਹ ਜਾਣਦੇ ਸਨ ਕਿ ਦੀਵਾਨ ਦੇ ਮਥਰਾ ਨਾਲ ਜਾਣ ਪਿਛੋਂ ਰਾਜ ਪ੍ਰਬੰਧ ਵਿਚ ਕੋਈ ਗੜ ਬੜ ਨਹੀਂ ਪਵੇਗੀ।

ਇਹ ਫੈਸਲੇ ਅਨੁਸਾਰ ਬੀਬੀ ਰਾਜਿੰਦਰਾ ਲੋੜੀਂਦੀ ਫੌਜ ਨਾਲ ਲੈ ਮਰਹੱਟਾ ਸਰਦਾਰਾਂ ਤੇ ਦੀਵਾਨ ਨਾਨੂੰ ਮਲ ਦੇ ਨਾਲ ਮਥਰਾ ਨੂੰ ਚਲ ਪਏ। ਦੀਵਾਨ ਬਹੁਤ ਚਾਲਾਕ ਸੀ, ਇਸਨੇ ਰਸਤੇ ਵਿਚ ਗੰਢ ਤੁਪ ਕਰਕੇ ਮਰਹੱਟਾ ਸਰਦਾਰ ਨੂੰ ਇਸ ਗਲ ਤੇ ਰਜ਼ਾ ਮੰਦ ਕਰ ਲਿਆ ਕਿ ਉਸ ਦੇ ਥਾਉਂ ਉਸਦਾ ਪੁਤਰ ਦੇਵੀ ਦਿਤਾ ਮਲ ਅਮਾਨਤ ਵਤ ਉਨ੍ਹਾਂ ਦੇ ਨਾਲ ਜਾਵੇਗਾ। ਇਸ ਅਨੁਸਾਰ ਨਾਨੂੰ ਮਲ ਕਰਨਾਲ ਤੋਂ ਪਟਿਆਲੇ ਵੱਲ ਮੁੜ ਤੁਰਿਆ, ਅਤੇ ਬਾਕੀ ਪਾਰਟੀ ਮਥਰਾ ਵਲ ਚਲੀ ਗਈ।

## ( ੧੩ ) ਬੀਬੀ ਰਾਜਿੰਦਰਾ ਦੇ ਮਥਰਾ ਆਉਣ ਜਾਣ ਦੇ ਵਿਚਕਾਰਲੇ ਸਮੇਂ ਦੇ ਪ੍ਰਸੰਗ

ਬੀਬੀ ਰਾਜਿੰਦਰਾ ਅਤੇ ਮਰਹੱਟਾ ਫੌਜ ਦੇ ਪਟਿਆਲੇ ਇਲਾਕਾ ਛੱਡਣ ਦੀ ਹੀ ਦੇਰ ਸੀ ਕਿ ਮਹਾਰਾਜਾ ਸਾਹਿਬ

Digitized by Panjab Digital Library | www.panjabdigilib.org

ਸਿੰਘ ਨੇ ਦੀਵਾਨ ਨਾਨੂੰ ਮਲ ਦੇ ਰਿਸ਼ਤੇ ਦਾਰਾਂ ਅਤੇ ਸਬੰਧੀਆਂ ਦੀ ਫੜੋ ਫੜੀ ਦੀ ਕਾਰਵਾਈ ਅਰੰਭ ਕਰ ਦਿਤੀ ।

ਸਭਤੋਂ ਪਹਿਲਾਂ ਦੀਵਾਨ ਨਾਨੂੰ ਮਲ ਦੀ ਢੋਡਿਆਂ (ਭਵਾਨੀਗੜ੍ਹ) ਦੀ ਜਾਇਦਾਦ ਜ਼ਬਤ ਕੀਤੀ ਗਈ। ਸਰਕਾਰ ਪਟਿਆਲਾ ਨੇ ਭਵਾਨੀਗੜ੍ਹ ਤੋਂ ਬਰਨਾਲੇ ਪੁਜ ਨਾਨੂੰ ਮਲ ਦੇ ਪੁਤਰ ਨਰਿੰਦਰਾ ਰਾਇ ਨੂੰ ਕੈਦ ਕਰ ਦਿਤਾ ਅਤੇ ਉਸਦਾ ਮਾਲ ਅਸਬਾਬ ਭੀ ਜ਼ਬਤ ਕਰ ਲਿਆ । ਇਥੋਂ ਮੂਨਕ ਪਹੁੰਚ ਗਏ ਅਤੇ ਦੀਵਾਨ ਦੇ ਪੁਤਰ ਦੇਵੀ ਦਿਤਾ ਮਲ ਨੂੰ ਕੈਦ ਕਰ ਲਿਆ ਅਤੇ ਉਸ ਦਾ ਲਗ ਭਗ ੪ ਲੱਖ ਦਾ ਸਾਮਾਨ ਜ਼ਬਤ ਕਰਕੇ ਸਰਕਾਰ ਵਿਚ ਦਾਖਲ ਕੀਤਾ ਗਿਆ। ਸਰਕਾਰ ਪਟਿਆਲਾ ਇਥੋਂ ਪਟਿਆਲੇ ਪੁਜੇ ਅਤੇ ਫੌਜ ਨਾਲ ਘਨੌਰ ਦੇ ਕਿਲ੍ਹੇ ਦਾ ਘੇਰਾ ਜਾ ਘੱਤਿਆ ਜਿਥੇ ਦੀਵਾਨ ਦੇ ਭਧੀਜੇ ਜੁਗੂ ਮਲ ਅਤੇ ਦੀਵਾਨ ਸਿੰਘ ਨੇ ਟਾਕਰਾ ਕੀਤਾ।

---

ਦੀਵਾਨ ਨਾਨੂੰ ਮਲ ਇਸ ਵੇਲੇ ਕਰਨਾਲ ਤੋਂ ਵਾਪਸ ਆ ਚੁਕਿਆ ਸੀ, ਉਸ ਨੂੰ ਪਤਾ ਲਗ ਗਿਆ ਕਿ ਵਿਰੋਧੀ ਪਾਰਟੀ ਨੇ ਸਰਕਾਰ ਪਟਿਆਲਾ ਦੇ ਕੰਨ ਭਰ ਕੇ ਉਸ ਦੇ ਸਬੰਧੀਆਂ ਨੂੰ ਕੈਦ ਕਰਵਾ ਦਿਤਾ ਹੈ ਅਤੇ ਓਹਨਾਂ ਦੀਆਂ ਜਾਇਦਾਦਾਂ ਅਤੇ ਸਾਮਾਨ ਆਦਿਕ ਸਭ ਜ਼ਬਤ ਕਰ ਦਿਤੇ ਗਏ ਹਨ। ਇਸ ਕਰਕੇ ਇਹ ਪਟਿਆਲਾ ਪੁਜਣ ਦੀ ਬਾਓਂ

Digitized by Panjab Digital Library | www.panjabdigilib.org

ਰਸਤੇ ਵਿਚ ਕਰਮ ਸਿੰਘ‡ ਸ਼ਾਹਬਾਦੀ ਪਾਸ ਜਾ ਠਹਿਰਿਆ, ਮਹਾਰਾਜਾ ਸਾਹਿਬ ਸਿੰਘ ਘਨੌਰ ਸਨ, ਜਿਥੇ ਸ੍ਰ: ਕਰਮ ਸਿੰਘ ਨੇ ਇਨ੍ਹਾਂ ਪਾਸ ਦੀਵਾਨ ਨਾਨੂੰ ਮਲ ਦੇ ਕਰਨਾਲ ਤੋਂ ਵਾਪਸ਼ ਆਉਣ ਦੀ ਖਬਰ ਭੇਜੀ । ਦੀਵਾਨ ਥੋੜੀ ਜਿਹੀ ਫੌਜ ਇਕਠੀ ਕਰਕੇ ਆਪਣੇ ਭਧੀਜੇਆਂ ਦੀ ਸਹਾਇਤਾ ਲਈ ਘਨੌਰ ਵਲ ਗਿਆ, ਪਰ ਇਸਦੇ ਪੁਜਣ ਤੋਂ ਪਹਿਲਾਂ ਮਹਾਰਾਜਾ ਸਾਹਿਬ ਸਿੰਘ ਨੇ ਕਿਲ੍ਹਾ ਜਿਤ ਲਿਆ। ਦੀਵਾਨ ਨਾਨੂੰ ਮਲ ਪਟਿਆਲੇ ਦਾ ਇਲਾਕਾ ਛਡ ਕੇ ਕੈਂਥਲ ਰਾਜ ਪਿੰਡ

---

‡ਸ੍ਰ: ਕਰਮ ਸਿੰਘ ੧੭੫੯ ਈ: ਵਿਚ ਮਾਝੇ ਵਿਚੋਂ ਆਇਆ। ਸ਼ਾਹ ਆਬਾਦ ਦਾ ਇਲਾਕਾ ਨਿਸ਼ਾਨ ਵਾਲੀ ਮਿਸਲ ਦੇ ਸਰਦਾਰਾਂ ਦੇ ਕਬਜ਼ੇ ਵਿਚ ਸੀ। ਇਸ ਮਿਸਲ ਦੀ ਇਕ ਵਿਧਵਾ ਇਸਤ੍ਰੀ ਨੇ ਪੰਜ ਸਤ ਪਿੰਡ ਇਸ ਨੂੰ ਗੁਜਾਰੇ ਲਈ ਦਿਤੇ। ਇਸਨੇ ਦਿਲੀ ਦੇ ਰਾਜ ਦੇ ਸਰਕਾਰ-ਦਿਆ ਨਾਲ ਰੰਢ ਤੁਪ ਕਰਕੇ ਇਸਲਾਮਾਬਾਦ ਤੋਂ ਬਿਨ੍ਹਾਂ ਹੋਰ ਸਾਰਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ ਇਸ ਨੇ ੧੮੦੮ ਸੀ: ਵਿਚ ਸਰੀਰ ਤਿਆਗਾ । ਇਸ ਦੇ ਚਾਰ ਪੁਤਰ ਰਣਜੀਤ ਸਿੰਘ, ਸ਼ੇਰ ਸਿੰਘ, ਖੜਕ ਸਿੰਘ, ਅਤੇ ਕਾਹਨ ਸਿੰਘ ਸਨ, ਜਿਨ੍ਹਾਂ ਨੇ ਜਾਇਦਾਦ ਵੰਡ ਲਈ। ਸ਼ੇਰ ਸਿੰਘ ਦੀ ੧੧੫੦੦ ਦੀ ਜਾਗੀਰ ਉਸ ਦੇ ਪੁਤਰ ਕੇਸਰਾ ਸਿੰਘ ਦੇ ੧੮੬੩ ਈ: ਵਿਚ ਲਾ ਵਲਦ ਮਰਣ ਦੇ ਕਾਰਨ ਇਲਾਕਾ ਸਰਕਾਰ ਅੰਗ੍ਰੇਜ਼ੀ ਵਿਚ ਸ਼ਾਮਲ ਹੋ ਗਈ, ਬਾਕੀ ਜਾਇਦਾਦ ਦੂਸਰਿਆ ਦੀ ਔਲਾਦ ਪਾਸ ਹੈ।

Digitized by Panjab Digital Library | www.panjabdigilib.org

ਤਕ ਜਾ ਠਹਿਰਿਆ ਜੋ ਪਟਿਆਲਾ ਰਾਜ ਦੀ ਹਦ ਦੇ ਲਾਗੇ ਹੀ ਹੈ ਅਤੇ ਇਥੇ ਬੀਬੀ ਰਾਜਿੰਦਰਾ ਦੀ ਵਾਪਸੀ ਦੀ ਉਡੀਕ ਕਰਨ ਲਗਾ, ਤਾਕਿ ਉਨ੍ਹਾਂ ਤੋਂ ਮੁਆਫੀ ਮੰਗ ਕੇ ਆਪਣੇ ਅਧਿਕਾਰ ਮੁੜ ਪ੍ਰਾਪਤ ਕਰਸਕੇ ਸੰਬੰਧੀਆਂ ਨੂੰ ਕੈਦ ਤੋਂ ਛੁਡਾ ਸਕੇ ਅਤੇ ਜ਼ਬਤ ਹੋਈਆਂ ਜਾਇਦਾਦਾਂ ਨੂੰ ਵਾਪਸ ਕਰਾ ਸਕੇ ਕਿਉਂਕਿ ਇਸ ਤੋਂ ਬਿਨਾਂ ਇਸ ਨੂੰ ਹੋਰ ਕੋਈ ਦੂਜਾ ਉਪਾਉ ਇਸ ਸਮੇਂ ਨਜ਼ਰਾ ਨੇ ਆਉਂਦਾਸੀ।

ਦੀਵਾਨ ਨਾਨੂੰ ਮਲ ਦੇ ਕੈਂਥਲ ਰਾਜ ਵਿਚ ਪਟਿਆਲੇ ਦੇ ਇਲਾਕੇ ਦੇ ਲਾਗੇ ਠਹਿਰਨ ਦਾ ਚੰਗਾ ਨਤੀਜਾ ਨਾ ਨਿਕ-ਲਿਆ ਇਸਦੇ ਬਰਾਬਰ ਦੇ ਐਹਲਕਾਰ ਇਸਦੀ ਰਾਜਨੀਤੀ ਤੋਂ ਜਾਣੂ ਸਨ ਉਨ੍ਹਾਂ ਨੇ ਇਹ ਅਨੁਮਾਨ ਲਾ ਲਿਆ ਕਿ ਇਹ ਬੀਬੀ ਰਾਜਿੰਦਰਾ ਤੋਂ ਮੁਆਫੀ ਮੰਗਕੇ ਮੁੜ ਅਧਿਕਾਰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੇਗਾ ਅਤੇ ਜੇ ਕਾਮਯਾਬ ਹੋ ਗਿਆ ਤਾਂ ਉਨ੍ਹਾਂ ਲਈ ਫਿਰ ਔਕੜਾਂ ਪੇਸ਼ ਆਉਣਗੀਆਂ। ਇਨ੍ਹਾਂ ਵਿਚ ਅਜੇਹੇ ਐਹਲਕਾਰ ਭੀ ਸਨ ਜੋ ਬੀਬੀ ਰਾਜਿੰਦਰਾ ਦੇ ਤੇਜ ਪ੍ਰਤਾਪ ਨੂੰ ਸਹਾਰ ਨਹੀਂ ਸਕਦੇ ਸਨ। ਬੀਬੀ ਰਾਜਿੰਦਰਾ ਦੀ ਗ਼ੈਰ ਹਾਜਰੀ ਤੋਂ ਲਾਭ ਉਠਾ ਕੇ ਇਨ੍ਹਾਂ ਐਹਲਕਾਰਾਂ ਅਤੇ ਸਰਦਾਰਾਂ ਨੇ ਮਹਾਰਾਜਾ ਸਾਹਿਬ ਸਿੰਘ ਦੇ ਕੰਨ ਭਰਨੇ ਆਰੰਭ ਕਰ ਦਿਤੇ ਤਾਂ ਬੀਬੀ ਹੋਰੀਂ ਪਟਿਆਲੇ ਵਾਪਸ ਆ ਕੇ ਮੁੜ ਰਾਜ ਦੇ ਕੰਮ ਵਿਚ ਦਖਲ ਨਾ ਦੇ ਸਕਣ ਮਹਾਰਾਜਾ ਸਾਹਿਬ ਸਿੰਘ ਪਾਸ ਇਹ ਪ੍ਰਗਟ ਕੀਤਾ ਗਿਆ ਕਿ ਬੀਬੀ ਰਾਜਿੰਦਰਾ ਸਰਕਾਰ ਨੂੰ ਅਧਿਕਾਰ ਦੇਣਾ ਨਹੀ ਚਾਹੁੰਦੀ ਅਤੇ ਉਹ ਸਾਰਾ ਕੰਮ ਆਪਣੇ ਹੱਥ ਵਿਚ ਰਖਣਗੇ

Digitized by Panjab Digital Library | www.panjabdigilib.org

ਦੀਵਾਨ ਨਾਨੂੰ ਮਲ ਉਸ ਤੋਂ ਮੁਆਫੀ ਮੰਗ ਕੇ ਮੁੜ ਰਾਗ ਦੇ ਕੰਮ ਵਿਚ ਦਖਲ ਦੇਵੇਗਾ। ਬੀਬੀ ਰਾਜਿੰਦਰਾ ਅਤੇ ਦੀਵਾਨ ਦਾ ਪ੍ਰਸਪਰ ਸਮਝੌਤਾ ਹੋਣ ਦੀ ਆਸ ਹੋ ਸਕਦੀ ਸੀ, ਕਿਉਂਕਿ ਬੀਬੀ ਹੋਰੀਂ ਅਤੇ ਦੀਵਾਨ ਦਾ ਪੁਤਰ ਦੇਵੀ ਦਿਤਾ ਮਲ ਇਕੱਠੇ ਮਥਰਾ ਵਲ ਗਏ ਹੋਇ ਸਨ। ਬੀਬੀ ਰਾਜਿੰਦਰਾ ਦਾ ਮਥਰਾ ਦੇਵੀ ਦਿਤਾ ਮਲ ਨੂੰ ਬਤੌਰ ਜ਼ਨਾਤ ਛੱਡ ਕੇ ਆਉਣ ਨੇ ਅਹਿਲਕਾਰਾਂ ਦੇ ਇਸ ਖਿਆਲ ਨੂੰ ਵਧੀਕ ਪੱਕਾ ਕਰ ਦਿਤਾ। ਇਸ ਤਰਾਂ ਬੀਬੀ ਰਾਜਿੰਦਰਾ ਦੇ ਮਥਰਾ ਜਾਣ ਆਉਣ ਦੇ ਵਿਚਕਾਰਲੇ ਸਮੇਂ ਵਿਚ ਮਹਾਰਾਜਾ ਸਾਹਿਬ ਸਿੰਘ ਨੂੰ ਅਹਿਲਕਾਰਾਂ ਨੇ ਦੀਵਾਨ ਨਾਨੂੰ ਮਲ ਅਤੇ ਬੀਬੀ ਰਾਜਿੰਦਰਾ ਦੇ ਉਲਟ ਕਰ ਛੱਡਿਆ ਅਤੇ ਰੋਜ਼ ੨ ਦੀਆਂ ਭਰੜੀਆਂ ਨੇ ਸਰਦਾਰ ਦੇ ਮਨ ਵਿਚ ਲਾਏ ਗਏ ਇਲਜਾਮਾਂ ਦੀ ਸਚਿਆਈ ਬਾਬਤ ਪੱਕਾ ਨਿਸਚਾ ਕਰਾ ਦਿਤਾ, ਇਹੋ ਹੀ ਕਾਰਨ ਸੀ ਕਿ ਉਹ ਬੀਬੀ ਰਾਜਿੰਦਾ ਦੀ ਮਥਰਾ ਤੋਂ ਵਾਪਸੀ ਸਮੇਂ ਮਿਲਣ ਤੋਂ ਬਚਦੇ ਸਨ।

## (੧੪) ਬੀਬੀ ਰਾਜਿੰਦਰਾ ਦੀ ਮਥਰਾ ਤੋਂ ਵਾਪਸੀ

ਮਰਹੱਟਾ ਸਰਦਾਰ ਬੀਬੀ ਰਾਜਿੰਦਰਾ ਅਤੇ ਦੀਵਾਨ ਨਾਨੂੰ ਮਲ ਦਾ ਪੁਤਰ ਦੇਵੀ ਦਿਤਾ ਮਲ ਮਥਰਾ ਪਹੁੰਚ ਗਏ। ਮਹਾਰਾਜਾ ਜੀ ਸਿੰਧੀਆਂ ਨੇ ਬੀਬੀ ਰਾਜਿੰਦਰਾ ਦਾ ਚੰਗੀ ਤਰ੍ਹਾਂ ਆਗਤ ਭਾਗਤ ਕੀਤਾ। ਨਜ਼ਰਾਨੇ ਦੀ ਰਕਮ ਦਾ ਆਪੋ ਵਿਚ ਮਿਲ ਕੇ ਫੈਸਲਾ ਕਰ ਲਿਆ ਗਿਆ ਅਤੇ

Digitized by Panjab Digital Library | www.panjabdigilib.org

ਇਹ ਕਰਾਰ ਪਾਇਆ ਕਿ ਜਿੰਨੇ ਚਿਰ ਤਕ ਨਜ਼ਰਾਨੇ ਦੀ ਰਕਮ ਨਹੀਂ ਪੁਜਦੀ ਦੇਵੀ ਦਿਤਾ ਮਲ ਬਤੌਰ ਅਮਾਨਤ ਮਥਰਾ ਰਹੇਗਾ। ਬੀਬੀ ਰਾਜਿੰਦਰਾ ਪਟਿਆਲੇ ਵਾਪਸ ਆ ਨਜ਼ਰਾਨੇ ਦੀ ਰਕਮ ਭੇਜਣ ਦਾ ਪ੍ਰਬੰਧ ਕਰਨਗੇ। ਇਸ ਫੈਸਲੇ ਅਨੁਸਾਰ ਬੀਬੀ ਰਾਜਿੰਦਰਾ ਪਟਿਆਲੇ ਵਾਪਸ ਆਕੇ ਗਏ ਅਤੇ ਦੇਵੀ ਦਿਤਾ ਮਲ ਮਥਰਾ ਰਿਹਾ ਜਿਸ ਵੇਲੇ ਬੀਬੀ ਰਾਜਿੰਦਰਾ ਪਟਿਆਲੇ ਵਾਪਸ ਆਏ ਉਸ ਵੇਲੇ ਇਥੋਂ ਦੇ ਹਾਲ ਬਿਲਕੁਲ ਪਲਟੇ ਹੋਏ ਸਨ। ਮਹਾਰਾਜਾ ਸਾਹਿਬ ਸਿੰਘ ਬੀਬੀ ਰਾਜਿੰਦਰਾ ਦੀ ਵਿਰੋਧਤਾ ਤੋਂ ਪਕੇ ਹੋ ਚੁਕੇ ਸਨ ਪਰ ਤੇਜ ਪ੍ਰਤਾਪ ਕਰਕੇ ਖੁਲਮ ਖੁਲ੍ਹਾ ਉਤਰ ਦੇਣਾ ਨਹੀਂ ਚਾਹੁੰਦੇ ਸਨ। ਇਹੋ ਹੀ ਕਾਰਨ ਸੀ ਕਿ ਬੀਬੀ ਰਾਜਿੰਦਰਾ ਨੇ ਦੋ ਤਿੰਨ ਵਾਰੀ ਮਹਾਰਾਜਾ ਸਾਹਿਬ ਨੂੰ ਮਿਲਨ ਦੀ ਕੋਸ਼ਸ਼ ਕੀਤੀ ਪਰ ਪ੍ਰਸਪਰ ਮੁਲਾਕਾਤ ਨਾ ਹੋ ਸਕੀ।

## (੧੫) ਬੀਬੀ ਰਾਜਿੰਦਰਾ ਦਾ ਸੁਰਗਬਾਸ ਹੋਣਾ

ਪ੍ਰਦੇਸ ਦੇ ਦੂਰ ਦੁਰਾਡੇ ਸਫਰ ਅਤੇ ਪਟਿਆਲਾ ਵਾਪਸੀ ਸਮੇਂ ਮਹਾਰਾਜਾ ਸਾਹਿਬ ਸਿੰਘ ਅਹਿਲਕਾਰਾਂ ਦੀ ਚੁਕ ਦੇ ਕਾਰਨ ਦਿਲੀ ਭਾਵ ਬੀਬੀ ਰਾਜਿੰਦਰਾ ਦੇ ਵਿਰੁਧ ਹੋਣ ਨੂੰ ਅਨਭਵ ਕਰਕੇ ਬੀਬੀ ਰਾਜਿੰਦਰਾ ਬੀਮਾਰ ਹੋ ਗਏ। ਥੋੜੇ ਦਿਨ ਬੀਮਾਰ ਰਹਿਕੇ ੧੭੯੧ ਈ: ਵਿਚ ਪਟਿਆਲੇ ਹੀ ਸ੍ਰੀਰ ਤਿਆਗ ਗਏ ਇਨ੍ਹਾਂ ਦਾ ਸੰਸਕਾਰ ਸ਼ਾਹੀ ਸਮਾਧਾਂ ਵਿਚ ਕੀਤਾ ਗਿਆ।

Digitized by Panjab Digital Library | www.panjabdigilib.org

# (੧੬) ਬੀਬੀ ਰਾਜਿੰਦਰਾ ਦੇ ਸੁਭਾਉ ਅਤੇ ਗੁਣ

ਬੀਬੀ ਰਾਜਿੰਦਰਾ ਆਪਣੇ ਸਮੇਂ ਪ੍ਰਸਿਧ ਇਸਤ੍ਰੀਆਂ ਵਿਚੋਂ ਸਨ। ਇਨ੍ਹਾਂ ਵਿਚ ਉਹ ਸਾਰੇ ਗੁਣ ਮੱਜਬੂਤ ਸਨ ਜੋ ਆਦਮੀ ਵਿਚ ਦਸੇ ਜਾਂਦੇ ਹਨ ਦਲੇਰੀ, ਹੌਸਲਾਂ, ਧੀਰਜ ਅਤੇ ਸਿਆਣਪ§।

ਨਿਰਸੰਦੇਹ ਮਾਈ ਹੁਕਮਾ ਦੇ ਸੁਰਗਵਾਸ ਹੋਨ ਮਗਰੋਂ ਜੇ ਇਹ ਪਟਿਆਲਾ ਰਾਜ ਪ੍ਰਬੰਧ ਵਿਚ ਦਖਲ ਨਾ ਦਿੰਦੇ ਤਾਂ ਰਿਆਸਤ ਵਿਚ ਜ਼ਰੂਰ ਰਾਜ ਰੌਲਾ ਪੈ ਜਾਂਦਾ ਅਤੇ ਮੁਮਕਨ ਸੀ ਕਿ ਮਹਾਰਾਜਾ ਆਲਾ ਸਿੰਘ ਅਤੇ ਮਾਹਾਰਾਜਾ ਅਮਰ ਸਿੰਘ ਦੀਆਂ ਜਿਤਾਂ ਨਾਲ ਕ਼ਾਇਮ ਕੀਤਾ ਰਾਜ ਕਾਇਮ ਨਾ ਰਹਿੰਦਾ। ਮਹਾਰਾਜਾ ਸਾਹਿਬ ਸਿੰਘ ਦੇ ਇਆਣਪੁਣੇ ਵਿਚ ਪਟਿਆਲਾ ਰਾਜ ਦੀ ਸੰਭਾਲ ਇਸ ਸ਼ਾਹੀ ਘਰਾਣੇ ਦੀਆਂ ਦੇਵੀਆਂ ਦੀ ਤਦਬੀਰ ਅਤੇ ਨੀਤੀ ਨਿਪੁਨ ਹੋਣ ਦਾ ਨਤੀਜਾ ਸਮਝਣਾ ਚਾਹੀਦਾ ਹੈ। ਕਿਉਂਕਿ ਰਿਆਸਤ ਪਟਿਆਲੇ ਦੇ ਪੜੋਸੀ ਹਾਸਦ ਰਿਆਸਤਾਂ ਸਦਾ ਹੀ ਇਸ ਦੇ ਗਰਾਉਣ ਦੀ ਕੁਤਰ ਵਿਉਂਤ ਵਿਚ ਲਗੀਆਂ ਰਹਿੰਦੀਆਂ ਸਨ। ਅਜੇਹੇ ਭਿਆਨਕ ਸਮੇਂ ਵਿਚ ਬੀਬੀ ਰਾਜਿੰਦਰਾ ਨੇ ਪਟਿਆਲਾ ਰਾਜ ਦੇ ਬਚਾਉਂਣ ਵਿਚ ਆਪਣੀ ਜਾਨ ਭੀ ਕੁਰਬਾਨ ਕਰ ਦਿਤੀ

ਬੀਬੀ ਰਾਜਿੰਦਰਾ ਇਕ ਉਚੀ, ਸੁਚੀ, ਸਿਆਣਪ ਦ ਪੁਜ ਅਤੇ ਸੂਰ ਬੀਰ ਇਸਤਰੀਆਂ ਸਨ ਜਿਨ੍ਹਾਂ ਦੇ ਕਾਰਨਾਮੇ ਸਦੀਵ ਹੀ ਇਤਹਾਸ ਵਿਚ ਸੂਰਜ ਵਾਂਗ ਚਮਕਦੇ ਰਿਹੰਣਗੇ

---

§ਪੰਜਾਬ ਰਾਜਸ ਪੰਨਾ ੬੭।

ਕਾਂਡ ੨

# ਬੀਬੀ ਸਾਹਿਬ ਕੌਰ

## (੧) ਬੀਬੀ ਸਾਹਿਬ ਕੌਰ ਦਾ ਜਨਮ

ਰਿਆਸਤ ਪਟਿਆਲਾ ਦਾ ਰਾਜ ਪ੍ਰਬੰਧ ਮਹਾਰਾਜਾ ਸਾਹਿਬ ਸਿੰਘ ਦੀ ਇਆਣੀ ਉਮਰ ਵਿਚ ਸ਼ਾਹੀ ਘਰਾਣੇ ਦੀਆਂ ਦਲੇਰ, ਸਿਆਣੀਆਂ ਅਤੇ ਸੂਰਬੀਰ ਦੇਵੀਆਂ ਦੇ ਹੱਥ ਵਿਚ ਰਿਹਾ। ਮਾਈ ਹੁਕਮਾਂ, ਮਾਈ ਖੇਮ ਕੌਰ ਬੀਬੀ ਪ੍ਰਧਾਨ ਫਗਵਾੜੇ ਵਾਲੀ, ਮਹਾਰਾਜਾ ਸਾਹਿਬ ਸਿੰਘ ਦੀ ਭੂਆ ਬੀਬੀ ਰਾਜਿੰਦਰਾਂ ਅਤੇ ਬੀਬੀ ਸਾਹਿਬ ਕੌਰ ਨੇ ਆਪੋ ਆਪਣੇ ਸਮੇਂ ਅਤੇ ਵਿਤ ਅਨੁਸਾਰ ਰਿਆਸਤ ਰਾਜ ਪ੍ਰਬੰਧ ਨੂੰ ਨੇਕ ਨੀਯਤ ਨਾਲ ਕੀਤਾ। ਇਨ੍ਹਾਂ ਵਿਚੋਂ ਸੂਰਬੀਰਤਾ ਵਿਚ ਬੀਬੀ ਸਾਹਿਬ ਕੌਰ ਬਹੁਤ ਪ੍ਰਸਿੱਧ ਸਨ ਜਿਨ੍ਹਾਂ ਨੇ ਫੂਲਕੀਆਂ ਅਤੇ ਘਨਈਆ ਦੀਆਂ ਦੋਹਾਂ ਮਿਸਲਾਂ ਵਿਚ ਨਾਮ ਪਾਇਆ ਇਹ ਬੀਬੀ ਮਹਾਰਾਣੀ ਰਾਜ ਕੌਰ ਦੀ ਕੁਖ ਤੋਂ ਮਹਾਰਾਜਾ ਅਮਰ ਸਿੰਘ ਦੀ ਪੁਤਰੀ ਸੀ, ਜਿਸ ਦਾ ਜਨਮ ੧੭੭੧ ਈ: ਨੂੰ ਹੋਇਆ। ਇਹ ਆਯੂ ਵਿਚ ਮਹਾਰਾਜਾ ਸਾਹਿਬ ਸਿੰਘ ਨਾਲੋਂ ਵੱਡੇ ਸਨ।

## (੨) ਬੀਬੀ ਸਾਹਿਬ ਕੌਰ ਦਾ ਵਿਆਹ

ਸਿਖ ਰਾਜ ਦੀਆਂ ਬਾਰਾਂ ਮਿਸਲਾਂ ਪ੍ਰਸਿੱਧ ਹਨ ਜਿਨਾਂ ਵਿਚੋਂ ਇਕ ਮਿਸਲ ਘਨਈਆ ਸੀ। ਇਸ ਮਿਸਲ ਦਾ ਵੱਡਾ ਜਥੇਦਾਰ ਸ੍ਰ: ਜੈ ਸਿੰਘ ਅਤੇ ਛੋਟਾ ਜਥੇਦਾਰ ਸ੍ਰ: ਹਕੀਕਤ ਸਿੰਘ

Digitized by Panjab Digital Library | www.panjabdigilib.org

ਸੀ ਸ੍ਰ: ਹਕੀਕਤ ਸਿੰਘ ਕਲਾਨੌਰ ਪ੍ਰਗਣੇ ਵਿਚ ਹਕੂਮਤ ਕਰਦਾ ਸੀ। ਇਹ ਪ੍ਰਗਣਾ ਇਲਾਕਾ ਬਾਰੀ ਦੁਆਬਾ ਵਿਚ ਪਿੰਡ ਦੀਨਾ ਨਗਰ ਤੋਂ ਪਹਾੜ ਵਲ ਸੀ ਸ੍ਰ: ਹਕੀਕਤ ਸਿੰਘ ਦਾ ਕੇਂਦਰ ਫਤਹਿਗੜ੍ਹ§ ਸੀ ਜੋ ਅਜ ਕਲ ਅਮ੍ਰਿਤਸਰ ਦੇ ਜ਼ਿਲੇ ਵਿਚ ਹੈ। ਸ੍ਰ: ਹਕੀਕਤ ਸਿੰਘ ਦਾ ਪੁਤਰ ਸ੍ਰ: ਜੈਮਲ ਸਿੰਘ ਸੀ, ਜਿਸ ਦਾ ਜਨਮ ੧੭੭੦ ਈ: ਨੂੰ ਹੋਇਆ ਬੀਬੀ ਸਾਹਿਬ ਕੌਰ ਦੀ ਸ਼ਾਦੀ ਮਹਾਰਾਜਾ ਅਮਰ ਸਿੰਘ ਨੇ ਸ੍ਰ: ਜੈਮਲ ਸਿੰਘ ਨਾਲ ੧੭੭੭ ਈ: ਵਿਚ ਵੱਡੀ ਧੂਮ ਧਾਮ ਨਾਲ ਕੀਤੀ‡।

## (੩) ਪਟਿਆਲਾਂ ਰਾਜ ਅਤੇ ੧੭੮੧-੮੨ ਈ:

ਮਹਾਰਾਜਾ ਅਮਰ ਸਿੰਘ ੧੭੮੧ ਈਸਵੀ ਵਿਚ ਸੁਰਗਵਾਸ ਹੋਏ। ੧੭੮੧ ਈਸਵੀ ਤਕ ਮਹਾਰਾਜਾ ਸਾਹਿਬ ਸਿੰਘ ਦੇ ਇਆਣਪੁਣੇ ਵਿਚ ਪਟਿਆਲਾ ਰਾਜ ਪ੍ਰਬੰਧ ਮਾਈ ਹੁਕਮਾ ਅਤੇ ਬੀਬੀ ਰਾਜਿੰਦਰਾ ਦੇ ਤੇਜ ਪ੍ਰਤਾਪ ਕਰਕੇ ਭਲੀ

---

§ਫਤਹਿਗੜ੍ਹ ਦਾ ਕਿਲ੍ਹਾ ੧੭੬੦ ਈ: ਸ੍ਰ: ਹਕੀਕਤ ਸਿੰਘ ਨੇ ਬਣਵਾਇਆ ਇਸ ਦਾ ਆਪਣੇ ਭਰਾ ਮਤਾਬ ਸਿੰਘ ਦੇ ਪੁਤਰ ਫਤਹਿ ਸਿੰਘ ਨਾਲ ਅਧਿਕ ਪਿਆਰ ਸੀ, ਜਿਸ ਦੇ ਨਾਉਂ ਉਤੇ ਕਿਲ੍ਹੇ ਦਾ ਨਾਉਂ ਫਤਹਿਗੜ੍ਹ ਰਖਿਆ ਮਹਿਤਾਬ ਸਿੰਘ ਨੇ ਫਤਹਿਗੜ੍ਹ ਦੇ ਲਾਗੇ ਚਤੌਰ ਗੜ੍ਹ ਕਿਲਾ, ਬਣਾਇਆਂ ਪੰਜਾਬ ਚੀਫਸ ਪੰਨਾ ੩੨੨।

(‡ਗੁਰਸਬਦ ਰਤਨਾਕਰ ਕ੍ਰਿਤਸ: ਕਾਹਨ ਸਿੰਘ ਪੰਨਾ ੫੩੧

Digitized by Panjab Digital Library | www.panjabdigilib.org

ਬਿਧ ਚਲਦਾ ਰਿਹਾ ਅਹਿਲਕਾਰਾਂ ਦੀਆਂ ਇਸ ਸਮੇਂ ਬਹੁਤ ਮਾਰੀਆਂ ਧੜੇ ਬਾਜ਼ੀਆ ਸਨ ਅਤੇ ਕਈਆਂ ਨੇ ਮਹਾਰਾਜਾ ਸਾਹਿਬ ਸਿੰਘ ਨੂੰ ਗੱਦੀ ਤੋਂ ਉਤਾਰਨ ਦੀਆਂ ਵਿਉਂਤਾਂ ਭੀ ਬਣਾਈਆਂ ਪਰ ਫੌਜੀ ਸਰਦਾਰ ਖਾਸ ਕਰਕੇ ਬਖ਼ਸ਼ੀ ਲਖਣਾ ਡੋਗਰ ਦਾ ਖਾਨਦਾਨ ਪਟਿਆਲਾ ਰਾਜ ਦਾ ਵਫ਼ਾਦਾਰ ਬਣਿਆਂ ਰਿਹਾ। ਇਸ ਸਮੇਂ ਜ਼ੈਲਦਾਰਾਂ ਅਤੇ ਸਰਦਾਰਾਂ ਦੀਆਂ ਫ਼ੌਜਾਂ ਮਿਲਾਕੇ ਪਟਿਆਲਾ ਫ਼ੌਜ ਦੀ ਗਿਣਤੀ ਲਗ ਭਗ ੧੨੦੦੦ ਸੀ। ਫੌਜ ਦੀ ਵਫ਼ਾਦਾਰੀ ਦੇ ਕਾਰਨ ਅਹਿਲਕਾਰ ਆਪਣੇ ਮਨੋਰਥ ਸਿਧੀ ਵਿਚ ਕਾਮਯਾਬ ਨਾ ਹੋ ਸਕੇ।

ਦੀਵਾਨ ਨਾਨੂੰ ਮਲ ਬੀਬੀ ਰਾਜਿੰਦਰਾ ਦੇ ਜਿਊਂਦੇ ਹੀ ਨਮਕ ਹਰਾਮ ਹੋ ਚੁਕਿਆ ਸੀ ਅਤੇ ਉਹ ਬੀਬੀ ਹੋਰਾਂ ਪਾਸੋਂ ਮੁਆਫੀ ਮੰਗ ਕੇ ਮੁੜ ਅਧਿਕਾਰ ਪ੍ਰਾਪਤ ਕਰਨ ਦੀ ਇਛਾ ਰਖਦਾ ਸੀ ੧੭੯੧ ਈ: ਵਿਚ ਬੀਬੀ ਰਾਜਿੰਦਰਾਂ ਦੇ ਸਰੀਰ ਤਿਆਗਣ ਨੇ ਉਸ ਦੀ ਆਸ਼ਾ ਤੇ ਪਾਣੀ ਫੇਰ ਦਿਤਾ ਦਿਵਾਨ ਨਾਨੂੰ ਮਲ ਲਈ ਜਾਇਦਾਦ ਦੀ ਵਾਪਸੀ ਅਤ ਅਧਿਕਾਰ ਪ੍ਰਾਪਤੀ ਜ਼ਰੂਰੀ ਗਲ ਸੀ। ਰਾਜ ਨੀਤੀ ਵਿਚ ਹੁਸ਼ਿਆਰ ਅਤੇ ਇਲਾਕੇ ਦਾ ਜਾਣੂ ਸੀ। ਇਸ ਨੇ ਆਪਣਾ ਮਤਲਬ ਪੂਰਾ ਕਰਣ ਲਈ ਗੁਆਂਢੀ ਰਈਸਾਂ ਨੂੰ ਚੁਕਣਾ ਆਰੰਭ ਕਰ ਦਿਤਾ। ਮਲੇਰ ਕੋਟਲਾ ਵਾਲੇ ਪਠਾਨ ਇਸ ਦੀ ਚੁਕ ਵਿਚ ਆ ਗਏ ਨਵਾਬ ਮਲੇਰ ਕੋਟਲਾ ਨੇ ਆਪਣਾ ਖੁਸਿਆ ਹੋਇਆ ਇਲਾਕਾ ਮੁੜ ਜਿਤਣ ਦੀ ਇਛਾ ਨਾਲ ਪਟਿਆਲੇ ਦੇ ਇਲਾਕੇ ਤੇ ਹਮਲਾ ਕਰ ਦਿਤਾ।

ਪਠਾਣੀ ਫੌਜ ਖਾਨ ਪੁਰ ਤਕ ਪੁਜ ਗਈ। ਇਥੇ

Digitized by Panjab Digital Library | www.panjabdigilib.org

ਇਸ ਦਾ ਟਾਕਰਾ ਪਟਿਆਲਾ ਦੀ ਫੌਜ ਨਾਲ ਜੋ ਸ੍ਰ: ਚੂਹੜ ਸਿੰਘ ਭਦੌੜੀਏ ਦੀ ਤਾਬੇਦਾਰੀ ਵਿਚ ਸੀ ਹੋਇਆ, ਜਿਸ ਵਿਚ ਮਲੇਰ ਕੋਟਲੇ ਦੀ ਫੌਜ ਹਾਰ ਗਈ। ਦੀਵਾਨ ਨਾਨੂੰ ਮਲ ਥੋੜੇ ਦਿਨ ਬੀਮਾਰ ਰਹਿਕੇ ਸਰੀਰ ਤਿਆਗ ਗਿਆ, ਜਿਸ ਕਰਕੇ ਨਵਾਬ ਮਲੇਰ ਕੋਟਲੇ ਨੇ ਸਰਕਾਰ ਪਟਿਆਲਾ ਨਾਲ ਸੁਲ੍ਹਾ ਕਰ ਲੈਣੀ ਯੋਗ ਸਮਝੀ। ਮਹਾਰਾਜਾ ਸਾਹਿਬ ਸਿੰਘ ਤਾਂ ਪਹਿਲਾਂ ਹੀ ਪੜੋਸੀ ਰਈਸਾਂ ਨਾਲ ਵਿਗਾੜ ਪੈਦਾ ਕਰਨਾ ਨਹੀਂ ਚਾਹੁੰਦੇ ਸਨ, ਇਸ ਕਰਕੇ ਝਟ ਹੀ ਸਮਝੌਤੇ ਲਈ ਤਿਆਰ ਹੋ ਗਏ।

ਹੇਠ ਲਿਖੀਆਂ ਸ਼ਰਤਾਂ ਉਤੇ ਸਮਝੌਤਾ ਹੋਇਆ

[ ੧ ] ਨਵਾਬ ਮਲੇਰ ਕੋਟਲੇ ਦਾ ਜਿਤਿਆ ਹੋਇਆ ਇਲਾਕਾ ਪਟਿਆਲਾ ਦਰਬਾਰ ਛਡ ਦੇਵੇ।

[ ੨ ] ਨਵਾਬ ਮਲੇਰ ਕੋਟਲਾ ਇਹ ਇਕਰਾਰ ਦੇਣ ਕਿ ਉਹ ਅਗੇ ਨੂੰ ਵਕਤ ਪਏ ਤੇ ਦਰਬਾਰ ਪਟਿਆਲੇ ਦਾ ਸਾਥ ਦਿਆ ਕਰਨ ਗੇ। ਦੋਹਾਂ ਪਾਸਿਆਂ ਦੀ ਇਸ ਸਮਝੌਤੇ ਨਾਲ ਸੰਮਤੀ ਹੋ ਗਈ। ਇਹ ਝਗੜਾ ੧੭੯੨ ਈ: ਦੇ ਆਰੰਭ ਵਿਚ ਹੀ ਸਮਾਪਤ ਹੋ ਗਿਆ।

ਬੀਬੀ ਰਾਜਿੰਦਰਾਂ ਦੇ ਮਰ ਜਾਣ ਮਗਰੋਂ ਮਹਾਰਾਜਾ ਸਾਹਿਬ ਸਿੰਘ ਨੇ ਰਾਜ ਕਾਜ ਆਪਣੇ ਹਥ ਵਿਚ ਲਿਆ ਅਤੇ ਰਾਜ ਦਾ ਕੰਮ ਚਲਾਉਣ ਲਈ ਸਯਦਅਲਾਹੀ ਬਖਸ਼ ਸਮਾਨਾ ਕੇਸਰ ਮਲ ਖਤਰੀ ਅਤੇ ਮੁਨਸ਼ੀ ਕ੍ਰਿਸ਼ਨ ਚੰਦ ਦੀ ਕਮੇਟੀ ਬਣਾ ਦਿਤੀ ਗਈ। ਇਸ ਪਾਰਟੀ ਨੇ ਆਪਣੇ ਅਧਿਕਾਰ

Digitized by Panjab Digital Library | www.panjabdigilib.org

ਕਾਇਮ ਰਖਣ ਲਈ ਮਹਾਰਾਜਾ ਸਾਹਿਬ ਸਿੰਘ ਨੂੰ ਇਧਰਉਧਰ ਦੀਆਂ ਗਲਾਂ ਨਾਲ ਕੰਨ ਭਰਕੇ ਬੀਬੀ ਰਾਜਿੰਦਰਾ ਦੇ ਵਿਰੁਧ ਕਰ ਛਡਿਆ ਇਸ ਵਿਚ ਇਹ ਇਥੋਂ ਤਕ ਕਾਮਯਾਬ ਹੋਗਏ ਕਿ ਬੀਬੀ ਰਾਜਿੰਦਰਾ ਮਥਰਾ ਤੋਂ ਵਾਪਸ ਆਕੇ ਮਹਾਰਾਜਾ ਸਾਹਿਬ ਸਿੰਘ ਨੂੰ ਨਾ ਮਿਲਸਕੇ, ਭਾਵੇਂ ਉਨ੍ਹਾਂ ਨੇ ਇਕ ਦੋਵਾਰੀ ਮਿਲਣ ਦੀ ਕੋਸ਼ਿਸ਼ ਭੀ ਕੀਤੀ ਤੇ ਜੇ ਬੀਬੀ ਰਾਜਿੰਦਰਾ ਬੀਮਾਰ ਹੋ ਕੇ ਛੇਤੀ ਸੁਰਗਵਾਸ ਨਾ ਹੁੰਦੇ ਤਾਂ ਹੋ ਸਕਦਾ ਸੀ ਕਿ ਮਹਾ-ਰਾਜਾ ਸਾਹਿਬ ਸਿੰਘ ਨੂੰ ਅਸਲੀ ਹਾਲਾਂ ਦਾ ਪਤਾ ਲਗ ਜਾਂਦਾ

ਬੀਬੀ ਰਾਜਿੰਦਰਾ ਅਤੇ ਮਹਾਰਾਜਾ ਸਾਹਿਬ ਸਿੰਘ ਦੇ ਵਿਚਕਾਰ ਫੁਟ ਪੁਆਉਣ ਵਿਚ ਕਾਮਯਾਬੀ ਹੋਣੀ ਅਤੇ ਦੀਵਾਨ ਨਾਨੂੰ ਮਲ ਦੇ ਸਰੀਰ ਤਿਆਗਣ ਨੇ ਇਸ ਧੜੇ ਨੂੰ ਹੰਕਾਰੀ ਬਣਾ ਦਿਤਾ। ਇਹ ਦੂਸਰੇ ਐਹਲਕਾਰਾਂ ਦੀ ਕਦਰ ਕਰਨ ਦੇ ਥਾਉਂ ਬੇਇਜ਼ਤੀ ਕਰਨ ਲਗ ਪਏ। ਇਸ ਹਤਕ ਨੂੰ ਨਾ ਸਹਾਰਦੇ ਹੋਏ ਐਹਲਕਾਰਾਂ ਦੀ ਇਕ ਹੋਰ ਪਾਰਟੀ ਇਸ ਧੜੇ ਦੇ ਵਿਰੁਧ ਬਣ ਗਈ ਜਿਨ੍ਹਾਂ ਵਿਚੋਂ ਸ੍ਰ: ਅਲਬੇਲ ਸਿੰਘ ਕਾਲੇਕਾ, ਸ੍ਰ: ਫਤਹਿ ਸਿੰਘ ਮੈਹਰਮੀਆਂ ਅਤੇ ਸੁਨਾਮ ਵਾਲਾ ਮੁਨਸ਼ੀ ਰਾਮ ਦਿਆਲ ਇਸ ਪਾਰਟੀ ਦੇ ਮੁਖੀਏ ਸਨ।

ਵਿਰੋਧੀ ਪਾਰਟੀ ਨੇ ਸਯਦ ਅਲਾਹੀ ਬਖ਼ਸ਼ ਅਤੇ ਉਸ ਦੇ ਸਾਥ ਦੇ ਆਦਮੀਆਂ ਦੇ ਮਾਰਨ ਲਈ ਗੋਂਦ ਗੁੰਦੀ। ੨੫ ਅਕਤੂਬਰ ੧੭੯੨ ਈ: ਨੂੰ ਸਰਕਾਰ ਪਟਿਆਲਾ ਘਘੇਪਿੰਡ ਜੋ ਭੁਵਾਨੀਗੜ੍ਹ ਦੇ ਲਾਗੇ ਹੀ ਹੈ, ਸ਼ਿਕਾਰ ਗਏ। ਦਿਨ ਛਿਪਣ ਦੇ ਨਾਲ ਹੀ ਸ਼ਿਕਾਰ ਤੋਂ ਵਾਪਸ ਆਕੇ ਸਾਰੇ

Digitized by Panjab Digital Library | www.panjabdigilib.org

ਅਹਿਲਕਾਰ ਸਰਕਾਰ ਦੇ ਕੈਂਪ ਵਿਚ ਇੱਕਠੇ ਹੋ ਗਏ। ਮਹਾਰਾਜਾ ਸਾਹਿਬ ਸਿੰਘ ਦੀ ਮੌਜੂਦਗੀ ਵਿਚ ਹੀ ਦਿਆਲ ਸਿੰਘ ਅਰੋੜੇ ਨੇ ਸਯਦ ਅਲਾਹੀ ਬਖ਼ਸ਼ ਦੇ ਗੋਲੀ ਮਾਰੀ ਅਤੇ ਸੁਖਾ ਸਿੰਘ ਢਿਲੋਂ ਨੇ ਉਸ ਦੀ ਛਾਤੀ ਵਿਚ ਬਰਛਾ ਮਾਰਿਆ। ਇਸ ਨਾਲ ਸਯਦ ਹੋਰਾਂ ਉਥੇ ਹੀ ਪ੍ਰਾਣ ਤਿਆਗ ਗਏ, ਪਰ ਇਸ ਨੇ ਮਰਦੇ ਮਰਦੇ ਨੇ ਤਲਵਾਰ ਚਲਾਈ ਅਤੇ ਫਤਹਿ ਸਿੰਘ ਮਹਿਰਮੀਏ ਨੂੰ ਜ਼ਖਮੀ ਕਰ ਦਿਤਾ। ਇਸ ਧੜੇ ਨੇ ਸਯਦ ਅਲਾਹੀ ਬਖ਼ਸ਼ ਦੇ ਭਾਈ ਅਮਾਮ ਬਖ਼ਸ਼ ਅਤੇ ਇਸਦੇ ਸਬੰਧੀ ਜਲਾਲ ਦੀਨ ਤੇ ਹੋਰ ਦਸ ਬਾਰਾਂ ਆਦਮੀਆਂ ਨੂੰ ਕਤਲ ਕਰ ਦਿਤਾ। ਦੀਵਾਨ ਕਿਸ਼ਨ ਚੰਦ ਭੀ ਜ਼ਖਮੀ ਹੋ ਗਿਆ।

ਇਹ ਭਿਆਨਕ ਸਾਕਾ ਮਹਾਰਾਜਾ ਸਾਹਿਬ ਸਿੰਘ ਜੀ ਦੀਆਂ ਅਖਾਂ ਦੇ ਸਾਮਣੇ ਬੀਤਿਆ ਸੀ। ਇਸ ਸਮੇਂ ਮਹਾਰਾਜਾ ਸਾਹਿਬ ਸਿੰਘ ਨੇ ਰਾਜਨੀਤੀ ਨੂੰ ਮੁਖ ਰਖ ਕੇ ਇਹ ਭਿਆਨਕ ਸਾਕਾ ਕਰਨ ਵਾਲ ਧੜੇ ਨੂੰ ਹੀ ਰਾਜ ਪ੍ਰਬੰਧ ਦਾ ਕੰਮ ਸਪੁਰਦ ਕਰਨਾ ਯੋਗ ਸਮਝਿਆ। ਇਸ ਅਨੁਸਾਰ ਸੁ: ਅਲਬੇਲ ਸਿੰਘ ਮੰਤਰੀ ਅਤੇ ਰਾਮ ਦਿਆਲ ਦੀਵਾਨ ਨੀਯਤ ਕੀਤਾ ਗਿਆ। ਮਹਾਰਾਜਾ ਸਾਹਿਬ ਸਿੰਘ ਦਾ ਭਰੋਸਾ ਇਨ੍ਹਾਂ ਅਹਿਲਕਾਰਾਂ ਤੋਂ ਟੁਟ ਗਿਆ ਸੀ, ਇਸ ਕਰਕੇ ਰਾਜ ਪ੍ਰਬੰਧ ਵਲ ਵਧੀਕ ਧਿਆਨ ਦੇਣਾ ਅਰੰਭ ਕਰ ਦਿਤਾ। ਅੰਤਰ ਗਤੀ ਰਾਜ ਪ੍ਰਬੰਦ ਨੂੰ ਕਿਸੇ ਅਜੇਹੇ ਪੁਰਸ਼ ਦੇ ਸਪੁਰਦ ਕਰਨ ਦੀ ਵਿਚਾਰ ਕਰਨ ਲਗ ਪਏ ਜਿਸ ਤੋਂ ਹਰ ਇਕ ਪਾਰਟੀ ਡਰਦੀ ਰਹੇ ਅਤੇ ਮੁੜ ਕਿਸੇ ਨੂੰ ਰਾਜ ਗੜਬੜ ਕਰਨ ਦਾ ਹੌਂਸਲਾ ਨਾ ਪਵੇ।

ਦਿਲੀ ਇਰਾਦੇ ਨੂੰ ਗੁਪਤ ਰਖਣ ਲਈ ਸੁਕਾਰ

Digitized by Panjab Digital Library | www.panjabdigilib.org

ਪਟਿਆਲਾ ਜ਼ਿਆਦਾ ਕਰਕੇ ਦੌਰੇ ਰਹਿਣ ਲਗ ਪਏ । ਇਨ੍ਹਾਂ ਹੀ ਦਿਨਾਂ ਵਿਚ ਸ੍ਰਕਾਰ ਪਟਿਆਲਾ ਨੇ ਘਨਈਆ ਬਾਜਾ ਪਿੰਡ ਦੇ ਲੋਕਾਂ ਨੂੰ ਸ੍ਰ: ਚੂਹੜ ਸਿੰਘ ਭਦੌੜੀਆਂ ਦੇ ਮਾਰ ਦੇਣ ਦੀ ਸਜ਼ਾ ਦਿਤੀ । ਰਾਜਗੜ੍ਹ ਰਤੀਏ ਵਿਚ ਕਿਲ੍ਹਾ ਬਣਾਇਆ ਗਿਆ । ਲੁਧਿਆਨੇ ਪਹੁੰਚ ਜਗਰਾਵਾਂ ਅਤੇ ਕੋਟ ਦੇ ਰਹੀਸ ਅਤੇ ਲਿਧਰਾਂ ਵਾਲੇ ਸ੍ਰ: ਚੂਹੜ ਸਿੰਘ ਅਤੇ ਮਾਛੀਵਾੜੇ ਵਾਲੇ ਸ੍ਰ: ਕਰਮ ਸਿੰਘ ਪਾਸੋਂ ਨਜ਼ਰਾਨਾ ਵਸੂਲ ਕੀਤਾ । ਫਲੌਰ ਵਾਲੇ ਸ੍ਰ: ਕਰਮ ਸਿੰਘ ਅਤੇ ਉਸ ਦੇ ਚਾਚੇ ਦਾ ਪ੍ਰਸਪਰ ਸਮਝੌਤਾ ਕਰਾਇਆ । ਬੋਹੀਆ ਆਦਿਕ ਦੇ ਪ੍ਰਗਣਿਆਂ ਵਲ ਕਈਸਾਲ ਦੀ ਸ੍ਰਕਾਰੀ ਮਾਮਲੇ ਦੀ ਬਾਕੀ ਟੁਟੀ ਹੋਈ ਸੀ, ਉਹਭੀ ਵਸੂਲ ਕੀਤੀ ਗਈ । ਇਸ ਪ੍ਰਕਾਰ ਦੇ ਕਈ ਰਾਜਸੀ ਕੰਮ ਕਰਨ ਵਿਚ ਸ੍ਰਕਾਰ ਪਟਿਆਲਾ ਲਾਗੇ ਰਹੇ ਜਿਸ ਕਰਕੇ ਧੜੇ ਬਾਜ ਸ੍ਰਕਾਰ ਪਟਿਆਲਾ ਦੇ ਗੁਪਤੀ ਰਾਜ਼ ਨੂੰ ਨਾ ਸਮਝ ਸਕੇ । ਮਹਾਰਾਜਾ ਸਾਹਿਬ ਸਿੰਘ ਨੇ ਆਪਣੇ ਦਿਲ ਵਿਚ ਇਹ ਫੈਸਲਾ ਕਰਲਿਆ ਕਿ ਉਨ੍ਹਾਂ ਦੀ ਸਕੀ ਭੈਣ ਬੀਬੀ ਸਾਹਿਬ ਕੌਰ ਹੀ ਇਕ ਅਜੇਹੇ ਹਨ ਜੋ ਇਸ ਮਹਾਂ ਮੰਤਰੀ ਦੇ ਕੰਮ ਦੇ ਯੋਗ ਹਨ ਅਤੇ ਜਿਸ ਤੋਂ ਸਾਰੀਆਂ ਪਾਰਟੀਆਂ ਦਬ ਸਕਣ ਗੀਆਂ ।

## (੪) ਬੀਬੀ ਸਾਹਿਬ ਕੌਰ ਦਾ ਮਹਾਂ ਮੰਤਰੀ ਨੀਯਤ ਹੋਣਾ

ਮਹਾਰਾਜਾ ਸਾਹਿਬ ਸਿੰਘ ਨੂੰ ਨਿਸਚਾ ਹੋ ਚੁਕਾ ਸੀ ਕਿ ਜਿਨ੍ਹਾਂ ਚਿਰ ਤਕ ਕੋਈ ਅਜੇਹਾ ਰਾਜ ਪ੍ਰਬੰਧਕ ਨੀਯਤ ਨਾ ਕੀਤਾ ਜਾਵੇ ਜਿਸ ਤੋਂ ਸਾਰੀਆਂ ਪਾਰਟੀਆਂ ਦਬ ਸਕਣ

Digitized by Panjab Digital Library | www.panjabdigilib.org

ਉਨ੍ਹਾਂ ਚਿਰ ਕਰਕੇ ਰਿਆਸਤ ਦਾ ਰਾਜ ਪ੍ਰਬੰਧ ਠੀਕ ਨਹੀਂ ਹੋ ਸਕੇਗਾ ਇਸ ਕੰਮ ਲਈ ਬੀਬੀ ਸਾਹਿਬ ਕੌਰ ਸਭ ਤੋਂ ਯੋਗ ਸਨ, ਜਿਨ੍ਹਾਂ ਨੂੰ ਸਰਕਾਰ ਪਟਿਆਲਾ ਨੇ ਮਹਾਂ ਮੰਤਰੀ ਨੀਯਤ ਕਰਨਾ ਉਚਤ ਸਮਝਿਆ ।

੧੨੯੩ ਈ: ਦੇ ਆਰੰਭ ਵਿਚ ਮਹਾਰਾਜਾ ਸਾਹਿ ਬ ਸਿੰਘ ਬਈ ਆਦਿਕ ਦੇ ਇਲਾਕੇ ਵਲ ਸ਼ਿਕਾਰ ਖੇਡਣ ਲਈ ਚਲੇ ਗਏ ਵਡੇ ੨ ਐਹਲਕਾਰਾਂ ਨੂੰ ਸਾਥ ਜਾਣ ਦਾ ਹੁਕਮ ਦਿਤਾ ਗਿਆ । ਸ਼ਿਕਾਰ ਦੇ ਵਿਚੋਂ ਮਹਾਰਾਜਾ ਸਾਹਿਬ ਸਿੰਘ ਇਕਲੇ ਹੀ ਪਟਿਆਲੇ ਪੁਜੇ ਜਿਥੋਂ ਇਨ੍ਹਾਂ ਦੀ ਭੈਣ ਸਾਹਿਬ ਕੌਰ ਪਹਿਲਾਂ ਹੀ ਪਹੁੰਚ ਚੁਕੀ ਸੀ । ਇਥੇ ਹੀ ਬੀਬੀ ਸਾਹਿਬ ਮਹਾਂ ਮੰਤਰੀ ਨੀਯਤ ਕਰਨ ਦਾ ਹੁਕਮ ਜਾਰੀ ਕਰ ਦਿਤਾ ਅਤੇ ਦੂਸਰੇ ਐਹਲਕਾਰਾਂ ਨੂੰ ਹੀਲ ਹੁਜਤ ਕਰਨ ਦਾ ਮੌਕਾ ਹੀ ਨਾ ਮਿਲਿਆ ।

ਭਾਵੇਂ ਮਹਾਰਾਜਾ ਸਾਹਿਬ ਸਿੰਘ ਨੇ ਬੀਬੀ ਸਾਹਿਬ ਕੌਰ ਨੂੰ ਆਪਣਾ ਮਹਾਂ ਮੰਤਰੀ ਨੀਯਤ ਕਰਦਿਤਾ ਸੀ, ਪਰ ਬੀਬੀ ਹੋਰਾਂ ਲਈ ਆਪਣੇ ਪਤੀ ਸ੍ਰ: ਜੈਮਲ ਸਿੰਘ ਹੋਰਾਂ ਦੀ ਸੰਮਤੀ ਲੈਣੀ ਜਰੂਰੀ ਸੀ ਇਸ ਕਰਕੇ ਇਹ ਝਟ ਹੀ ਪਟਿਆਲਾ ਤੋਂ ਫਤਹਿ ਗੜ੍ਹ ਵਾਪਸ ਚਲੇ ਗਏ । ਸ੍ਰ: ਜੈਮਲ ਸਿੰਘ ਨੇ ਬੀਬੀ ਸਾਹਿਬ ਕੌਰ ਨੂੰ ਆਪਣਾ ਭਾਈ ਮਹਾਰਾਜਾ ਸਾਹਿਬ ਸਿੰਘ ਦੀ ਰਿਆਸਤ ਦੇ ਰਾਜ ਪ੍ਰਬੰਧ ਵਿਚ ਸਹਾਇਤਾ ਕਰਨ ਦੀ ਆਗਿਆ ਦੇ ਦਿਤੀ । ਬੀਬੀ ਸਾਹਿਬ ਕੌਰ ਫਤਹਿ ਗੜ੍ਹ ਤੋਂ ਸ਼ੀਘਰ ਹੀ ਪਟਿਆਲਾ ਪੁਜਗਏ ਅਤੇ ਜੁਲਾਈ ੧੭੯੩ ਈ: ਵਿਚ ਮਹਾਂ ਮੰਤਰੀ ਦਾ ਕੰਮ ਕਰਨਾ ਆਰੰਭ ਕਰ ਦਿਤਾ

Digitized by Panjab Digital Library | www.panjabdigilib.org

## (੫) ਵਜ਼ਾਰਤ ਪਟਿਆਲਾ ਅਤੇ ਬੀਬੀ

ਇਸ ਸਮੇਂ ਪਟਿਆਲਾ ਦਰਬਾਰ ਅੰਦਰ ਧੜੇ ਬਾਜ਼ੀ ..ਰਾਂ ਉਤੇ ਸੀ। ਬੀਬੀ ਸਾਹਿਬ ਕੌਰ ਲਈ ਚੰਗਾ ਰਾਜ ਪ੍ਰਬੰਧ ਕਰਨ ਵਾਸਤੇ ਇਸ ਪਾਰਟੀ ਬਾਜ਼ੀ ਦਾ ਤੋੜਨਾ ਜ਼ਰੂਰੀ ਸੀ। ਸਭ ਤੋਂ ਪਹਿਲਾਂ ਬੀਬੀ ਸਾਹਿਬ ਕੌਰ ਨੇ ਆਪਣੇ ਇਤਬਾਰੀ ਤਾਰਾ ਸਿੰਘ ਨੂੰ ਆਪਣਾ ਨਾਇਬ ਨੀਯਤ ਕੀਤਾ ਅਤੇ ਦੀਵਾਨ ਨਾਨੂੰ ਮਲ ਦੇ ਭਧੀਜੇ ਦੀਵਾਨ ਸਿੰਘ ਨੂੰ ਦੀਵਾਨੀ ਦੇ ਅਹੁਦੇ ਉਤੇ ਕਾਇਮ ਕਰ ਦਿਤਾ। ਬਹੁਤ ਸਾਰੇ ਐਹਲਕਾਰਾਂ ਦੀਆਂ ਅਦਲਾ ਬਦਲੀਆਂ ਕਰ ਦਿਤੀਆਂ। ਇਨ੍ਹਾਂ ਤਰੀਕਿਆਂ ਨਾਲ ਬੀਬੀ ਸਾਹਿਬ ਕੌਰ ਨੇ ਧੜੇ ਬਾਜ਼ੀ ਦੇ ਗਰਮ ਬਜ਼ਾਰ ਨੂੰ ਖਤਮ ਕਰ ਦਿਤਾ।

## (੬) ਬੀਬੀ ਸਾਹਿਬ ਕੌਰ ਦਾ ਸ੍ਰ: ਜੈਮਲ ਸਿੰਘ ਨੂੰ ਕੈਦੋਂ ਛੁਡਾਉਣਾ

ਸ੍ਰ: ਹਕੀਕਤ ਸਿੰਘ ਅਤੇ ਮਹਿਤਾਬ ਸਿੰਘ ਦੋਨੋ ਭਾਈ ਘਨਈਆ ਮਿਸਲ ਦੇ ਜਥੇਦਾਰਾਂ ਵਿਚੋਂ ਸਨ। ਸ੍ਰ: ਹਕੀਕਤ ਸਿੰਘ ਦਾ ਪੁਤਰ ਸ: ਜੈਮਲ ਸਿੰਘ ਅਤੇ ਮਹਿਤਾਬ ਸਿੰਘ ਦਾ ਪੁਤਰ ਸ੍ਰ: ਫਤਹਿ ਸਿੰਘ ਸੀ। ਸ੍ਰ: ਹਕੀਕਤ ਸਿੰਘ* ਦੇ ਸੁਰਗਵਾਸ ਹੋਣ ਮਗਰੋਂ ਫਤਹਿ ਸਿੰਘ ਨੇ ਜੈਮਲ

---

*ਸ: ਹਕੀਕਤ ਸਿੰਘ ਜੁਲਕਾ ਪਿੰਡ ਦੇ ਰਹਿਣ ਵਾਲੇ ਸ: ਬਘੇਲ ਸਿੰਘ ਦਾ ਪੁਤਰ ਸੀ। ਇਸ ਦੇ ਹੋਰ ਦੋ ਭਰਾ ਮਹਿ-ਤਾਬ ਸਿੰਘ ਅਤੇ ਮਸਦਾ ਸਿੰਘ ਸਨ। ਜੁਲਕਾ ਪਿੰਡ ਸ੍ਰ: —

Digitized by Panjab Digital Library | www.panjabdigilib.org

ਸਿੰਘ ਨਾਲ ਜਾਇਦਾਦ ਦੀ ਵੰਡ ਬਾਬਤ ਬੜਾ ਝਗੜਾ ਕਰਨਾ ਆਰੰਭ ਕਰ ਦਿਤਾ। ਇਕ ਵਾਰੀ ਸਖ਼ਤ ਲੜਾਈ ਹੋਈ, ਜਿਸ ਵਿਚ ਸਃ ਜੈਮਲ ਸਿੰਘ ਨੇ ਸਃ ਫਤਹਿ ਸਿੰਘ ਨੂੰ ਕੈਦ ਕਰ ਲਿਆ ਪਰ ਇਸ ਦੀ ਘਰ ਵਾਲੀ ਨੇ ਫੌਜ ਇਕਠੀ ਕਰਕੇ ਧਾਵਾ ਬੋਲ ਦਿਤਾ ਅਤੇ ਸਃ ਫਤਹਿ ਸਿੰਘ ਨੂੰ ਕੈਦ ਵਿਚੋਂ ਛੁਡਾਲਿਆ‡।

ਜਿਨ੍ਹਾਂ ਵਿਚ ਤਕ ਬੀਬੀ ਸਾਹਿਬ ਕੌਰ ਫਤਹਿ ਗੜ੍ਹ ਰਹੇ ਉਨਾ ਚਿਰ ਤਕ ਸਃ ਫਤਹਿ ਸਿੰਘ ਨੂੰ ਸੁਃ ਜੈਮਲ ਸਿੰਘ ਵਿਰੁਧ ਕੋਈ ਕਾਮਯਾਬੀ ਨਾ ਹੋਈ। ਬੀਬੀ ਸਾਹਿਬ ਕੌਰ ਨੂੰ ਪਟਿਆਲੇ ਆਏ ਛੇ ਮਹੀਨੇ ਹੋਏ ਸਨ, ਇਨ੍ਹਾਂ ਪਾਸ ਪਟਿਆਲੇ ਖਬਰ ਪੁਜੀ ਕਿ ਸਃ ਫਤਹਿ ਸਿੰਘ ਨੇ ਉਸ ਦੇ ਪਤੀ ਸਃ ਜੈਮਲ ਸਿੰਘ ਨੂੰ ਕੈਦ ਕਰਲਿਆ ਹੈ। ਮਹਾਰਾਜਾ ਸਾਹਿਬ ਸਿੰਘ ਤੋਂ –ਸਿੰਘ ਦੇ ਘਨਈਆ ਪਿੰਡ ਦੇ ਲਾਗੇ ਹੀ ਹੈ। ਸਃ ਜੈ ਸਿੰਘ ਅਤੇ ਸਃ ਹਕੀਕਤ ਸਿੰਘ ਦੋਵੇਂ ਨਵਾਬ ਕਪੂਰ ਸਿੰਘ ਦੇ ਸੇਵਕ ਸਨ। ੧੮੫੨ ਸੰਃ ਵਿਚ ਜਦੋਂ ਨਵਾਬ ਕਪੂਰਸਿੰਘ ਨੇ ਸਰੀਰ ਤਿਆਗਿਆ ਤਾਂ ਇਹ ਆਪੋ ਆਪਣੇ ਪਿੰਡਾਂ ਨੂੰ ਵਾਪਸ ਚਲੇ ਗਏ। ੪੦੦ ਸਵਾਰ ਇਕਠੇ ਕਰਕੇ ਆਪਨੀ ਹਿੰਮਤ ਨਾਲ ਕਲਾਨੌਰ, ਬਟਾਲਾ, ਦਲਬੋਹ, ਕਾਨਗੜ੍ਹ ਪਠਾਨ ਕੋਟ ਮਤਾ ਅਦਿਕ ਪ੍ਰਗਣਿਆਂ ਦੇ ਬਹੁਤ ਸਾਰੇ ਪਿੰਡ ਜਿਤ ਕੇ ਆਪਣੇ ਕਬਜ਼ੇ ਵਿਚ ਕਰ ਲਏ ਅਤੇ ਮਿਸਲ ਘਨੀਆ ਦਾ ਮੁਢ ਰਖ ਦਿਤਾ।

‡ਤਵਾਰੀਖ ਪੰਜਾਬ ਕ੍ਰਿਤ ਮੁਹੰਮਦ ਲਤੀਫ ਪੰਨਾ ੩੧੦

Digitized by Panjab Digital Library | www.panjabdigilib.org

ਆਗਿਆ ਲੈ ਕੇ ਬੀਬੀ ਸਾਹਿਬ ਕੌਰ ਪਟਿਆਲੇ ਦੀ ਫੌਜ ਸੰਜੁਕਤ ਫਤਹਿ ਗੜ੍ਹ ਪੁਜੇ। ਫਤਹਿਸਿੰਘ ਨੂੰ ਹਾਰ ਦੇਕੇ ਆਪਣੇ ਪਤੀ ਸ੍ਰ: ਜੈਮਲ ਸਿੰਘ ਨੂੰ ਕੈਦ ਤੋਂ ਛੁਡਾ ਲਿਆ ਤੇ ਸਾਰਾ ਪ੍ਰਬੰਧ ਕਰਨ ਮਗਰੋਂ ਪਟਿਆਲੇ ਵਾਪਸ ਆਗਏ।

ਬੀਬੀ ਸਾਹਿਬ ਕੌਰ ਦੇ ਸਾਥ ਫਤਹਿ ਗੜ੍ਹ ਸੰਜੁਕਤ ਬਖ਼ਸ਼ੀ ਕੀਮਾ ਡੋਗਰ, ਮਲਕ ਸ਼ੇਰਾ ਡੋਗਰ ਅ- ਸਰਦਾਰ ਜੋਧ ਸਿੰਘ ਕਾਲੇ ਕਾ ਵਡੇ ੨ ਅਫ- ਰ ਗਏ ਸਨ* ਇਸ ਜਿੱਤ ਨੇ ਪਟਿਆਲਾ ਦੇ ਐਹਲਕਾਰਾਂ ਉਤੇ ਬਹੁਤ ਅਸਰ ਰਖਿਆ ਧੜੇ ਬਾਜ ਸਰਦਾਰਾਂ ਨੇ ਬੀਬੀ ਸਾਹਿਬਕੌਰ ਦੇ ਹੌਸਲੇ ਅਤੇ ਹਿੰਮਤ ਦਾ ਅੰਦਾਜਾ ਲਗਗਿਆ। ਇਹੋ ਹੀ ਕਾਰਨ ਸੀ ਕਿ ਇਸਬੀਬੀ ਸਾਹਿਬ ਕੌਰ ਦੇ ਤੇਜ ਪ੍ਰਤਾਪ ਅਗੇ ਕੋਈ ਭੀ ਐਹਲਕਾਰ ਅਖ ਭਰ ਕੇ ਨਾ ਝਾਕ ਸਕਿਆ ਇਹ ਪ੍ਰਸੰਗ ੧੭੯੩ ਈ: ਦਾ ਹੈ ਇਸ ਜੰਗ ਦਾ ਥੋੜਾ ਚਿਰ ਪਿਛੋਂ ਸ੍ਰ: ਫਤਹਿ ਸਿੰਘ ਸਰੀਰ ਤਿਆਗ ਗਿਆ, ਜਿਸ ਕਰਕੇ ਸ੍ਰ: ਜੈਮਲ ਸਿੰਘ ਕਲਾਂਨੌਰ ਦੇ ਪ੍ਰਗਣੇ ਉਤੇ ਪਕੇ ਢੰਗ ਨਾਲ ੧੮੧੨ ਈ: ਤਕ ਕਾਇਮ ਰਿਹਾ

## ੭ ਮਰਹੱਟਾ ਸਰਦਾਰ ਅੰਬ ਰਾਉ ਅਤੇ ਲਛਮਣ ਰਾਉ ਦਾ ਹਮਲਾ

ਮਰਹੱਟਿਆਂ ਦਿਲੀ ਪਰ ੧੭੮੭ ਈ: ਵਿਚ ਕਦਜਾ

---

*ਜੀਵਣ ਬਿਰਤਾਂਤ ਬੀਬੀ ਸਾਹਿਬ ਕੌਰ ਕ੍ਰਿਤ ਸ੍ਰ: ਨਾਹਰ ਸਿੰਘ ਐਮ. ਏ. ਪੰਨਾ ੧੦–੧੨।

Digitized by Panjab Digital Library | www.panjabdigilib.org

ਕਰ ਲਿਆ। ਦਿਲੀ ਦੇ ਮੁਗਲੀਆ ਖਾਨਦਾਨ ਦਾ ਨਾਮ ਧਰੀਕ ਬਾਦਸ਼ਾਹ ਮਹਦਾ ਜੀ ਸਿੰਧੀਆਂ ਆਦਿਕ ਮਰਹੱਟਾ ਸਰਦਾਰਾਂ ਦੇ ਕਬਜੇ ਵਿਚ ਸੀ। ਦਿਲੀ ਦੇ ਇਰਦ ਗਿਰਦ ਦੇ ਇਲਾਕੇ ਦਾ ਪ੍ਰਬੰਧ ਕਰਨ ਮਗਰੋਂ ਮਰਹੱਟਾ ਫੌਜ ਪੰਜਾਬ ਵਲ ਤਕ ਰਹੀਆਂ ਸਨ। ਇਸ ਤੋਂ ਪਹਿਲਾਂ ਮਰਹੱਟਾ ਸਰਦਾਰ ਅੰਬੇ ਰਾਉ ਭਾਈ ਸਾਹਿਬ ਕੈਂਥਲ ਵਾਲਿਆਂ ਪਾਸੋਂ ੭੦੦੦) ਰੁਪਿਆ ਨਜ਼ਰਾਨਾ ਵਸੂਲ ਕਰ ਚੁਕਿਆ ਸੀ। ੧੭੮੯ ਈ: ਵਿਚ ਦੀਵਾਨ ਨਾਨੂੰ ਮਲ ਦੀ ਨਿਮਕ ਹਰਾਮੀ ਦੇ ਕਾਰਨ ਮਰਹੱਟਾ ਸਰਦਾਰ ਰਾਣੀ ਖਾਂ ਦਾਦਾ ਜੀ ਅਤੇ ਅਲੀਬਹਾਦਰ ਨਜ਼ਰ ਨੇ ਭੀ ਚੋਖੀ ਰਕਮ ਹੇਠਾੜ ਸਤਲੁਜ ਦੇ ਰਈਸਾਂ ਪਾਸੋਂ ਲੈ ਜਾ ਚੁਕੇ ਸਨ, ਇਨ੍ਹਾਂ ਦੀ ਰੀਸ ਕਰਕੇ ਹੋਰ ਮਰਹੱਟਾ ਸਰਦਾਰਾਂ ਨੇ ਭੀ ਧਾਵਾ ਕਰਨਾ ਆਰੰਭ ਕਰ ਦਿਤਾ।

੧੭੯੪ ਈ: ਵਿਚ ਦੋ ਮਰਹੱਟਾ ਸਰਦਾਰ ਅੰਬੇ ਰਾਉ ਤੇ ਲਛਮਣ ਰਾਉ ਨੇ ੧੫੦੦੦ ਫੌਜ ਸੰਜੁਕਤ ਹੇਠਾੜ ਸਤਲੁਜ ਦੇ ਰਈਸਾਂ ਪਾਸੋਂ ਨਜ਼ਰਾਨੇ ਵਸੂਲ ਕਰਨ ਲਈ ਧਾਵਾ ਕਰ ਦਿਤਾ। ਉਸ ਵੇਲੇ ਮਰਹਟਿਆਂ ਦੀ ਤਾਕਤ ਦੀ ਧਾਂਗ ਸਾਰੇ ਹਿੰਦੁਸਤਾਨ ਵਿਚ ਪਈ ਹੋਈ ਸੀ। ਛੋਟੇ ੨ ਰਈਸਾਂ ਨੇ ਤਾਂ ਟਾਕਰਾ ਇਨ੍ਹਾਂ ਮਰਹਟਾਸਰਦਾਰਾਂ ਨਾਲ ਕੀ ਕਰਨਾ ਸੀ, ਰਾਜਾ ਭਾਗ ਸਿੰਘ ਜੀਂਦ ਅਤੇ ਕੈਂਥਲ ਵਾਲੇ ਭਾਈ ਲਾਲ ਸਿੰਘ ਨੇ ਭੀ ਆਪੋ ਆਪਣਾ ਵਕੀਲ ਇਨ੍ਹਾਂ ਸਰਦਾਰਾਂ ਨਾਲ ਨਜ਼ਰਾਨੇਦੀ ਰਕਮ ਫੈਸਲਾ ਕਰਨ ਲਈ ਭੇਜ ਦਿਤੇ ਅਤੇ ਆਪ ਪਟਿਆਲੇ ਮਹਾਰਾਜਾ ਸਾਹਿਬ ਸਿੰਘ ਨਾਲ ਬਾਤ ਚੀਤ ਕਰਨ ਲਈ ਆਗਏ। ਇਸ ਵੇਲੇ ਪਟਿਆਲਾ ਦੇ ਮਹਾਂਮੰਤ੍ਰੀ ਦਾ ਕੰਮ ਬੀਬੀ

Digitized by Panjab Digital Library | www.panjabdigilib.org

ਸਾਹਿਬ ਕੌਰ ਕਰ ਰਹੇ ਸਨ ਅਤੇ ਇਨ੍ਹਾਂ ਦੀ ਸਲਾਹ ਤੋਂ ਬਿਨਾਂ ਮਹਾਰਾਜਾ ਸਾਹਿਬ ਕਿਸੇ ਪ੍ਰਕਾਰ ਦੀ ਵਿਚਾਰ ਕਰਨ ਲਈ ਤਿਆਰ ਨਹੀਂ ਸਨ ।

ਰਾਜਾ ਭਾਗ ਸਿੰਘ ਅਤੇ ਭਾਈ ਲਾਲ ਸਿੰਘ ਦੀ ਸਲਾਹ ਨਜ਼ਰਾਨਾ ਦੇ ਕੇ ਮਰਹਟਾ ਸਰਦਾਰ ਨਾਲ ਸਮਝੋਤਾ ਕਰਨ ਦੀ ਸੀ, ਪਰ ਬੀਬੀ ਸਾਹਿਬ ਕੌਰ ਨੇ ਇਸ ਨਾਲ ਸੰਮਤੀ ਨਾ ਕੀਤੀ । ਉਨ੍ਹਾਂ ਦਾ ਖਿਆਲ ਇਹ ਸੀ ਕਿ ਜੇ ਇਕ ਵਾਰ ਨਜ਼ਰਾਨਾ ਦੇ ਦਿਤਾ ਤਾਂ ਮਰਹਟੇ ਹਮੇਸ਼ਾਂ ਤੰਗ ਕਰਿਆ ਕਰਨ ਗੇ ਇਸ ਕਰਕੇ ਮਰਹਟਾ ਫੌਜ ਨਾਲ ਜੰਗ ਕਰਨਾ ਮੁਨਾਸਬ ਹੈ । ਗੂੜ੍ਹੀ ਸੋਚ ਵਿਚਾਰ ਮਗਰੋਂ ਇਸ ਤਜਵੀਜ਼ ਨਾਲ ਸਭ ਦੀ ਸੰਮਤੀ ਹੋ ਗਈ ਅਤੇ ਜੰਗ ਦੀਆਂ ਤਿਆਰੀਆ ਆਰੰਭ ਕਰ ਦਿਤੀਆਂ ਗਈਆਂ ।

ਮਰਹਟਾ ਸਰਦਾਰ ਜਾਣਦੇ ਸਨ ਕਿ ਜੇ ਦਰਬਾਰ ਪਟਿਆਲਾ ਨੇ ਨਜ਼ਰਾਨਾ ਦੇਣਾ ਪ੍ਰਵਾਨ ਕਰ ਲਿਆ ਤਾਂ ਫਿਰ ਕੋਈ ਭੀ ਰਈਸ ਨਜ਼ਰਾਨੇ ਤੋਂ ਇਨਕਾਰ ਨਹੀਂ ਕਰੇਗਾ ਅਤੇ ਨਾ ਹੀ ਕਿਸੇ ਪ੍ਰਕਾਰ ਦੇ ਜੰਗ ਕਰਨ ਦੀ ਲੋੜ ਪਵੇਗੀ ਉਨ੍ਹਾਂ ਨੇ ਦਰਬਾਰ ਪਟਿਆਲਾ ਪਾਸ ਈਨ ਮੰਨਣ ਅਤੇ ਨਜ਼ਰਾਨਾ ਭਰਨ ਬਾਬਤ ਸੰਦੇਸ਼ਾ ਭੇਜਿਆ, ਜਿਸ ਦਾ ਉਤਰ ਬੀਬੀ ਸਾਹਿਬ ਕੌਰ ਨੇ ਇਹ ਦਿਤਾ ਕਿ ਨਜ਼ਰਾਨਾ ਦੇਕੇ ਫਿਰ ਸਲ੍ਹਾ ਦੀਆਂ ਸ਼ਰਤਾਂ ਪ੍ਰਵਾਨ ਕਰਨਾ ਪਟਿਆਲਾ ਰਾਜ ਦਰਬਾਰ ਦੀ ਹਤਕ ਹੈ । ਇਸ ਉਤਰ ਦੇ ਪੁਜਣ ਸਾਰ ਮਰਹਟਾ ਫੌਜ ਨੇ ਅਗੇ ਵਧਣਾ ਆਰੰਭ ਕਰ ਦਿਤਾ ਅਤੇ ਇਧਰੋਂ ਬੀਬੀ ਸਾਹਿਬ ਕੌਰ ਨੇ ਭੀ ਜੰਗ ਦੀ ਤਿਆਰੀ ਕਰ ਦਿਤੀ ।

Digitized by Panjab Digital Library | www.panjabdigilib.org

ਬੀਬੀ ਸਾਹਿਬ ਕੌਰ ਨੇ ਆਪਣੇ ਜ਼ੈਲਦਾਰਾਂ, ਰਾਜਾ ਭਾਗ ਸਿੰਘ ਜੀਂਦ, ਭੰਗਾ ਸਿੰਘ ਮਹਿਤਾਬ ਸਿੰਘ ਥਾਨੇਦਾਰ ਭਾਈ ਲਾਲ ਸਿੰਘ ਕੈਂਥਲ, ਸ੍ਰ: ਜੋਧ ਸਿੰਘ ਕਲਸੀਆ† ਅਤੇ

---

† ਕਲਸੀਆ ਦਾ ਰਈਸ ਦਾ ਦਰਜਾ ਪਟਿਆਲਾ ਨਾਭਾ ਜੀਂਦ ਮਲੇਰ ਕੋਟਲੇ, ਅਤੇ ਫਰੀਦ ਕੋਟ ਤੋਂ ਬਿਨਾਂ ਦੋਆਬ ਸਤਲੁਜ ਦੇ ਬਾਕੀ ਰਈਸਾਂ ਨਾਲੋਂ ਉਚਾ ਹੈ। ਇਸ ਖ਼ਾਨਦਾਨ ਦਾ ਮੋਢੀ ਕਲਸੀਆ ਵਾਲਾ ਸ੍ਰ:ਗੁਰਬਖ਼ਸ਼ ਸਿੰਘ ਸੀ ਜੋ ਕਰੋੜਸਿੰਘੀਆ ਮਿਸਲ ਦੇ ਜਥੇਦਾਰਾਂ ਅਤੇ ਸ: ਬਘੇਲ ਸਿੰਘ ਦੇ ਸਾਥੀਆਂ ਵਿਚੋਂ ਸਨ। ਭਾਵੇਂ ਇਹ ਸਰਦਾਰ ਹੋਰੀਂ ਬਹੁਤ ਪ੍ਰਸਿਧ ਸਨ ਪਰ ਇਸ ਦਾ ਪੁਤਰ ਸ: ਜੋਧ ਸਿੰਘ ਵਧੀਕ ਕਾਬਲ ਪੁਰਸ, ਜਿਸ ਦਾ ਜਨਮ ੧੭੫੧ ਈ: ਵਿਚ ਹੋਇਆ। ਸ: ਜੋਧਸਿੰਘ ਸ: ਬਘੇਲ ਸਿੰਘ ਦੇ ਸਰੀਰਤਿਆਗਣ ਮਗਰੋਂ ਕਰੋੜ ਸਿੰਘੀਆ ਮਿਸਲ ਦਾ ਜਥੇਦਾਰ ਬਣਿਆਂ। ਇਸ ਸਰਦਾਰ ਨੇ ਖ਼ਜ਼ਾਨ ਸਿੰਘ ਪਾਸੋਂ ਡੇਰਾ ਅਤੇ ਬਸੀ ਦਾ ਪਰਗਣਾ ਜਿਤ ਲਿਆ ਸੀ ੧੮੦੩ ਈ: ਵਿਚ ਸ: ਜੋਧ ਸਿੰਘ ਦੇ ਪੁਤਰ ਸ: ਹਰੀ ਸਿੰਘ ਨਾਲ ਮਹਾਰਾਜਾ ਸਾਹਿਬ ਸਿੰਘ ਦੀ ਪੁਤਰੀ ਕਰਮ ਕੌਰ ਨਾਲ ਸ਼ਾਦੀ ਹੋਈ। ੧੮੦੭ ਈ: ਵਿਚ ਇਹ ਸਰਦਾਰ ਨਰਾਇਣ ਗੜ੍ਹ ਦੇ ਘੇਰੇ ਵੇਲੇ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਸ ਸਹਾਇਤ ਦੇ ਬਦਲੇ ਵਿਚ ਕਈ ਪ੍ਰਗਣੇ ਭੀ ਦਿਤ ਸਨ। ੧੮੦੯ ਈ: ਦੇ ਸਰਕਾਰ ਅੰਗਰੇਜ਼ੀ ਨਾਲ ਸਮਜੋਤਾ ਹੋਣ ਸਮੇਂ ਕਲਸਿਆ ਦਾ ਇਲਾਕਾ ਢਾਈ ਲਖ ਸਾਲਾਨਾ ਆਮਦਨੀ ਦਾ ਸੀ ਸ:-

Digitized by Panjab Digital Library | www.panjabdigilib.org

ਸੂ: ਤਾਰਾ ਸਿੰਘ ਗੈਬਾ ਆਦਿਕਾਂ ਦੀਆਂ ਫੌਜਾਂ ਇਕਠੀਆਂ ਕਰ ਲਈ। ਇਹ ਸਾਰੀ ਫੌਜ ਲਗ ਭਗ ੧੦੦੦ ਹੋ ਗਈ ਅਤੇ ਅੰਬਾਲੇ ਵਲ ਤੁਰ ਪਈ §

ਇਰਦ ਗਿਰਦ ਦੇ ਰਈਸਾਂ ਦਾ ਪਟਿਆਲੇ ਦੇ ਝੰਡੇ ਹੇਠ ਇਕਠਾ ਹੋਣਾ ਅਤੇ ਮਰਹਟਿਆਂ ਦੇ ਟਾਕਰੇ ਦੀ ਤਿਆਰੀ ਕਰਨੀ ਬੀਬੀ ਸਾਹਿਬ ਕੌਰ ਦੇ ਹੌਂਸਲੇ ਪਰਗਟ ਕਰਨ ਦਾ ਨਤੀਜਾ ਸੀ। ਇਸ ਜੋਧਾ ਦੇਵੀ ੭੦੦੦ ਫੌਜ ਨਾਲ ਲੈ ੧੫੦੦੦ ਮਰਹੱਟਾ ਫੌਜ ਦੇ ਟਾਕਰੇ ਲਈ ਜੋ ਤਜਰਬਾਕਾਰ ਜਰਨੈਲ ਦੀ ਮਾਤਹਤ ਵਿਚ ਜੰਗ ਕਰਨ ਲਈ ਆਏ ਹੋਏ ਸਨ, ਪਟਿਆਲਾ ਤੋਂ ਤੁਰ ਮਰਦਾਨ ਪੁਰ ਪੁਜ ਗਈ ਜੋ ਅੰਬਾਲੇ ਤੋਂ ਥੋੜੀ ਦੂਰ ਹੈ। ਦੋਹਾਂ ਫੌਜਾਂ ਦਾ ਟਾਕਰਾ ਮਰਦਾਨ ਪੁਰ ਦੇ ਲਾਗੇ ਹੋਇਆ। ਸਿਖ ਫੌਜਾਂ ਨੂੰ ਵਧੀਕ ਨੁਕਸਾਨ ਪੁਜਾ ਜਿਸ ਕਰਕੇ ਇਸ ਨੇ ਹੌਲੀ ੨ ਪਿਛੇ ਮੁੜਨਾ ਆਰੰਭ ਕਰ ਦਿਤਾ। ਹੋ ਸਕਦਾ ਸੀ ਕਿ ਇਹ ਫੌਜ ਭਜ ਨਿਕਲਦੀ ਪਰ ਜੰਗ ਦੀ ਹਾਲਤ ਨੂੰ ਵਿਚਾਰ ਕਰਕੇ ਬੀਬੀ ਸਾਹਿਬ ਕੌਰ ਆਪਣੇ ਰਥ ਵਿਚੋਂ ਬਾਹਰ ਆਏ ਅਤੇ ਹਥ ਵਿਚ ਤਲਵਾਰ ਫੜ ਫੌਜ ਨੂੰ ਲਲਕਾਰ ਕੇ ਬੋਲੇ—"ਐ ਪਟਿਆਲਾ ਦੇ ਬਹਾਦਰੋ

—ਜੋਧ ਸਿੰਘ ਨੇ ੧੮੧੭ ਈ: ਮੁਲਤਾਨ ਦੇ ਘੇਰੇਵੇਲੇਸਰੀਰ ਤਿਆਗਿਆ। ਇਹ ਕਲਸੀਆ ਦੇ ਸ਼ਾਹੀ ਘਰਾਣੇ ਦਾ ਵਡਾ ਸੀ। ਕਲਸੀਆ ਦੀ ਰਿਆਸਤ ਅਜ. ਕਲ ਲਗ ਭਗ ੨ ਲਖ ਦੀ ਸਾਲਾਨਾ ਆਮਦਨੀ ਹੈ।

§ਪੰਜਾਬ ਰਾਜਾਸ ਪੰਨਾ ੭੧।

Digitized by Panjab Digital Library | www.panjabdigilib.org

ਸਿਪਾਹੀਓ, ਜੇ ਤੁਸੀ ਹੁਣ ਭਜ ਜਾਵੋਗੇ ਤੁਹਾਡੀ ਸਦਾ ਲਈ ਬੇਇਜ਼ਤੀ ਹੋਵੇ ਗੀ। ਮੈਂ ਨੇ ਜੰਗ ਵਿਚੋਂ ਨਾ ਮੁੜਨ ਦਾ ਪਕਾ ਇਰਾਦਾ ਕਰ ਲਿਆ ਹੈ। ਜੇ ਤੁਸੀ ਇਕ ਇਸਤ੍ਰੀ ਅਤੇ ਆਪਣੇ ਰਈਸ ਦੀ ਭੈਣ ਜੰਗ ਵਿਚ ਮਾਰੇ ਜਾਣ ਲਈ ਛਡ ਜਾਵੋਂ ਗੇ ਤਾਂ ਕੀ ਮੂੰਹ ਲੈਕੇ ਘਰ ਜਾਵੋਗੇ"! ਮੈਦਾਨ ਜੰਗ ਵਿਚ ਇਸ ਬਹਾਦਰਾਨਾ ਲਲਕਾਰੇ ਨੇ ਫੌਜ ਦੇ ਹੌਸਲੇ ਵਧਾ ਦਿਤੇ। ਫੌਜ ਨੇ ਮੁੜ ਦਿਲ ਧਾਰੇ, ਪਕੇ ਇਰਾਦੇ ਨਾਲ ਜੰਗ ਕਰਨ ਦੇ ਆਰੰਭ ਕਰ ਦਿਤੇ। ਇਸ ਵੇਲੇ ਦੋਹਾਂ ਪਾਸਿਆਂ ਦਾ ਚੰਗਾ ਨੁਕਸਾਨ ਹੋਇਆ ਪਰ ਰਾਤ ਪੈ ਜਾਣ ਦੇ ਕਾਰਨ ਜੰਗ ਦਾ ਕੋਈ ਫੈਸਲਾ ਨਾ ਹੋਇਆ ਅਤੇ ਕੋਈ ਭੀ ਪਾਸਾ ਆਪਣੇ ਆਪ ਨੂੰ ਜਿਤਿਆ ਹੋਇਆ ਨਹੀਂ ਕਹਿ ਸਕਦਾ ਸੀ†।

ਰਾਤ ਸਮੇਂ ਜੰਗੀ ਕੌਂਸਲ ਵਿਚ ਅਗਲੇ ਦਿਨ ਲਈ ਜੰਗ ਬਾਬਤ ਵਿਚਾਰ ਹੋਣੀ ਆਰੰਭ ਹੋਈ। ਸਰਦਾਰਾਂ ਅਤੇ ਰਈਸਾਂ ਦਾ ਇਹ ਖਿਆਲ ਸੀ। ਕਿ ਕਲ ਨੂੰ ਪਟਿਆਲਾ ਫੌਜ ਜ਼ਰੂਰ ਹਾਰ ਜਾਵੇ ਗੀ ਅਤੇ ਸਭ ਨੇ ਬੀਬੀ ਸਾਹਿਬ ਕੌਰ ਨੂੰ ਰਾਤ ੨ ਹੀ ਵਾਪਸ ਪਟਿਆਲੇ ਚਲੇ ਜਾਨ ਦੀ ਤਜਵੀਜ਼ ਕੀਤੀ। ਬੀਬੀ ਸਾਹਿਬ ਕੌਰ ਨੇ ਇਸ ਸਲਾਹ ਨਾਲ ਸੰਮਤੀ ਨਾ ਕੀਤੀ ਅਤੇ ਇਸ ਬਾਤ ਤੇ ਜੋਰ ਦਿਤਾ ਕਿ ਮਰਹਟਾ ਫੌਜ ਤੇ ਰਾਤ ਨੂੰ ਅਚਨਚੇਤ ਛਾਪਾ ਮਾਰਿਆ ਜਾਵੇ। ਬੀਬੀ ਸਾਹਿਬ

---

†ਪੂਰਬ ਵਿਚ ਇਸਤ੍ਰੀਆਂ ਦਾ ਤੇਜ ਪ੍ਰਤਾਪ ਕ੍ਰਿਤ ਜਰਨ ਮੂਲ ਜਿਸ ਦਾ ਹਵਾਲਾ ਸਰਦਾਰ ਨਾਹਰ ਸਿੰਘ ਨੇ ਬੀਬੀ ਸਾਹਿਬ ਕੌਰ ਦੇ ਜੀਵਨ ਬਿਰਤ ਦੇ ਵਿਚ ਦਿਤਾ ਹੈ।

Digitized by Panjab Digital Library | www.panjabdigilib.org

ਕੌਰ ਨੂੰ ਇਹ ਨਿਸਚਾ ਸੀ ਕਿ ਮਰਹਟਾ ਫੌਜ ਸਾਰੇ ਦਿਨ ਦੀ ਜੰਗੀ ਥਕਾਵਟ ਦੇ ਕਾਰਨ ਅਵੇਸਲੀ ਹੋ ਗਈ ਸੀ ਅਤੇ ਅਚਨ ਚੇਤ ਹਮਲੇ ਦਾ ਅਸਰ ਚੰਗਾ ਪਵੇਗਾ ਜਿਸ ਕਰਕੇ ਮਰਹਟਾ ਫੌਜ ਵਿਚ ਹਿਲਜੁਲ ਪੈ ਜਾਵੇਗੀ। ਅਤੇ ਹੋ ਸਕਦਾ ਸੀ ਕਿ ਉਹ ਭਜ ਜਾਵੇ। ਪਹਿਲਾਂ ੨ ਤਾਂ ਦੂਸਰੇ ਸਰਦਾਰਾਂ ਦੀ ਇਸ ਨਾਲ ਸੰਮਤੀ ਨਾ ਹੋਈ ਪਰ ਅੰਤ ਵਿਚ ਸਭ ਨੇ ਇਸ ਤਜਵੀਜ਼ ਨੂੰ ਪ੍ਰਵਾਣ ਕਰ ਲਿਆ ਅਤੇ ਰਾਤ ਸਮੇਂ ਹੀ ਹਮਲਾ ਕਰਨ ਦੀ ਤਿਆਰੀ ਕੀਤੀ ਗਈ।

ਬੀਬੀ ਸਾਹਿਬ ਕੌਰ ਦਾ ਮਰਹਟਾ ਫੌਜ ਬਾਬਤ ਅਨੁਮਾਨ ਬਿਲਕੁਲ ਠੀਕ ਸੀ। ਮਰਹਟਾ ਫੌਜ ਸਾਰੇ ਦਿਨ ਦੀ ਥਕੀ ਟੁਟੀ ਹੋਈ ਬੇਫਿਕਰ ਪਈ ਸੀ। ਸਿਖ ਸਵਾਰਾਂ ਨੂੰ ਸਿਖਿਆ ਦੇਕੇ ਬੀਬੀ ਸਾਹਿਬ ਕੌਰ ਨੇ ਮਰਹਟਾ ਫੌਜ ਤੇ ਧਾਵਾ ਕਰਨ ਦਾ ਹੁਕਮ ਦੇ ਦਿਤਾ। ਜੋ ਕੋਈ ਭੀ ਟਕਰ ਵਿਚ ਆਇਆ ਮੌਤ ਦੇ ਘਾਟ ਉਤਾਰ ਦਿਤਾ ਗਿਆ। ਮਰਹਟਾ ਫੌਜ ਦੇ ਵਿਚ ਹਿਲਜੁਲੀ ਪੈ ਗਈ। ਮਰਹਟਾ ਸਰਦਾਰਾਂ ਨੇ ਸਮਝਿਆ ਕਿ ਪਟਿਆਲਾ ਫੌਜ ਪਾਸ ਹੋਰ ਸਹਾਇਤਾ ਪੁਜ ਗਈ ਹੈ ਉਹ ਇਹ ਅਨੁਭਵ ਕਰ ਗਏ ਕਿ ਉਨ੍ਹਾਂ ਦਾ ਮੁਕਾਬਲਾ ਇਕ ਯੋਗ ਅਤੇ ਪਕੇ ਇਰਾਦੇ ਵਾਲੇ ਇਸਤ੍ਰੀ ਜਾਮੇ ਵਾਲੇ ਜਰਨੈਲ ਨਾਲ ਪਿਆ ਹੈ ਜੋ ਇਸਤ੍ਰੀ ਜਾਮੇ ਤੋਂ ਹਾਰ ਗਏ ਤਾਂ ਉਹਨਾਂ ਦੀ ਵਧੀਕ ਬੇਇਜ਼ਤੀ ਹੋਵੇਗੀ। ਡਰ ਅਤੇ ਇਜ਼ਤ ਦੇ ਮਿਲੇਜੁਲੇ ਖਿਆਲ ਨੂੰ ਲੈਕੇ ਅਗਲੇ ਦਿਨ ਮਰਹਟਾ ਸਰਦਾਰ ਮੈਦਾਨ ਖਾਲੀ ਛਡ ਗਏ। ਇਹ ਹੈ ਬੀਬੀ ਸਾਹਿਬ ਕੌਰ ਦੀ ਅਕਲਮੰਦੀ ਅਤੇ ਬਹਾਦਰੀ ਜਿਸ ਨੇ

Digitized by Panjab Digital Library | www.panjabdigilib.org

ਪਟਿਆਲਾ ਰਾਜ ਨੂੰ ਮਰਹਟਿਆਂ ਦੀ ਈਨ ਅਤੇ ਨਜ਼ਰਾਨੇ ਤੋਂ ਹੀ ਨਹੀ ਬਚਾਇਆ ਸਗੋਂ ਜੰਗੀ ਰਾਜ ਨੀਤੀ ਨਾਲ ਉਹਨਾਂ ਦੇ ਅਜੇਹੇ ਦੰਦ ਖਟੇ ਕੀਤੇ ਕਿ ਮੁੜ ਉਹਨਾਂ ਨੂੰ ਪਟਿ- ਆਲੇ ਵਲ ਅੱਖ ਚੁਕ-ਕੇ ਵੇਖਣ ਦੀ ਹਿਮਤ ਨਾ ਪਈ।

ਮਰਹਟਾ ਅਤੇ ਸਿਖ ਫੌਜਾਂ ਦੇ ਖੁਲਮ-ਖੁਲਾ ਜੰਗ ਕਰਨ ਦਾ ਇਹ ਪਹਿਲਾ ਤੇ ਅੰਤਲਾ ਸਮਾਂ ਸੀ। ਮਰਹਟਾ ਫੌਜ ਦੇ ਸੂਦਾਰ ਵਧੀਕ ਅੱਬਿਆਸਵਾਲੇ ਅਤੇ ਜੰਗੀ ਤ੍ਰੀਕਿਆ ਤੋਂ ਜਾਣੂ ਸਨ। ਮਰਹਟਾ ਫੌਜ ਭੀ ਸਿਖ ਫੌਜਾਂ ਨਾਲੋਂ ਬਹੁਤ ਜੰਗੀ ਕੰਮ ਸਿਖੀ ਹੋਈ ਸੀ ਅਤੇ ਗਿਣਤੀ ਵਿਚ ਭੀ ਬਹੁਤ ਸੀ ਪਰ ਇਸ ਮੌਕੇ ਉਤੇ ਬੀਬੀ ਸਾਹਿਬ ਕੌਰ ਦੀ ਸੂਰਬੀਰਤਾ ਤੇ ਅਕਲਮੰਦੀ ਨੇ ਇਸ ਜੰਗ ਵਿਚ ਸਿਖ ਫੌਜਾਂ ਦੇ ਸਿਰ ਜਿਤ ਦਾ ਸੇਹਰਾ ਬੰਨ ਦਿਤਾ ਅਤੇ ਹੇਠਾੜ ਸਤਿਲੁਜ ਦੇ ਰਈਸ ਮਰਹਟਾ ਸੂਦਾਰਾਂ ਦੇ ਨਜ਼ਰਾਨੇ ਅਤੇ ਈਨ ਮੰਨਣ ਤੋਂ ਬਚ ਗਏ ਇਹ ਪ੍ਰਸੰਗ ੧੭੯੪ ਈ: ਦਾ ਹੈ।

(੮) ਮਲੇਰ ਕੋਟਲਾ ਬੇਦੀ ਸਾਹਿਬ ਸਿੰਘ ਉਹਾ

ਬੇਦੀ ਸਾਹਿਬ ਸਿੰਘ ਊਨਾ* ਬਹੁਤ ਹੀ

---

*ਊਨ ਵਿਚ ਬੇਦੀ ਸਾਹਿਬ ਸਿੰਘ ਦੇ ਬਾਬਾ ਕਲਾਧਾਰੀ ਨੂੰ ਉਸਦੇ ਇਕ ਸੇਵਕ ਨੇ ਥੋੜੀ ਜਹੀ ਜ਼ਮੀਨ ਰਹਿਣ ਲਈ ਦਿਤੀ। ਇਸ ਬਾਬੇ ਕਲਾਧਾਰੀ ਦਾ ਪੁਤ੍ਰ ਬੇਦੀ ਜੀਤ ਸਿੰਘ ਸੀ ਜੋ ਪਿੰਡ ਤੋਂ ਬਾਹਰ ਬਹੁਤ ਘਟ ਜਾਇਆ ਕਰਦਾ ਸੀ। ਬੇਦੀ ਜੀਤ ਸਿੰਘ ਦੇ ਪੁਤ੍ਰ ਬੇਦੀ ਸਾਹਿਬ ਨੇ ਆਪਣਾ ਰਸੂਖ ਬਹੁਤ ਵਧਾਲਿਆ ਅਤੇ ਕੋਈ ਸਿਖ ਸੂਦਾਰ ਅਥਵਾ ਰਈਸ ਇਸ ਦੇ ਵਿਰੁਧ ਲੜਨ ਨੂੰ ਤਿਆਰ ਨਹੀਂ ਹੋਇਆ ਕਰਦਾ ਸੀ।

ਹੁਸ਼ਿਆਰ, ਚਾਲਾਕ ਤੇ ਰਾਜਨੀਤੀ ਤੋਂ ਜਾਣੂ ਪੁਰਸ਼ ਅਠਾਰਵੀਂ ਸਦੀ ਦੇ ਅੰਤ ਵਿਚ ਸਿਖ ਰਈਸਾਂ ਵਿਚ ਬਹੁਤ ਮੰਨਿਆ ਹੋਇਆ ਸੀ। ਜੋ ਗਲ ਭੀ ਇਹ ਬੇਦੀ ਹੋਰੀਂ ਕਹਿ ਦੇਂਦੇ, ਸਿਖ ਰਈਸ ਅਤ ਸਰਦਾਰ ਸਭ ਸਚ ਮੰਨ ਲੈਂਦੇ ਅਤੇ ਉਸਦੇ ਕਹੇ ਅਨੁਸਾਰ ਜੰਗ ਆਦਿਕ ਕਰਨ ਨੂੰ ਭੀ ਤਿਆਰ ਹੋ ਜਾਂਦੇ ਸਨ ਬੇਦੀ ਹੋਰਾਂ ਨੇ ਮਲੇਰ ਕੋਟਲੇ ਵਾਲੇ ਪਠਾਣਾਂ ਗਊ ਬਧ ਕਰਨ ਦਾ ਇਲਾਜ਼ਾਮ ਲਾਕੇ ਜੋਸ਼ ਫੈਲਾਉਣਾ ਆਰੰਭ ਕਰ ਦਿਤਾ। ਦੂਜੇ ਸਿਖ ਸਰਦਾਰਾਂ ਅਤੇ ਰਈਸਾਂ ਨੂੰ ਭੀ ਆਪਣੇ ਨਾਲ ਮਿਲਾ ਲਿਆ ਤਾਕਿ ਨਵਾਬ ਕੋਟਲੇ ਦੇ ਇਲਾਕੇ ਉਤੇ ਕਬਜ਼ਾ ਕਰ ਲਿਆ ਜਾਵੇ।

ਨਵਾਬ ਮਲੇਰ ਕੋਟਲੇ ਦੇ ਵਿਰੁਧ ਬੇਦੀ ਸਾਹਿਬ ਸਿੰਘ ਦੀ ਸਹਾਇਤਾ ਲਈ ਸ: ਬਘੇਲ ਸਿੰਘ ਛਲੌਂਡੀ ਸ: ਤਾਰਾ ਸਿੰਘ ਗੀਬਾ ਅਤੇ ਸਰਦਾਰ ਭੰਗਾ ਸਿੰਘ ਥਾਨੇਸਰੀ ਤਿਆਰ ਹੋ ਗਏ। ਇਸ ਤੋਂ ਬਿਨਾਂ ਹੋਰ ਵੀ ਛੋਟੇ ੨ ਸਿਖ ਸਰਦਾਰ ਇਨ੍ਹਾਂ ਦੇ ਨਾਲ ਮਿਲ ਗਏ। ਇਨ੍ਹਾਂ ਸਾਰੇ ਸਿਖ ਸਰਦਾਰਾਂ ਅਤੇ ਰਈਸਾਂ ਨੇ ੧੭੯੫ ਈ: ਵਿਚ ਮਲੇਰ ਕੋਟਲੇ ਤੇ ਧਾਵਾ ਕਰ ਦਿਤਾ। ਨਵਾਬ ਅਤਾਉਲਾ ਖਾਂ ਦੇ ਚਾਰੇ ਭਰਾ-ਵਜ਼ੀਰ ਖਾਂ, ਫਤਹਿ ਖਾਂ, ਹਿਮਤ ਖਾਂ, ਅਤੇ ਦਲੇਰ ਖਾਂ, ਜੰਗੀ ਕੰਮ ਵਿਚ ਚੰਗੇ ਮਾਹਿਰ ਸਨ। ਨਵਾਬ ਇਨ੍ਹਾਂ ਚੌਹਾਂ ਭਰਾਵਾਂ ਸਮੇਤ ਟਾਕਰੇ ਲਈ ਆਇਆ। ਇਸ ਜੰਗ ਵਿਚ ਨਵਾਬ ਹੋਰਾਂ ਦੀ ਹਾਰ ਹੋ ਗਈ ਅਤੇ ਮਲੇਰ ਪਿੰਡ ਸਿਖ ਸਰਦਾਰਾਂ ਦੇ ਕਬਜ਼ੇ ਵਿਚ ਆਗਿਆ। ਨਵਾਬ ਨੇ ਮਲੇਰ ਤੋਂ ਭੱਜ ਕੋਟਲੇ ਕਿਲੇ ਵਿਚ ਲੁਕਕੇ ਆਪਣੀ ਜਾਨ ਬਚਾਈ।

Digitized by Panjab Digital Library | www.panjabdigilib.org

ਇਨ੍ਹਾਂ ਦਿਨਾਂ ਵਿਚ ਮਹਾਰਾਜਾ ਸਾਹਿਬ ਸਿੰਘ ਅਤੇ ਬੀਬੀ ਸਾਹਿਬ ਕੌਰ ਅਮਰ ਗੜ੍ਹ ਆਏ ਹੋਏ ਸਨ। ਨਵਾਬ ਅਤਾਉਲਾ ਨੂੰ ਭੀ ਖਬਰ ਹੋ ਗਈ। ਇਹ ਅਮਰ ਗੜ੍ਹ ਮਲੇਰ ਕੋਟਲੇ ਤੋਂ ਥੋੜੀ ਦੂਰ ਪਟਿਆਲਾ ਰਾਜ ਵਿਚ ਹੈ। ਸਿਖ ਸਰਦਾਰਾਂ ਦੇ ਜੰਗ ਤੋਂ ਤੰਗ ਹੋਕੇ ਨਵਾਬ ਕੋਟਲਾ ਨੇ ਮਹਾਰਾਜਾ ਸਾਹਿਬ ਸਿੰਘ ਪਾਸੋਂ ਪਿਛਲੇ ਪ੍ਰਸਪਰ ਇਕਰਾਰ-ਨਾਮਿਆ ਨੂੰ ਮੁਖ ਰਖਕੇ ਬੇਦੀ ਸਾਹਿਬ ਸਿੰਘ ਵਿਰੁਧ ਸਹਾਇਤਾ ਮੰਗੀ

ਇਹ ਮੌਕੇ ਬੜੀ ਕਠਨਤਾਈ ਦਾ ਸੀ। ਇਕ ਪਾਸੇ ਮਹਾਰਾਜਾ ਅਮਰ ਸਿੰਘ ਜੀ ਦੇ ਸਮੇਂ ਰਿਆਸਤ ਮਲੇਰਕੋਟਲਾ ਨਾਲ ਕੀਤੇ ਇਕਰਾਰ ਨਾਮੇ ਅਨੁਸਾਰ ਸਹਾਇਤਾ ਕਰਨਾ ਜ਼ਰੂਰ ਸੀ। ਦੂਸਰੇ ਪਾਸੇ ਬੇਦੀ ਸਾਹਿਬ ਸਿੰਘ ਸਨ, ਜਿਸ ਦੀ ਸਿਖ ਸ੍ਰਦਾਰ ਬਹੁਤ ਕਦਰ ਕਰਦੇ ਸਨ ਅਤੇ ਫੌਜਾਂ ਭੀ ਬੇਦੀ ਹੋਰਾਂ ਦੇ ਵਿਰੁਧ ਲੜਨ ਤੋਂ ਘਬਰਾਉਂਦੀਆਂ ਸਨ। ਬੇਦੀ ਨਾਲ ਲੜਾਈ ਕਰਨ ਨਾਲ ਦੂਜੇ ਸਿਖ ਰਈਸਾਂ ਅਤੇ ਸ੍ਰਦਾਰਾਂ ਨਾਲ ਜੋ ਉਸਦੇ ਸਹਾਇਕ ਸਨ ਵਿਗਾੜ ਪੈਂਦਾ ਹੁੰਦਾ ਸੀ, ਜੋ ਰਾਜਨੀਤੀ ਅਨੁਸਾਰ ਅਵਸਥਾ ਭੇਦ ਕਰਕੇ ਯੋਗ ਨਹੀ ਸੀ।

ਨਵਾਬ ਦੇ ਵਿਰੋਧੀ ਧੜੇ ਵਿਚੋਂ ਸ: ਬਘੇਲ ਸਿੰਘ ਪ੍ਰਧਾਨ ਖਾਲਸਾ ਜਥੇ ਦਾਰ ਦਾ ਮਹਾਰਾਜਾ ਸਾਹਿਬਸਿੰਘ ਨਾਲ ਗੂੜਾ ਪ੍ਰੇਮ ਸੀ ਅਤੇ ਦੂਜੇ ਸਿਖ ਸਰਦਾਰ ਭੀ ਇਸ ਤੋਂ ਕੰਨ ਭੰਨਦੇ ਸਨ ਬੀਬੀ ਸਾਹਿਬ ਕੌਰ ਰਾਜਨੀਤੀ ਵਿਚ ਸਿਆਣੇ ਸਨ ਇਸ ਕਰਕੇ ਦੋ ਪਾਸੀਂ ਚਾਲ ਚਲਣੀ ਯੋਗ ਸਮਝੀ। ਇਕ ਪਾਸੇ ਆਪਣੇ ਵਕੀਲ ਸ੍ਰ: ਚੈਨ ਸਿੰਘ ਨੂੰ ਸ੍ਰਦਾਰ ਬਘੇਲ ਸਿੰਘ ਹੋਰਾਂ ਪਾਸ ਭੇਜ ਕੇ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕਰਨ

Digitized by Panjab Digital Library | www.panjabdigilib.org

ਉਚਿਤ ਸਮਝੀ ਅਤੇ ਸਾਥ ਹੀ ਫੌਜ ਦੀ ਤਿਆਰੀ ਦਾ ਭੀ ਹੁਕਮ ਦੇ ਦਿਤਾ ਹੈ ਤਾਂਕਿ ਇਸ ਵੇਲੇ ਸਿਰ ਵਰਤਿਆ ਜਾ ਸਕੇ। ਸ੍ਰ: ਚੈਨ ਸਿੰਘ ਦੀ ਰਾਹੀਂ ਸ੍ਰ: ਬਘੇਲ ਸਿੰਘ ਇਸ ਗਲ ਤੇ ਰਜ਼ਾਮੰਦ ਹੋਗਏ ਕਿ ਜੇ ਨਵਾਬ ਮਲੇਰ ਕੋਟਲਾ ਬੇਦੀ ਸਾਹਿਬ ਸਿੰਘ ਨੂੰ ਨਜ਼ਰਾਨੇ ਦੀ ਰਕਮ ਅਦਾ ਕਰ ਦੇਵ ਤਾਂ ਫੇਰ ਫੌਜਾਂ ਮਲੇਰ ਕੋਟਲੇ ਨੂੰ ਖਾਲੀ ਕਰ ਸਕਦੀਆਂ ਹਨ ਅਤੇ ਘੇਰਾ ਚੁਕਿਆ ਜਾ ਸਦਾ ਹੈ। ਨਵਾਬ ਮਲੇਰ ਕੋਟਲਾ ਨੇ ਇਸ ਨੂੰ ਪ੍ਰਵਾਨ ਕਰ ਲਿਆ ਅਤੇ ਜੰਗ ਕਰਨ ਦੀ ਥਾਉਂ ਆਪਸ ਵਿਚ ਸਮਝੌਤਾ ਨਾਲ ਹੀ ਕੰਮ ਚਲ ਗਿਆ।

ਬੇਦੀ ਸਾਹਿਬ ਸਿੰਘ ਨਜ਼ਰਾਨੇ ਦੀ ਰਕਮ ਲੈਕੇ ਸਤਲੁਜ ਤੋਂ ਪਾਰ ਚਲਿਆ ਗਿਆ ਅਤੇ ਦੂਜੇ ਸਿਖ ਸ੍ਰਦਾਰ ਮਹਾਰਾਜਾ ਸਾਹਿਬ ਪਟਿਆਲਾ ਦੇ ਡਰ ਕਰਕੇ ਮਲੇਰ ਕੋਟਲੇ ਨੂੰ ਵਧੀਕ ਨੁਕਸਾਨ ਪਹੁੰਚਾਉਣ ਤੋਂ ਝਕਦੇ ਸਨ। ਥੋੜੇ ਦਿਨਾਂ ਦੇ ਸੋਚ ਵਿਚਾਰ ਮਗਰੋਂ ਸਭ ਸਿਖ ਸਰਦਾਰ ਅਤੇ ਰਈਸ ਆਪ ਆਪਣਿਆਂ ਇਲਾਕਿਆਂ ਨੂੰ ਚਲੇ ਗਏ।

## (੯) ਬੀਬੀ ਸਾਹਿਬ ਕੌਰ ਦਾ ਨਾਹਣ ਜਾਣਾ

ਮਹਾਰਾਜਾ ਅਮਰ ਸਿੰਘ ਅਤੇ ਨਾਹਣ ਦਾ ਰਾਜਾ ਕੀਰਤ ਪ੍ਰਕਾਸ਼ ਆਪੋ ਵਿਚ ਪਗ ਵਟ ਭਾਈ ਬਣ ਚੁਕੇ ਸਨ ਇਸੇ ਕਾਰਨ ਕਰਕੇ ਹੀ ਨਾਹਣ ਅਤੇ ਪਟਿਆਲਾ ਦਰਬਾਰ ਔਕੜ ਸਮੇਂ ਇਕ ਦੂਸਰੇ ਦੀ ਸਹਾਇਤਾ ਕਰਿਆ ਕਰਦੇ ਸਨ। ਰਾਜਾ ਕੀਰਤ ਪ੍ਰਕਾਸ਼ ਨੇ ਮਹਾਰਾਜਾ ਅਮਰ ਸਿੰਘ ਦੀ ਜੰਗ ਮਨੀਮਾਜਰਾ ਅਤੇ ਮਹਾਰਾਜਾ ਅਮਰ ਸਿੰਘ ਤੇ ਕਵਰ

Digitized by Panjab Digital Library | www.panjabdigilib.org

ਹਿਮਤ ਸਿੰਘ ਦੇ ਝਗੜੇ ਸਮੇਂ ਇਮਦਾਦ ਦਿਤੀ। ਮਹਾਰਾਜਾ ਅਮਰ ਸਿੰਘ ਰਾਜਾ ਕੀਰਤ ਪ੍ਰਕਾਸ਼ ਦੇ ਸਰੀਰ ਤਿਆਗਣ ਪਿਛੋਂ ਆਪ ਨਾਹਣ ਪੁਜੇ, ਉਸਦੇ ਪੁਤਰ ਕਰਮ ਪ੍ਰਕਾਸ਼ ਨੂੰ ਗਦੀ ਤੇ ਬਿਠਾਇਆ।

੧੭੯੬ ਈ: ਵਿਚ ਨਾਹਣ ਰਾਜ ਵਿਚ ਰੌਲਾ ਪੈ ਗਿਆ। ਮਜੀਂ ਰਾਮ ਮਹਿਤਾ ਪਹਾੜ ਸਿੰਘ ਖ਼ਵਾਲ ਅਤੇ ਬਲਾਕੀ ਰਾਮ ਬਖ਼ਸ਼ੀ ਵਰਗਿਆਂ ਖੁਲਮ-ਖੁਲਾ ਰਾਜਾ ਕਰਮ ਪ੍ਰਕਾਸ਼ ਵਿਰੁਧ ਬਗ਼ਾਵਤ ਦਾ ਝੰਡਾ ਖੜਾ ਕਰ ਦਿਤਾ। ਤੰਗ ਹੋਕੇ ਰਾਜਾ ਕਰਮ ਪ੍ਰਕਾਸ਼ ਮਹਾਰਾਜਾ ਸਾਹਿਬ ਸਿੰਘ ਪਾਸੋਂ ਸਹਾਇਤਾ ਮੰਗਣ ਲਈ ਨਾਹਣ ਤੋਂ ਤੁਰ ਪਿਆ। ਰਸਤੇ ਵਿਚ ਪਤਾ ਲਗਾ ਕਿ ਸਰਕਾਰ ਪਟਿਆਲਾ ਬਨੂੜ ਹਨ, ਇਸ ਕਰਕੇ ਇਹ ਰਾਜਾ ਸਾਹਿਬ ਮਹਾਰਾਜਾ ਸਾਹਿਬ ਸਿੰਘ ਪਾਸ ਇਥੇ ਹੀ ਪੁਜ ਗਏ ਅਤੇ ਮਦਦ ਮੰਗੀ। ਮਹਾਰਾਜਾ ਸਾਹਿਬ ਸਿੰਘ ਨੇ ਬੀਬੀ ਸਾਹਿਬ ਕੌਰ ਨੂੰ ਫੌਜ ਲੈਕੇ ਰਾਜਾ ਕਰਮ ਪ੍ਰਕਾਸ਼ ਦੇ ਸਾਥ ਜਾਣ ਦੀ ਆਗਿਆ ਦੇ ਦਿਤੀ। ਬੀਬੀ ਸਾਹਿਬ ਕੌਰ ਨੇ ਪਟਿਆਲਾ ਫੌਜ ਦੀ ਤਿਆਰੀ ਦਾ ਹੁਕਮ ਦੇ ਦਿਤਾ।

ਬੀਬੀ ਸਾਹਿਬ ਕੌਰ ਦੇ ਅਧੀਨ ਨਾਹਣ ਜਾਣ ਲਈ ਕੀਮਾ ਡੋਗਰ, ਸੂ: ਕੋਲਾ ਸਿੰਘ, ਸੂ: ਫਤਹਿ ਸਿੰਘ ਮਹਿਰਮੀਆਂ, ਸੂ: ਚੈਨ ਸਿੰਘ ਅਤੇ ਸੂ: ਤਾਰਾ ਸਿੰਘ ਫੌਜ ਦੇ ਵਡੇ ੨ ਅਫਸਰ ਚੁਣੇ ਗਏ। ਇਹ ਸਭ ਫੌਜ ਸੰਜੁਕਤ ਨਾਹਣ ਪੁਜ ਗਏ। ਬੀਬੀ ਸਾਹਿਬ ਕੌਰ ਨੇ, ਬਾਗੀਆਂ ਨਾਲ ਸਖਤ ਵਰਤਾਰਾ ਕੀਤਾ ਅਤੇ ਉਨਾਂ ਨੂੰ ਸਖਤ ਡੰਡ ਦਿਤਾ। ਰਾਜਾ ਕਰਮ ਪ੍ਰਕਾਸ਼ ਨੂੰ ਮੁੜ ਗਦੀ ਤੇ ਬਠਾਲ ਦਿਤਾ। ਬੀਬੀ ਸਾਹਿਬ

Digitized by Panjab Digital Library | www.panjabdigilib.org

ਕੌਰ ਨੂੰ ਲਗ ਭਗ ੪ ਮਹੀਨੇ ਇਸ ਰਾਜ ਪ੍ਰਬੰਧ ਦੇ ਕਰਨ ਵਿਚ ਲਗ ਗਏ। ਵਾਪਸੀ ਸਮੇਂ ਰਾਜਾ ਸਾਹਿਬ ਨਾਹਣ ਨੇ ਬੀਬੀ ਸਾਹਿਬ ਕੌਰ ਅਤੇ ਸਰਦਾਰਾਂ ਦੀ ਯਥਾ ਯੋਗ ਕਦਰ ਕੀਤੀ। ਮਹਾਰਾਜਾ ਸਾਹਿਬਸਿੰਘ ਅਤੇ ਬੀਬੀ ਸਾਹਿਬਕੌਰ ਲਈ ਹੋਰ ਤੁਹਾਫਿਆਂ ਤੋਂ ਵਖਰੀ ਇਕ ਸੁੰਦਰ ਹਸਥਨੀ ਨਜ਼ਰਦੇਵਜੋਂ ਦਿਤੀ ਸਾਰਾ ਪ੍ਰਬੰਧ ਕਰਨ ਮਗਰੋਂ ਬੀਬੀ ਸਾਹਿਬ ਕੌਰ ੧੭੯੬ ਈ: ਵਿਚ ਪਟਿਆਲੇ ਵਾਪਸ ਆਗਏ।

## (੧੦) ਥਾਮਸ ਜਾਰਜ ਅਤੇ ਬੀਬੀ ਸਾਹਿਬ ਕੌਰ

ਥਾਮਸ ਜਾਰਜ† ਇਕ ਹਿਮਤ ਅਤੇ ਹੌਸਲੇ

---

†ਥਾਮਸ ਜਾਰਜ ੧੭੮੧ ਈ: ਹਿੰਦੁਸਤਾਨ ਵਿਚ ਆਇਆ ਕਿਸੇ ਵਡੇ ਔਹਦੇ ਦੀ ਤਲਾਸ਼ ਵਿਚ ਫਿਰਦਾ ਰਿਹਾ। ਪਿਛੋਂ ਇਸ ਨੇ ਸਮਰੂ ਬੇਗਮ ਪਾਸ ਨੌਕਰੀ ਕਰ ਲਈ। ਸਮਰੂ ਬੇਗਮ ਦੀ ਇਸ ਨੇ ਚੰਗੀ ਸੇਵਾ ਕੀਤੀ। ਚਾਲ ਚਲਨ ਚੰਗਾ ਨਾ ਹੋਣ ਦੇ ਕਾਰਣ ਤਰਕੀ ਨਾ ਕਰ ਮਿਲੀ ਜਿਸ ਕਰਕੇ ਇਹ ਨੌਕਰੀ ਛਡ ਗਿਆ (ਫੁਟ ਨਟ ਤਾਰੀਖ ਪੰਜਾਬ ਮੁਹਮਦ ਲਤੀਫ ਪੰਨਾ ੩੨੮) ਇਸ ਦੇ ਪਿਛੋਂ ਇਹ ਆਮਾਂ ਖਾਂਦੀ ਹਾਉ ਪਾਸ ਨੌਕਰ ਹੋ ਗਿਆ ਜੋ ਸਿੰਧੀਆਂ ਦਾ ਸਬੰਧੀ ਅਤੇ ਇਕ ਚੰਗਾ ਮਰਹਟਾ ਸਰਦਾਰ ਸੀ ਇਸ ਪਾਸ ਇਹ ਮਰਹਟਾ ਫੌਜ ਨੂੰ ਅੰਗ੍ਰੇਜ਼ੀ ਢੰਗ ਦੀ ਪਰੇਟ ਕਰਾਇਆ ਕਰਦਾ ਸੀ। ਮਰਹਟਾ ਸਰਦਾਰ ਨੇ ਝਬਰ ਦਾ ਇਲਾਕਾ ਇਸਨੂੰ ਬਤੌਰ ਜਾਗੀਰ ਦਿਤਾ ਹੋਇਆ ਸੀ, ਇਥੇ ਜਾਰਗੜ ਨਾਮੀ ਕਿਲਾ ਬਣਾਇਆ ਸੀ, ਜਿਸਦਾ ਉਪਨਾਉਂ ਜਾਰਜ ਗੜ ਪੈ ਗਿਆ। ਆਪਾ ਖੰਦੀ ਰਾਉ ਦੇ ਮਰਨ ਪਿਛੋਂ ਉਸਦੇ ਭਤੀਜੇ ਬਾਵਾ ਰਾਉ ਦੇ ਜਾਇਦਾਦ–

Digitized by Panjab Digital Library | www.panjabdigilib.org

ਵਾਲਾ ਅੰਗਰੇਜ਼ ਸੀ । ਇਸ ਨੇ ਜਮਨਾ ਅਤੇ ਸਤਲੁਜ –ਸੰਭਾਲਣ ਸਮੇਂ ਇਹ ਸੁਤੰਤ੍ਰ ਹੋਗਿਆ ਅਤੇ ਆਪਣਾ ਇਲਾਕਾ ਵਧਾਉਣਾ ਆਰੰਭ ਕਰ ਦਿਤਾ ਹੌਲੀ ੨ ਹਾਂਸੀ ਹਿਸਾਰ ਤੇ ਕਬਜ਼ਾ ਕਰ ਲਿਆ ਅਤੇ ਇਰਦ ਗਿਰਦ ਦੀਆਂ ਰਿਆਸਤਾਂ ਵਿਚ ਲੁਟ ਮਾਰ ਕਰਨ ਲਗ ਪਿਆ ।। ਹਾਂਸੀ ਦੇ ਕਿਲੇ ਦੀ ਮੁਰੰਮਤ ਕਰਕੇ ਇਸਨੂੰ ਆਪਣੀ ਰਾਜਧਾਨੀ ਬਣਾ ਲਿਆ ।

ਇਸ ਦੇ ਪਾਸ ੮੦੦੦ ਪੈਦਲ ੧੦੦੦ ਘੋੜ ਚੜ੍ਹੇ ਸਵਾਰ ਅਤੇ ੫੦ ਤੋਪਾਂ ਸਨ (ਪੰਜਾਬ ਰਾਜਸ ਪੰਨਾ ੭੬) ਇਹ ੧੮੦੩ ਈ: ਵਿਚ ਹੋਇਆ ।

ਸਮਰੂਬੇਗਮ ਸਬੰਧੀਇਥੇ ਨੋਟਦੇਣਾ ਜਰੂਰੀਪ੍ਰਤੀਤ ਹੁੰਦਾ ਹੈ । ਸਮਰੂ ਦਾ ਅਸਲੀ ਨਾਮ ਵਾਲਟਰ ਰਨਹਰਡ ਅਤੇ ਉਪ ਨਾਮ ਸੋਮਰਾਜ ਸੀ ਜਿਸਤੇ ਸਮਰੂ ਪ੍ਰਸਿੱਧ ਹੋ ਗਿਆ । ਇਹ ਸਮਰੂ ਫਰਾਂਸ ਅਤੇ ਜਰਮਨ ਮਾਤਾ ਪਿਤਾ ਦੇ ਮੇਲ ਤੋਂ ਪੈਦਾ ਹੋਇਆ, ਪਹਿਲਾਂ ਫਰਾਂਸ ਦੀ ਜਹਾਜ਼ੀ ਫੌਜ ਵਿਚ ਭਰਤੀ ਹੋਇਆ, ਫਿਰ ਅੰਗਰੇਜ਼ੀ ਫੌਜ ਵਿਚ ਨੌਕਰੀ ਕੀਤੀ । ਇਥੋਂ ਛਡ ਬੰਗਾਲ ਦੇ ਨਵਾਬ ਮੀਰ ਕਾਸਮ ਪਾਸ ਜਾ ਨੌਕਰੀ ਕੀਤੀ ਅਤੇ ੧੭੬੩ ਈ: ਵਿਚ ਪਟਨੇ ਦੇ ਰੈਜ਼ੀਡੈਂਟ ਅਤੇ ਕਈ ਅੰਗਰੇਜ਼ਾਂ ਦੀ ਜਾਨ ਲਈ । ਇਹ ਫਾਰਸੀ ਦਾ ਚੰਗਾ ਵਿਦਵਾਨ ਸੀ, ਇਸ ਨੇ ਆਪਣੀ ਹਿਮਤ ਨਾਲ ਸਰਸੇਨ ਰਿਆਸਤ ਕਾਇਮ ਕੀਤੀ ਜਿਸਦਾ ਕੇਂਦਰ ਸ਼ਹਿਰ ਸਰਸੇਨ ਸੀ ਜੋ ਗੰਗ ਜਮਨ ਦੁਆਬਾ ਵਿਚ ਮੇਰਟ ਤੋਂ ਉਤਰੀ ਪੱਛਮ ਵਲ ੧੨ ਮੀਲ ਤੇ ਹੈ । ੧੭੭੮ ਈ: ਵਿਚ ਇਸ ਦੀ ਮੌਤ ਆਗਰੇ ਹੋਈ ।

ਇਸਦੀ ਬੇਗਮਜੋ ਸਮਰੂ ਬੇਗਮ ਦੇ ਨਾਲ ਪ੍ਰਸਿਧ ਹੈ,–

Digitized by Panjab Digital Library | www.panjabdigilib.org

ਦੇ ਵਿਚਕਾਰ ਅਠਾਰਵੀ ਸਦੀ ਦੇ ਅੰਤ ਵਿਚ ਬਹੁਤ ਸਾਰਾ ਇਲਾਕਾ ਮਿਲਾਕੇ ਹਾਂਸੀ ਨੂੰ ਆਪਣੀ ਰਾਜਧਾਨੀ ਬਣਾ ਲਿਆ। ੧੭੯੭ ਈ: ਵਿਚ ਇਸ ਨੇ ਹਿਠਾੜ ਸਤਲੁਜ ਦੇ ਰਈਸਾਂ ਨੂੰ ਮਰਹਟਿਆਂ ਵਿਰੁਧ ਉਤਰੀ ਹਿੰਦ ਦੇ ਜਿਤਣ ਵਿਚ ਰੁਕਾਵਟਾਂ ਪੈਦਾ ਕਰਨ ਨੂੰ ਮੁਖ ਰਖ ਕੇ ਉਸ ਦੇ ਨਾਲ ਮਿਲਣ ਲਈ ਆਇਆ, ਪਰ ਇਸ ਨਾਲ ਇਨ੍ਹਾਂ ਰਈਸਾਂ ਦੀ ਸੰਮਤੀ ਨਾ ਹੋਈ। ਹੇਠਾੜ ਸਤਲੁਜ ਦੇ ਰਈਸ ਇਸਤੇ ਭਰੋਸਾ ਭੀ ਨਹੀਂ ਕਰਦੇ ਸਨ। ਇਸ ਕਰਕੇ ਜਦੋਂ ਭੀ ਥੋੜਾ ਜਿਹਾ ਬਹਾਨਾ ਥਾਮਸ ਨੂੰ ਮਿਲ ਜਾਂਦਾ ਉਸ ਵੇਲੇ ਝਟ ਹੇਠਾੜ ਸਤਲੁਜ ਦੇ ਰਈਸਾਂ ਦੇ ਇਲਾਕੇ ਵਿਚ ਲੁਟ ਮਾਰ ਕਰਨ ਨੂੰ

---

ਲੁਤਫ ਅਲੀ ਖਾਂ ਦੀ ਪੁਤ੍ਰੀ ਸੀ। ਇਸਦਾ ਨਾਉ ਜ਼ੇਬਉਲਨਸਾ ਸੀ ਇਸ ਦਾ ਜਨਮ ੧੭੫੧ ਈ: ਵਿਚ ਹੋਇਆ ੧੭੬੫ ਈ: ਵਿਚ ਸਮਰੂ ਨਾਲ ਸ਼ਾਦੀ ਹੋਗਈ। ੧੭੭੮ ਈ: ਉਸਦੀ ਮੌਤ ਮਗਰੋਂ ਰਿਆਸਤ ਨੂੰ ਚੰਗੀ ਤਰ੍ਹਾਂ ਸੰਭਾਲਿਆ। ਲਵਾਸੋ ਅਤੇ ਥਾਮਸ ਆਦਿ ਯੂਰਪੀਨੀ ਨੌਕਰ ਰਖਕੇ ਕਈ ਵਾਰੀ ਬਹਾਦਰੀ ਨਾਲ ਜੰਗ ਕੀਤੇ। ੧੭੯੩ ਈ: ਵਿਚ ਲਵਾਸੋ ਨਾਲ ਸ਼ਾਦੀਕਰ ਲਈ ਦੋ ਸਾਲ ਮਗਰੋਂ ਇਹ ਆਤਮਘਾਤ ਕਰਕੇ ਮਰ ਗਿਆ ਬੇਗਮ ਫੜੀ ਗਈ ਇਸਨੇ ਥਾਮਸ ਦੇ ਰਾਹੀਂ ਖਲਾਸੀ ਪਾਈ ੧੮੦੫ ਈ: ਸਰਕਾਰ ਅੰਗਰੇਜ਼ੀ ਦੇ ਅਧੀਨ ਹੋਕੇ ਰਾਜ ਕਰਨ ਲਗ ਪਈ ਇਸਦਾ ਇਲਾਕਾ ਮੁਜ਼ਫਰ ਨਗਰ ਤੋਂ ਅਲੀ ਪੁਰ ਤਕ ਸੀ ਇਸਨੇ ਕਈ ਗਿਰਜੇ ਬਣਵਾਏ ਅਤੇ ਧਰਮ ਪ੍ਰਚਾਰ ਵਿਚ ਹਿਸਾ ਲਿਆ। ੨੭-੧-੩੬ ਵਿਚ ਸਮਰੂ ਬੇਗਮ ਦਾ ਦੇਹਾਂਤ ਹੋਇਆ। (ਗੁਰਸ਼ਬਦ ਰਤਨਾਕਰ ਪੰਨਾ ੪੭੩

Digitized by Panjab Digital Library | www.panjabdigilib.org

ਤਿਆਰ ਹੋ ਜਾਂਦਾ। ਸਭ ਤੋਂ ਪਹਿਲੀ ਵਾਰੀ ਇਹ ਹੇਠਾੜ ਸਤਲੁਜ ਦੇ ਇਲਾਕੇ ਵਲ ੧੭੯੮ ਈ: ਵਿਚ ਰਾਇਕੋਟ ਵਾਲੇ ਲਾਇ ਅਲਿਆਸ ਦੀ ਸਹਾਇਤਾ ਲਈ ਆਇਆ, ਜਿਸ ਨੇ ਇਸਨੂੰ ਬੰਧੀ ਸਾਹਿਬ ਸਿੰਘ ਦੇ ਵਿਰੁਧ ਮਦਦ ਦੇਣ ਲਈ ਸਦਿਆ ਸੀ। ਇਥੋਂ ਇਹ ਨਜ਼ਰਾਨਾ ਲੈ ਕੇ ਵਾਪਸ ਚਲਾ ਗਿਆ।

੧੭੯੮ ਈ: ਦੇ ਅੰਤ ਵਿਚ ਅੰਹਮਦ ਸ਼ਾਹ ਅਬਦਾਲੀ ਦੇ ਪੋਤੇ ਜ਼ਮਾਨ ਸ਼ਾਹ ਕਾਬਲੀ ਨੇ ਪੰਜਾਬ ਵਿਚ ਮੁੜ ਆਪਣਾ ਰਾਜ ਕਾਇਮ ਕਰਨ ਲਈ ਚੜ੍ਹਾਈ ਕੀਤੀ। ਸਾਰੇ ਸਿਖ ਸ੍ਰਦਾਰ ਅਤੇ ਰਈਸ ਉਸ ਦਾ ਟਾਕਰਾ ਕਰਨ ਬਾਬਤ ਸਲਾਹ ਕਰਨ ਲਈ ਅੰਮ੍ਰਿਤਸਰ ਇਕਠੇ ਹੋਏ। ਹੇਠਾੜ ਸਤਲੁਜ ਨਿਚੋਂ ਰਾਜਾ ਭਾਗ ਸਿੰਘ ਅਤੇ ਭਾਈ ਲਾਲ ਸਿੰਘ ਅਦਿਕ ਸਭ ਰਈਸ ਇਸ ਜੰਗੀ ਕੌਂਸਲ ਵਿਚ ਸ਼ਾਮਲ ਹੋਏ। ਥਾਮਸ ਜਾਰਜ ਨੇ ਹੇਥਾੜ ਸਤਲੁਜ ਦੇ ਰਈਸਾਂ ਦੇ ਇਲਾਕੇ ਤੇ ਧਾਵਾ ਕਰਨ ਲਈ ਇਹ ਚੰਗਾ ਮੌਕਾ ਸਮਝਿਆ ਥਾਮਸ ਦੀ ਰਾਜਧਾਨੀ ਹਾਂਸੀ ਲਾਗੇ ਲਗ ਭਗ ੨੦ ਮੀਲ ਤੇ ਜੀਂਦ ਦਾ ਸ਼ਹਿਰ ਰਾਜਾ ਭਾਗ ਸਿੰਘ ਦਾ ਕੇਂਦਰ ਸੀ। ਪੜੋਸੀ ਹੋਣ ਕਰਕੇ ਥਾਮਸ ਦਾ ਰਾਜਾ ਸਾਹਿਬ ਜੀਂਦ ਨਾਲ ਹਦਬੰਦੀ ਬਾਬਤ ਝਗੜਾ ਹੀ ਰਹਿੰਦਾ ਸੀ ਅਤੇ ਆਪੋ ਵਿਚ ਤਲਕਾਤ ਵੀ ਚੰਗੇ ਨਹੀਂ ਸਨ। ਰਾਜਾ ਭਾਗ ਸਿੰਘ ਦੀ ਗ਼ੈਰ ਹਾਜ਼ਰੀ ਵਿਚ ਥਾਮਸ ਨੇ ਜੀਂਦ ਸ਼ਹਿਰ ਦਾ ਘੇਰਾ ਆਣ ਘਤਿਆ।

ਜਿਸ ਵੇਲ਼ੇ ਰਾਜ਼ਾ ਭਾਗ ਸਿੰਘ ਨੂੰ ਇਸ ਬਾਤ ਦੀ ਖ਼ਬਰ ਪੁਜੀ ਤਾਂ ਉਹ ਅੰਮ੍ਰਿਤਸਰ ਤੋਂ ਝਟ ਹੀ ਵਾਪਸ ਆਗਿਆ ਭਾਈ

Digitized by Panjab Digital Library | www.panjabdigilib.org

ਲਾਲ ਸਿੰਘ ਭੀ ਇਸ ਦੇ ਨਾਲ ਹੀ ਮੁੜ ਪਏ। ਆਉਂਦੇ ਸਾਰ ਥ੍ਰਾਮਸ ਦੀ ਫੌਜ ਤੇ ਹਮਲਾ ਧਾਵਾ ਕਰਨਾ ਆਰੰਭ ਕਰ ਦਿਤਾ। ਰਾਜਾ ਜੀਂਦ ਦੀ ਫੌਜ ਦੇ ਨਾਲ ਕੈਂਥਲ ਰਾਜ ਦੇ ਸ੍ਰ:ਸਾਵਨਸਿੰਘ ਸੇਵਾ ਸਿੰਘ ਅਤੇ ਰਾਮਦਿਆਲ ਸਿੰਘ ਲਾਡਵੇ ਵਾਲਾ ਸ੍ਰਃ ਗੁਰਦਿਤ ਸਿੰਘ ਥਾਨੇਸਰ ਵਾਲਾ, ਸ੍ਰਃ ਭੰਗਾ ਸਿੰਘ ਅਤੇ ਮਹਿਤਾਬ ਸਿੰਘ ਭੀ ਸ਼ਾਮਲ ਹੋਗਏ ਸਨ। ਇਸ ਸਾਰੀ ਫੌਜ ਨੇ ਜਾਰਜ ਦੀ ਫੌਜ ਦਾ ਟਾਕਰਾ ਕੀਤਾ ਜਾਰਜ ਦੇ ੪੦੦ ਆਦਮੀ ਮਾਰੇ ਗਏ ਅਤੇ ਜਾਰਜ ਨੂੰ ਧਾਵਾ ਛਡਕੇ ਪਿਛੇ ਹਟਣਾ ਪਿਆ।

ਜੀਂਦ ਤੋਂ ਪਿਛੇ ਹਟਕੇ ਜਾਰਜ ਨੇ ਆਪਣਾ ਕੰਮ ਮਜ਼ਬੂਤ ਕਰ ਲਿਆ। ਜੀਂਦ ਸ਼ਹਿਰ ਦੇ ਅੰਦਰ ਘੇਰੇ ਵਿਚ ਆਈ ੩੦੦੦ ਫੌਜ ਨੂੰ ਰਸਦ ਆਦਿਕ ਤੋਂ ਤੰਗ ਰਖਕੇ ਈਨ ਮਨਾਉਣ ਦੀ ਚਾਲ ਥਾਮਸ ਵਲੋਂ ਚਲੀ ਗਈ। ਇਸਨੇ ਸ਼ਹਿਰ ਨੂੰ ਬਾਹਰੋਂ ਰਸਦ ਆਦਿਕ ਆਉਣ ਦੇ ਸਾਰੇ ਰਸਤੇ ਰੋਕ ਲਏ। ਮਹਾਰਾਜਾ ਸਾਹਿਬ ਸਿੰਘ ਨੂੰ ਜੀਂਦ ਦੇ ਝਾਵੇ ਦੀ ਖਬਰ ਪੁਜ ਚੁਕੀ ਸੀ, ਉਨਾਂ ਨੇ ਬੀਬੀ ਸਾਹਿਬ ਕੌਰ ਨੂੰ ਫੌਜ ਸੰਜੁਕਤ ਸਹਾਇਤਾ ਲਈ ਭੇਜਿਆ ਅਤੇ ਰਸਤੇ ਵਿਚ ਸ੍ਰਃਬਘੇਲ ਸਿੰਘ ਅਤੇ ਹੋਰ ਸਿਖ ਸਰਦਾਰ ਭੀ ਸ਼ਾਮਲ ਹੋਗਏ। ਥਾਮਸ ਦੀ ਫੌਜ ਦੀ ਮਾਰ ਵਿਚ ਇਸ ਫੌਦ ਦੇ ਪੁਜਣ ਸਾਰ ਹੀ ਥਾਮਸ ਨੇ ਹਮਲਾ ਕਰਦਿਤਾ। ਇਸ ਕਰਕੇ ਸਿਖ ਫੌਜ ਨੂੰ ਮਜ਼ਬੂਰਨ ਮੁੜਨਾ ਪਿਆ। ਸਿਖ ਫੌਜ ਦੀ ਰਿਹਾਇਸ਼ ਲਈ ਸੁੱਕੜ ਦੀਆਂ ਕੁਲੀਆਂ ਬਣਾਈਆਂ ਹੋਈਆਂ ਸਨ। ਕੁਲੀਆਂ ਨੂੰ ਹੀ ਅਗ ਲਾਈ ਜਿਸ ਕਰਕੇ ਸਿਖ ਫੌਜ ਦਾ ਚੋਖਾ ਨੁਕਸਾਨ ਹੋਗਿਆ

ਇਸ ਦੇ ਥੋੜੇ ਦਿਨਾਂ ਪਿਛੋਂ ਬੀਬੀ ਸਾਹਿਬ ਕੌਰ ਨੇ ਮੁੜ ਫ਼ੌਜ ਇਕਠੀ ਕੀਤੀ ਅਤੇ ਜੰਗ ਲਈ ਤਿਆਰ ਹੋ ਗਏ। ਬੀਬੀ ਸਾਹਿਬ ਕੌਰ ਨੇ ਦੋ ਟਾਕਰਿਆਂ ਵਿਚ ਥਾਮਸ ਨੂੰ ਹਾਰ ਦਿਤੀ। ਇਨ੍ਹਾਂ ਟਾਕਰਿਆਂ ਵਿਚ ਥਾਮਸ ਦੇ ਚੰਗੇ ੨ ਜਾਵਨ ਮਾਟੇ ਗਏ। ਇਸ ਹਾਰ ਨੂੰ ਵੇਖ ਕੇ ਦੂਸਰੇ ਲੋਕਾਂ ਦੇ ਹੌਸਲੇ ਵਧ ਗਏ। ਜੋ ਲੋਕ ਜਾਰਜ ਤੋਂ ਡਰਦੇ ਸਨ ਉਹ ਸ਼ੇਰ ਬਣ ਗਏ ਅਤੇ ਖੁਲਮ-ਖੁਲਾ ਉਸ ਦੇ ਵਿਰੁਦ ਹੋ ਗਏ। ਫੌਜ ਨੂੰ ਰਸਦ ਆਦਿਕ ਭੇਜਣੀ ਭੀ ਬੰਧ ਕਰ ਦਿਤੀ। ਇਨ੍ਹਾਂ ਗਲਾਂ ਤੋਂ ਮਜਬੂਰ ਹੋਕੇ ਜਾਰਜ ਨੂੰ ਜੀਂਦ ਦਾ ਘੇਰਾ ਛਡਣਾ ਪਿਆ ਅਤੇ ਪਿਛੇ ਹਾਂਸੀ ਨੂੰ ਮੁੜਨ ਲਗ ਪਿਆ ਬੀਬੀ ਸਾਹਿਬ ਕੌਰ ਇਥੋਂ ਜੀਂਦ ਨੂੰ ਚਲ ਗਏ ਅਤੇ ਰਾਜਾ ਭਾਗ ਸਿੰਘ ਥਾਮਸ ਦਾ ਪਿਛਾ ਕਰਨ ਵਿਚ ਲਗ ਗਿਆ। ਥਾਮਸ ਨੇ ਜੀਂਦ ਛਡ ਮਹਿਮੇ ਨਗਰ ਜਾ ਡੇਰਾ ਕੀਤਾ। ਰਾਜਾ ਭਾਗ ਸਿੰਘ ਨੇ ਇਸ ਦੇ ਇਲਾਕੇ ਦੇ ਕਈ ਪਿੰਡ ਭੀ ਜਿਤ ਲਏ।

ਸਿਖ ਫੌਜਾਂ ਜਾਰਜ ਦਾ ਪਿਛਾ ਕਰਦੀਆਂ ਜਾ ਰਹੀਆਂ ਸਨ, ਰਸਤੇ ਵਿਚ ਹੀ ਮਹਾਰਾਜਾ ਸਾਹਿਬ ਸਿੰਘ ਭੀ ਮਿਲਗਏ ਜਿਨ੍ਹਾਂ ਦੇ ਨਾਲ ਫੌਜ ਤੇ ਬਿਨਾਂ ਭਾਰੀਆਂ ਤੋਂਪਾਂ ਭੀ ਸਨ। ਇਸ ਜਮਾਨ ਵਿਚ ਜੰਗ ਸਮੇਂ ਪਿਛੇ ਮੁੜਨਾ ਹਾਰ ਦੇ ਸਮਾਨਸਮਝਿਆ ਜਾਂਦਾ ਸੀ। ਜਾਰਜ ਦੀ ਵਾਪਸੀ ਨੂੰ ਵੇਖਕੇ ਪਿੰਡਾਂ ਦੇ ਜਿਮੀਦਾਰ ਭੀ ਇਸ ਦੇ ਉਲਟ ਹੋ ਗਏ ਅਤੇ ਲੁਟ ਮਾਰ ਵਿਚ ਸ਼ਾਮਲ ਹੋ ਗਏ। ਇਹ ਗਲ ਵੇਖਕੇ ਜਾਰਜ ਬਹੁਤ ਤੰਗ ਹੋ ਗਿਆ ਖੁਲਮ ਖੁਲਾ ਵੈਰ ਭਾਵ ਵਧਦਾ ਵਖਕੇ ਉਸਨੇ ਇਸ ਦੇ ਘਟਾਉਣ ਦੀ ਬਹੁਤ ਕੋਸ਼ਿਸ਼ ਕੀਤੀ ਉਸਨੇ ਇਹ ਭੀ ਪ੍ਰਗਟ ਕੀਤਾ ਕਿ ਉਹ

Digitized by Panjab Digital Library | www.panjabdigilib.org

ਏਧਰ ਦਾ ਇਲਾਕਾ ਛਡ ਜੈਪੁਰ ਆਦਿਕ ਵਲ ਜਾ ਰਿਹਾ ਹੈ ਤਾਂਕਿ ਲੋਕ ਤੇ ਸਿਖ ਫੌਜਾਂ ਇਸ ਦਾ ਪਿਛਾ ਕਰਨਾ ਛਡ ਦੇਣ, ਪਰ ਇਸ ਤੇ ਹਮਲਾ ਹੋਣਾ ਬੰਦ ਨਾ ਹੋਇਆ ਅਤੇ ਬਹੁਤ ਜੋਰ ਪਾਕੇ ਸਿਖ ਫੌਜਾਂ ਨੇ ਥਾਮਸ ਨੂੰ ਆਪਣੇ ਅਤੇ ਸ਼ਹਿਰ ਹਾਂਸੀ ਦੇ ਵਿਚਕਾਰ ਲੈ ਲਿਆ ਅਤੇ ਆਪਣਾ ਡੇਰਾ ਨਾਨੌਡ ਨਾਮੇ ਨਗਰ ਵਿਚ ਜਾ ਕੀਤਾ ਤਾਂਕਿ ਉਸਦੇ ਸਾਰੇ ਰਸਤੇ ਰੋਕੇ ਜਾ ਸਕਣ ।

ਇਨ੍ਹਾਂ ਹਾਲਾਂ ਤੋਂ ਮਜਬੂਰਨ ਹੋਕੇ ਥਾਮਸ ਨੇ ਮੁੜ ਹਮਲਾ ਕਰਨਾ ਆਰੰਭ ਕਰ ਦਿਤਾ । ਅਚਨਚੇਤ ਰਾਤ ਨੂੰ ਧਾਵਾ ਕਰਕੇ ਯਕਦਮ ਦਿਨ ਚੜਦੇ ਨੂੰ ਸਿਖਾਂ ਦੇ ਕੈਂਪ ਦੇ ਅਗੇ ਆ ਖੜਾ ਹੋਇਆ । ਸਿਖ ਫੌਜਾਂ ਵਿਚ ਆਪੋ ਧਾਪੀ ਅਤੇ ਹਫੜਾ ਦਫੜੀ ਪੈ ਗਈ । ਬਿਨਾਂ ਟਾਕਰਾ ਕੀਤੇ ਆਪਣਾ ਸਾਮਾਨ ਆਦਿਕ ਛਡ ਪਿਛੇ ਦੌੜਨ ਲਗ ਪਈਆਂ । ਥਾਮਸ ਨੇ ਬੜੇ ਜੋਰ ਨਾਲ ਹਮਲਾ ਕੀਤਾ ਪਰ ਇਸਦੀ ਫੌਜ ਲੁਟ ਮਾਰ ਵਿਚ ਰੁਝ ਗਈ ਅਤੇ ਥੋੜੀ ਦੂਰ ਤੋਂ ਹੀ ਸਿਖ ਫੌਜਾਂ ਪਿਛਾ ਕਰਨ ਦੇ ਥਾਉਂ ਵਾਪਸ ਮੁੜ ਆਈਆਂ ਇਸ ਹਾਰ ਵਿਚ ਸਿਖ ਫੌਜਾਂ ਦਾ ਬਹੁਤ ਨੁਕਸਾਨ ਹੋਇਆ।

ਸਿਖ ਫੌਜਾਂ ਇਥੋਂ ਹਾਰ ਖਾਂਕੇ ਜੀਂਦ ਵਲ ਆਈਆਂ, ਇਨ੍ਹਾਂ ਨੂੰ ਸ਼ਰਮਿੰਦਾ ਕਰਨ ਲਈ ਬੀਬੀ ਸਾਹਿਬ ਕੌਰ ਨੇ ਸ਼ਹਿਰ ਦੇ ਦਰਵਾਜੇ ਬੰਦ ਕਰ ਦਿਤੇ ਅਤੇ ਉਨ੍ਹਾਂ ਨੂੰ ਅਜੇਹੀ ਛਾਂਟ ਦਿਤੀ ਕਿ ਉਹ ਇਸ ਨੂੰ ਨਾ ਸਹਾਰਦੇ ਹੋਏ ਮੁੜ ਥਾਮਸ ਨਾਲ ਜੰਗ ਕਰਨ ਲਈ ਗਏ । ਇਸ ਵੇਲੇ ਥਾਮਸ ਦਾ ਡੇਰਾ ਵਡੇ ਪਿੰਡ ਲਾਗੇ ਸੀ, ਉਸਦਾ ਭਾਰੀ ਸਾਮਾਨ ਭੀ ਇਥੇ

Digitized by Panjab Digital Library | www.panjabdigilib.org

ਹੀ ਰਖਿਆ ਹੋਇਆ ਸੀ । ਹੁਣ ਸਿਖ ਫੌਜਾਂ ਮਰਨ ਮਾਰ ਤੇ ਤਿਆਰ ਸਨ । ਰਾਤ ਸਮੇਂ ਇਕ ਦਿਨ ਸਿਖ ਜੰਗੀ ਕੌਸਲ ਲਗੀ ਹੋਈ ਸੀ ਅਤੇ ਸਵੇਰ ਲਈ ਜੰਗ ਕਰਨ ਦੀਆਂ ਤਜ਼ਵੀਜਾਂ ਕਰ ਰਹੇ ਸਨ। ਹੌਸਲੇ ਵਾਲੇ ਲੁਟੇਰਿਆਂ ਨੇ ਹਮਲਾ ਕਰ ਦਿਤਾ। ਲੁਟੇਰਿਆਂ ਨੇ ਆਪਣੇ ਜੰਗੀ ਵਾਜੇ ਇਸ ਜ਼ੋਰ ਨਾਲ ਵਜਾਏ ਕਿ ਸਿਖ ਫੌਜਾਂ ਇਸ ਨੇ ਜਾਰਜ ਦਾ ਹਮਲਾ ਸਮਝ ਲਿਆ ਅਤੇ ਬਹੁਤ ਹੀ ਬੇਤਰਤੀਬੀ ਨਾਲ ਆਪਣਾ ਡੇਰਾ ਛਡਿਆ* । ਇਧਰ ਤਾਂ ਸਿਖ ਸੁਲਾਹ ਲਈ ਉਤਾਵਲੇ ਸਨ, ਉਧਰ ਥਾਮਸ ਜਾਰਜ ਨੂੰ ਹਰ ਸਮੇਂ ਮਰਹਟਿਆਂ ਨਾਲ ਲੜਾਈ ਹੋਣਦਾ ਡਰ ਰਹਿੰਦਾ ਸੀ, ਇਸ ਕਰਕੇ ਉਹ ਸਿਖਾਂ ਨਾਲ ਦੋਸਤੀ ਪੈਦਾ ਕਰਨ ਦਾ ਚਾਹਵਾਨ ਸੀ, ਤਾਂਕਿ ਵੇਲੇ ਸਿਰ ਮਰਹਟਿਆਂ ਵਿਰੁਧ ਇਨ੍ਹਾਂ ਪਾਸੋਂ ਸਹਾਇਤਾ ਪ੍ਰਾਪਤ ਕਰ ਸਕੇ† । ਆਪੋ ਵਿਚ ਸਮਝੋਤਾ ਹੋਕੇਇਹ ਸ਼ਰਤ ਮੁਕਰਰ ਕੀਤੀ ਗਈ ਕਿ ਜਾਰਜ ਦੇ ਧਾਵੇ ਤੋਂ ਪਹਿਲਾਂ ਜਿਥੇ ੨ ਹਰ ਇਕ ਇਲਾਕੇ ਦੀ ਹਦ ਸੀ ਉਹ ਹਦ ਕਾਇਮ ਰਖੀ ਜਾਵੇ ਜਿਸ ਨੂੰ ਦੋਵਾਂ ਪਾਸਿਆਂ ਨੇ ਪ੍ਰਵਾਨ ਕਰ ਲਿਆ ਇਸ ਸਮਝੋਤੇ ਮਗਰੋਂ ਮਹਾਰਾਜਾ ਸਾਹਿਬ ਸਿੰਘ ਤਾਂ ਪਟਿਆਲੇ ਵਾਪਸ ਗਏ, ਬੀਬੀ ਸਾਹਿਬ ਕੌਰ ਲਗ ਭਗ ੪ ਮਹੀਨੇ ਜੀਂਦ ਹੀ ਠੈਹਰੇ ਰਹੇ। ਇਸ ਲੁਟ ਵਿਚ ਨਾਭਾ ਫੌਜ ਅਤੇ ਕਰਮ

*ਹਿੰਦੁਸਤਾਨ ਦੇ ਮਿਲਟਰੀ ਐਡਵੇਨਚਰ ਕ੍ਰਿਤ ਹਰਬਰਟ ਕੈਪਟਨ ਪੰਨਾ ੧੫੮-੬੦ ਦੇ ਆਧਾਰ ਤੇ ਦਿਤਾ ਗਿਆ ਹੈ ।

†ਪੰਜਾਬ ਰਾਜਸ ਪੰਨਾ ੯੮ ।

Digitized by Panjab Digital Library | www.panjabdigilib.org

ਸਿੰਘ ਸ਼ਾਹਬਾਦੀ ਦੇ ਸਾਮਾਨ ਆਦਿਕ ਦਾ ਕੋਈ ਨੁਕਸਾਨ ਨ ਹੋਇਆ। ਸੁਃ ਕਰਮ ਸਿੰਘ ਦੌੜਨ ਸਮੇਂ ਸਭ ਤੋਂ ਮੂਹਰੇ ਸੀ। ਇਸ ਕਰਕੇ ਕਈਆਂ ਇਤਹਾਸਕਾਰਾਂ ਨੇ ਸਿਖ ਫੌਜ ਦੀ ਇਸ ਹਾਰ ਵਿਚ ਇਨ੍ਹਾਂ ਦੋਹਾਂ ਰਈਸਾਂ ਦਾ ਹਥ ਹੋਣਾ ਲਿਖਿਆ ਹੈ। ਇੰਨੇ ਚਿਰ ਮਗਰੋਂ ਇਸ ਦੀ ਸਚਾਈ ਬਾਬਤ ਪਕਾ। ਅਨੁਮਾਨ ਲਾਉਣਾ ਬਹੁਤ ਕਠਨ ਹੈ। ਇਹ ਪ੍ਰਸੰਗ ੧੭੯੬ ਈਸਵੀ ਦਾ ਹੈ।

## (੧੧) ਬੀਬੀ ਸਾਹਿਬ ਕੌਰ ਦੇ ਅੰਤਲੇ ਦਿਨ

ਮਹਾਰਾਣੀ ਆਸ ਕੌਰ ਹਕੂਮਤ ਦੀ ਚਾਹਵਾਨ ਸੀ, ਇਸ ਕਰਕੇ ਜੋ ਅਧਿਕਾਰ ਬੀਬੀ ਸਾਹਿਬ ਕੌਰ ਨੂੰ ਪਰਾਪਤ ਸਨ ਉਹ ਆਪਣਾ ਹੱਕ ਸਮਝਦੇ ਸਨ। ਦਿਲ ਤੋਂ ਨਣਾਨ ਭਰਜਾਈ ਵਾਲਾ ਖ਼ਿਆਲ ਨਹੀਂ ਜਾਂਦਾ ਸੀ ਜਿਸਨੇ ਮਹਾਰਾਜਾ ਸਾਹਿਬ ਸਿੰਘ ਅਤੇ ਬੀਬੀ ਸਾਹਿਬ ਕੌਰ ਦੇ ਵਿਚਕਾਰ ਅਣ-ਬਣ ਦਾ ਮੁਢ ਬੰਨ ਦਿਤਾ, ਇਸ ਵਿਰੋਧਤਾਈ ਦਾ ਆਰੰਭ ੧੭੯੬ ਈ: ਵਿਚ ਹੋਇਆ।

ਅੰਦਰੂਨੀ ਢੰਗ ਨਾਲ ਗੁਝੀ ਅਗ ਕਈ ਸਾਲ ਤਕ ਸੁਲਗਦੀ ਰਹੀ। ਪਿਛਲੇ ਦਿਨਾਂ ਵਿਚ ਆ ਕੇ ਜ਼ਿਆਦਾ ਚਮਕਣ ਲਗ ਪਈ।

ਜੀਂਦ ਦੇ ਧਾਵੇ ਮਗਰੋਂ ਥਾਮਸ ਜਾਰਜ ਮਰਵਾੜ ਵਲ ਚਲਿਆ ਗਿਆ। ਸਰਕਾਰ ਤਟਿਆਲਾ ਨੇ ਇਸ ਸਮੇਂ ਹਰਿਆਨਾ ਅਤੇ ਭੁਟਿਆਨਾ ਦੇ ਇਲਾਕੇ ਦੇ ਕੁਝ ਪਿੰਡ ਜਿਤਕੇ

Digitized by Panjab Digital Library | www.panjabdigilib.org

ਇਨ੍ਹਾਂ ਵਿਚ ਆਪਣਾ ਠਾਣਾ ਬਠਾ ਦਿਤਾ। ਇਹ ਪਿੰਡ ਪਹਿਲਾਂ ਮਹਾਰਾਜਾ ਅਮਰ ਸਿੰਘ ਦੇ ਸਮੇਂ ਦਰਬਾਰ ਪਟਿਆਲਾ ਵਿਚ ਸ਼ਾਮਲ ਸਨ, ਪਿਛੋਂ ਥਾਮਸ ਜਾਰਜ ਨੇ ਨਾਜਾਇਜ ਤੌਰ ਤੇ ਜਿਤ ਕੇ ਆਪਣੇ ਇਲਾਕੇ ਵਿਚ ਸ਼ਾਮਲ ਕਰ ਲਏ ਸਨ। ਮਹਾਰਾਜਾ ਸਾਹਿਬ ਸਿੰਘ ਨੇ ਜੋਰ ਪਾਕੇ ਇਹ ਪਿੰਡ ਮੁੜ ਕਬਜੇ ਵਿਚ ਕਰ ਲਏ। ੧੭੯੯ ਈ: ਦੇ ਅੰਤ ਤੇ ਜਦੋਂ ਜਾਰਜ ਮੁੜ ਹਾਂਸੀ ਪੁਜਾ ਤਾਂ ਉਸ ਨੂੰ ਇਨ੍ਹਾਂ ਪਿੰਡਾਂ ਤੇ ਸਰਕਾਰ ਪਟਿਆਲਾ ਦੇ ਫਤਹ ਕਰਨ ਦਾ ਪਤਾ ਲਗਾ, ਉਸ ਨੇ ਝਟ ਜੰਗ ਕਰਨ ਦੀ ਤਿਆਰੀ ਕਰ ਦਿਤੀ। ਇਧਰ ਮਹਾਰਾਜਾ ਸਾਹਿਬ ਪਟਿਆਲੇ ਭੀ ਜੰਗ ਲਈ ਤਿਆਰ ਸਨ। ਇਸ ਜੰਗੀ ਤਿਆਰੀ ਦੇ ਕਾਰਨ ਥੋੜੇ ਚਿਰ ਲਈ ਮਹਾਰਾਜਾ ਸਾਹਿਬ ਸਿੰਘ ਅਤੇ ਬੀਬੀ ਸਾਹਿਬ ਕੌਰ ਦੇ ਵਿਚਾਰ ਝਗੜਾ ਨਾ ਵਧਿਆ। ਜਾਰਜ ਨਾਲ ਸਮਝੋਤਾ ਹੋਣ ਮਗਰੋਂ ਵਿਰੋਧਤਾ ਦੀ ਅਗਨੀ ਮੁੜ ਪਰਚਲਤ ਹੋ ਗਈ, ਜੋ ਬੀਬੀ ਸਾਹਿਬ ਕੌਰ ਦੇ ਅੰਤਲੇ ਦਮ ਤਕ ਸ਼ਾਂਤ ਨਾ ਹੋਈ।

ਬੀਬੀ ਸਾਹਿਬ ਕੌਰ ਨੇ ਲਗ ਪਗ ੬ ਸਾਲ ਮਹਾਂ ਮੰਤਰੀ ਦਾ ਕੰਮ ਹਿੰਮਤ ਅਤੇ ਹੌਸਲੇ ਨਾਲ ਨਿਬਾਹਿਆ ਅਤੇ ਕਿਸੇ ਅਹਿਲਕਾਰ ਨੂੰ ਇਨ੍ਹਾਂ ਦੇ ਵਿਰੁਧ ਪਾਰਟੀ ਬਣਾਉਣ ਦੀ ਹਿੰਮਤ ਨਾ ਪਈ। ਅਹਿਲਕਾਰ ਬੀਬੀ ਸਾਹਿਬ ਕੌਰ ਦੇ ਰਾਜ ਪ੍ਰਬੰਧ ਤੋਂ ਤੰਗ ਭੀ ਸਨ ਜੋ ਕਿਸੇ ਵਡੇ ਆਗੂ ਨੂੰ ਅਗੇ ਲਾ ਕੇ ਆਪਣਾ ਮਤਲਬ ਸਿਧ ਕਰਨ ਦੀ ਤਾਕ ਵਿਚ ਰਹਿੰਦੇ ਸਨ।

ਮਹਾਰਾਣੀ ਆਸ ਕੌਰ ਚਠ ਵਾਲੇਂ ਸ੍ਰ: ਗੁਰਦਾਸ ਸਿੰਘ ਸੇਖੋ ਦੀ ਪੁਤਰੀ ਸੀ। ਇਸ ਦਾ ਵਿਆਹ ਮਹਾਰਾਜਾ ਸਾਹਿਬ

Digitized by Panjab Digital Library | www.panjabdigilib.org

ਸਿੰਘ ਨਾਲ ੧੭੯੬ਈ: ਵਿਚ ਹੋਇਆ। ਮਹਾਰਾਣੀ ਆਸ ਕੌਰ ਬਹੁਤ ਚਤਰ ਅਤੇ ਹਕੂਮਤ ਕਰਨ ਦੀ ਚਾਹਵਾਨ ਸੀ, ਇਹ ਸਮਝਦੇ ਸਨ ਕਿ ਜੋ ਕੰਮ ਇਸ ਦੀ ਨਣਦ ਬੀਬੀ ਸਾਹਿਬ ਕੌਰ ਕਰ ਰਹੀ ਇਹ ਇਸ ਦਾ ਜਾਇਜ਼ ਹਕ ਹੈ।

੧੭੯੭ ਈ: ਵਿਚ ਇਸ ਦੀ ਕੁਖ ਤੋਂ ਟਿਕਾ ਕਰਮ ਸਿੰਘ ਦਾ ਜਨਮ ਹੋਇਆ, ਜੋ ਪਿਛੋਂ ਮਹਾਰਾਜਾ ਕਰਮ ਸਿੰਘ ਦੇ ਨਾਮ ਨਾਲ ਪ੍ਰਸਿੱਧ ਪਟਿਆਲਾ ਰਾਜ ਸਿੰਘਾਸਣ ਤੇ ਮਹਾਰਾਜਾ ਸਾਹਿਬ ਦੇ ਸੁਰਗਬਾਸ ਹੋਣ ਮਗਰੋਂ ਬਿਰਾਜਮਾਨ ਹੋਏ। ਟਿਕੇ ਹੋਰਾਂ ਦੇ ਜਨਮ ਨੇ ਮਹਾਰਾਣੀ ਆਸ ਕੌਰ ਦੀ ਹਕੂਮਤ ਦੀ ਇਛਾ ਹੋਰ ਵੀ ਤੀਬਰ ਕਰ ਦਿਤੀ। ਇਸ ਨੇ ਅਧਿਕਾਰ ਪ੍ਰਾਪਤੀ ਨੂੰ ਮੁਖ ਰਖ ਕੇ ਆਪਣਾ ਵਖਰਾ ਧੜਾ ਬਣਾਉਣਾ ਅਰੰਭ ਕਰ ਦਿਤਾਂ ਤੇ ਐਹਲਕਾਰ ਬੀਬੀ ਸਾਹਿਬ ਕੌਰ ਦੇ ਰਾਜ ਪ੍ਰਬੰਧ ਤੋਂ ਤੰਗ ਹੋਣ ਕਰਕੇ ਸਿਰ ਲੁਕਾਈ ਬੈਠੇ ਸਨ, ਧੜੇਬਾਜੀ ਵਿਚ ਮਹਾਰਾਣੀ ਆਸ ਕੌਰ ਦੇ ਸਾਥ ਹੋ ਗਏ ਇਸ ਤਰਾਂ ਬੀਬੀ ਸਾਹਿਬ ਕੌਰ ਦੇ ਵਿਰੁਧ ਇਕ ਜ਼ਬਰਦਸਤ ਪਾਰਟੀ ਬਣ ਗਈ। ਇਸ ਧੜੇ ਨੇ ਸਮੇਂ ਸਮੇਂ ਸਿਰ ਮਹਾਰਾਜਾ ਸਾਹਿਬ ਸਿੰਘ ਦੇ, ਬੀਬੀ ਸਾਹਿਬ ਕੌਰ ਦੇ ਵਿਰੁਧ ਕੰਨ ਭਰਨੇ ਅਰੰਭ ਕਰ ਦਿਤੇ। ਇਹ ਧੜਾ ਹਰ ਵੇਲੇ ਨੁਕਸ ਭਾਲਣ ਅਤੇ ਮਹਾਰਾਜਾ ਸਾਹਿਬ ਸਿੰਘ ਦੇ ਕੰਨ ਭਰਨ ਲਈ ਮੌਕਾ ਤਕਣ ਦੇ ਫਿਕਰ ਵਿਚ ਲਗਾ ਰਹਿੰਦਾ ਸੀ।

ਬੀਬੀ ਸਾਹਿਬ ਕੌਰ ਸਮਝਦੇ ਸਨ ਕਿ ਜਿਸ ਹਿੰਮਤ ਹੌਸਲੇ ਅਤੇ ਵਫਾਦਾਰੀ ਨਾਲ ਉਨ੍ਹਾਂ ਨੇ ਪਟਿਆਲਾ ਰਿਆਸਤ ਦੀ ਸੇਵਾ ਕੀਤੀ ਹੈ, ਮਹਾਰਾਜਾ ਸਾਹਿਬ ਉਸ ਤੋਂ ਚੰਗੀ

ਤਰੁਾਂ\ਜਾਣੂ ਸਨ ਅਤੇ ਆਸ ਰਖਦੇ ਸਨ ਕਿ ਉਹ ਦਿਲ ਵਿਚ ਕਿਸ ਪ੍ਰਕਾਰ ਦਾ ਖਿਆਲ ਪਕਾ ਕਰਨ ਤੋਂ ਪਹਿਲਾਂ ਉਸ ਪਾਸੋਂ ਜ਼ਰੂਰ ਪੁਛਣਗੇ। ਇਹ ਕੁਦਰਤੀ ਗਲ ਹੈ ਕਿ ਪੁਰਸ਼ ਅਥਵਾਂ ਰਹੀਸ ਭਾਵੇਂ ਕਿਨਾਂ ਭੀ ਸਿਆਣਾ ਕਿਉਂ ਨਾ ਹੋਵੇ: ਹਰ ਵੇਲੇ ਅੰਦਰਲੀ ਅਤੇ ਬਾਹਰਲੀ ਕਾਨਾ ਫੂਸੀ ਅਤੇ ਵਿਰੁਧ ਭੁਰਤੀ ਜ਼ਰੂਰ ਅਸਰ ਕਰ ਜਾਇਆ ਕਰਦੀ ਹੈ। ਮਹਾਰਾਜਾ ਸਾਹਿਬ ਸਿੰਘ ਭੀ ਇਸ ਕੁਦਰਤੀ ਅਸੂਲ ਤੋਂ ਉਲੰਘਨ ਨਹੀਂ ਕਰ ਸਕਦੇ ਸਨ।

ਥਾਮਸ ਜਾਰਜ ਦੇ ਜੀਂਦ ਤੇ ਚੜ੍ਹਾਈ ਕਰਨ ਸਮੇਂ ਰਾਜਾ ਸਾਹਿਬ ਜੀਂਦ ਦੀ ਸਹਾਇਤਾ ਲਈ ਪਹਿਲਾਂ ਬੀਬੀ ਸਾਹਿਬ ਕੌਰ ਗਏ ਅਤੇ ਮਹਾਰਾਜਾ ਸਾਹਿਬ ਕੁਛ ਚਿਰ ਪਾਕੇ ਸਹਾਇਤਾ ਲਈ ਪੁਜ ਸਨ। ਜਾਰਜ ਨਾਲ ਸਮਝੋਤਾ ਹੋਣ ਮਗਰੋਂ ਮਹਾਰਾਜਾ ਸਾਹਿਬ ਸਿੰਘ ਤਾਂ ਪਟਿਆਲੇ ਆ ਗਏ ਪਰ ਸਾਹਿਬ ਕੌਰ ਲਗ ਪਗ ੪ ਮਹੀਨੇ ਤਕ ਜੀਂਦ ਹੀ ਰਹੀ ਮਹਾਰਾਜਾ ਸਾਹਿਬ ਸਿੰਘ ਅਤੇ ਬੀਬੀ ਸਾਹਿਬ ਕੌਰ ਲਗ ਭਗ ਇਕ ਸਾਲ ਇਕ ਦੂਸਰੇ ਨਾਲੋਂ ਅਡ ਰਹੇ ਵਿਰੋਧੀ ਪਾਰਟੀ ਨੂੰ ਇਹ ਸਮਾਂ ਮਹਾਰਾਜਾ ਸਾਹਿਬ ਸਿੰਘ ਦੇ ਕੰਨ ਭਰਨ ਲਈ ਚੰਗਾ ਮਿਲ ਗਿਆ ਅਤੇ ਹੇਠ ਲਿਖੇ ਇਲਜ਼ਾਮ ਬੀਬੀ ਸਾਹਿਬ ਕੌਰ ਤੇ ਲਾਇ ਗਏ:-

(੧) ਬੀਬੀ ਸਾਹਿਬ ਕੌਰ ਨੇ ਉਹ ਹਸਤਨੀ ਜੋ ਰਾਜਾ ਕਰਮ ਪ੍ਰਕਾਸ਼ ਨਾਹਣ ਵਾਲੇ ਨੇ ਉਸ ਦੇ ਰਾਜ ਪ੍ਰਬੰਧ ਵਿਚ ਸਹਾਇਤਾ ਕਰਨ ਦੇ ਬਦਲੇ ਵਿਚ ਦਿਤੀ ਸੀ, ਆਪਣੇ ਪਾਸ ਰਖ ਲਈ ਹੈ ਅਤੇ ਮਹਾਰਾਜਾ ਸਾਹਿਬ ਦੇ ਸਪੁਰਦ

Digitized by Panjab Digital Library | www.panjabdigilib.org

ਨਹੀਂ ਕੀਤੀ।

(੨) ਇਹ ਵੀ ਪ੍ਰਗਟ ਕੀਤਾ ਗਿਆ ਕਿ ਮਹਾਰਾਜਾ ਸਾਹਿਬ ਸਿੰਘ ਦੀ ਆਗਿਆ ਤੋਂ ਬਿਨਾ ਬੀਬੀ ਸਾਹਿਬ ਕੌਰ ਨੇ ਆਪਣੀ ਜਾਗੀਰ ਭੇਰੀਆ ਵਿਚ ਇਕ ਕਿਲ੍ਹਾ ਬਣਾ ਲਿਆ ਹੈ।

(੩) ਇਹ ਇਲਜ਼ਾਮ ਭੀ ਲਾਇਆ ਗਿਆ ਕਿ ਉਸ ਨੇ ਭੇਰੀਆ ਪਿੰਡ ਦਾ ਨਾਉਂ ਆਪਣੀ ਮਰਜ਼ੀ ਨਾਲ ਉਭੇਵਾਲ ਰਖ ਲਿਆ ਹੈ।

(੪) ਇਹ ਭੀ ਜ਼ਾਹਿਰ ਕੀਤਾ ਗਿਆ ਕਿ ਬੀਬੀ ਸਾਹਿਬ ਕੌਰ ਦਿਲ ਤੋਂ ਟਿਕਾ ਕਰਮ ਸਿੰਘ ਦੇ ਜਨਮ ਤੇ ਖੁਸ਼ ਨਹੀਂ ਹਨ।

(੫) ਮਹਾਰਾਜਾ ਸਾਹਿਬ ਸਿੰਘ ਨੂੰ ਇਹ ਨਿਸਚਾ ਕਰਾਇਆ ਗਿਆ ਕਿ ਬੀਬੀ ਸਾਹਿਬ ਕੌਰ ਮਹਾਰਾਜਾ ਸਾਹਿਬ ਦੇ ਹੁਕਮ ਦੀ ਪ੍ਰਵਾਹ ਨਹੀਂ ਕਰਦੇ ਆਪਣੀ ਮਰਜ਼ੀ ਵਰਤਦੇ ਹਨ।

ਬੀਬੀ ਸਾਹਿਬ ਕੌਰ ਦੇ ਜਾਂਦੂ ਤੋਂ ਸਿਧਾ ਹੀ ਭੇਰੀਆ ਜਾਣ ਤੋਂ ਮਹਾਰਾਜਾ ਸਾਹਿਬ ਦੇ ਦਿਲ ਵਿਚ ਇਨ੍ਹਾਂ ਇਲਜ਼ਾਮਾਂ ਦੀ ਵਧੀਕ ਪੱਕਿਆਈ ਹੋ ਗਈ ਅਤੇ ਹੁਣ ਉਹ ਦਿਲ ਤੋਂ ਬੀਬੀ ਸਾਹਿਬ ਕੌਰ ਦੇ ਵਿਰੁਧ ਹੋ ਗਏ।

ਬੀਬੀ ਸਾਹਿਬ ਕੌਰ ਸਿਆਣ ਅਤੇ ਸਮਝਦਾਰ ਸਨ। ਥੋੜੇ ਚਿਰ ਮਗਰੋਂ ਜਦੋਂ ਭੇਰੀਆ ਤੋਂ ਪਟਿਆਲਾ ਪੁਜੇ ਤਾਂ ਮਹਾਰਾਜਾ ਸਾਹਿਬ ਸਿੰਘ ਦਾ ਰੂਪ ਪਲਟਿਆ ਵੇਖਕੇ ਸਾਰੀ ਗਲ ਨੂੰ ਅਨੁਭਵ ਕਰ ਗਏ ਅਤੇ ਨਿਰਾਸ ਹੋਕੇ ਮੁੜ ਭੇਰੀਆ

Digitized by Panjab Digital Library | www.panjabdigilib.org

ਨੂੰ ਚਲ ਗਏ । ਬੀਬੀ ਸਾਹਿਬ ਕੌਰ ਨੇ ਇਸ ਗਲ ਵਧੀਕ ਪਤੀਤ ਕੀਤਾ ਕਿ ਉਸ ਦੇ ਭਾਈ ਮਹਾਰਾਜਾ ਸਾਹਿਬ ਸਿੰਘ ਨੇ ਉਸ ਦੀਆਂ ਉਚ ਸੇਵਾਵਾਂ ਦੀ ਕੋਈ ਕਦਰ ਨਹੀਂ ਕੀਤੀ। ਵਿਰੁਧੀ ਪਾਰਟੀ ਨੇ ਜੋ ਅਲਜ਼ਾਮ ਮਹਾਰਾਜਾ ਸਾਹਿਬ ਸਿੰਘ ਪਾਸ ਬੀਬੀ ਸਾਹਿਬ ਕੌਰ ਉਤੇ ਲਾਏ ਸਨ ਬੀਬੀ ਸਾਹਿਬ ਕੌਰ ਦੇ ਮਹਾਰਾਜਾ ਸਾਹਿਬ ਦੀ ਆਗਿਆ ਤੋਂ ਬਿਨਾਂ ਮੁੜ ਭੇਰੀਆਂ ਚਲੇ ਜਾਣ ਨੇ ਅਲਜ਼ਾਮਾਂ ਦੀ ਸਚਾਈ ਦਾ ਵਧੀਕ ਨਿਸਚਾ ਕਰ ਦਿਤਾ। ਮਹਾਰਾਜਾ ਸਾਹਿਬ ਨੂੰ ਇਹ ਖਿਆਲ ਪੈਦਾ ਹੋ ਗਿਆ ਕਿ ਬੀਬੀ ਸਾਹਿਬ ਕੌਰ ਭੇਰੀਆਂ ਦੇ ਕਿਲੇ ਨੂੰ ਵਧੀਕ ਪਕਾ ਕਰਕੇ ਰਾਜ ਵਿਰੁਧ ਪੈਂਤੜਾ ਕਰਨ ਦੀ ਇਛਾ ਰਖਦੇ ਹਨ ਇਸ ਕਰਕੇ ਸਰਕਾਰ ਪਟਿਆਲਾ ਨੇ ਬੀਬੀ ਸਾਹਿਬ ਕੌਰ ਪਾਸ ਹੁਕਮ ਭੇਜ ਦਿਤਾ ਕਿ ਉਹ ਭੇਰੀਆਂ ਤੋਂ ਆਪਣੇ ਸੌਹਰੇ ਫ਼ਤਹ ਗੜ੍ਹ ਚਲੇ ਜਾਣ।

ਬੀਬੀ ਸਾਹਿਬ ਕੌਰ ਨੇ ਹੁਣ ਵੇਖ ਲਿਆ ਸੀ ਕਿ ਉਸਦੇ ਵਿਰੋਧੀਆਂ ਦਾ ਦਾਉ ਚੜ੍ਹ ਗਿਆ ਹੈ ਇਸ ਕਰਕੇ ਉਹ ਮਹਾਰਾਜਾ ਸਾਹਿਬ ਨਾਲ ਆਪ ਮਿਲਕੇ ਬਾਤ ਚੀਤ ਕਰਕੇ ਉਹਨਾਂ ਦਾ ਮਨ ਸਾਫ ਕਰਨ ਦੀ ਇਚਾ ਰਖਦੇ ਸਨ ਪਰ ਮੌਕਾ ਕੋਈ ਨਹੀਂ ਮਿਲਦਾ ਸੀ। ਵਿਰੋਧੀ ਧੜਾ ਹਰ ਵੇਲੇ ਮਹਾਰਾਜਾ ਸਾਹਿਬ ਸਿੰਘ ਨੂੰ ਕਰਦਾ ਰਹਿੰਦਾ, ਇਸ ਸਮੇਂ ਮਹਾਰਾਜਾ ਸਾਹਿਬ ਨੂੰ ਇਹ ਪ੍ਰਗਟ ਕੀਤਾ ਗਿਆ ਕਿ ਬੀਬੀ ਸਾਹਿਬ ਕੌਰ ਉਨ੍ਹਾਂ ਦੇ ਹੁਕਮ ਦੀ ਕੋਈ ਪ੍ਰਵਾਹ ਨਹੀਂ ਕਰਦੇ। ਮਹਾਰਾਜਾ ਸਾਹਿਬ ਨੇ ਇਸ ਬਾਤ ਨੂੰ ਹੁਕਣ ਅਦੂਲੀ ਸਮਝ ਕੇ ਫੌਜ ਨਾਲ ਕਿਲ੍ਹਾ ਖਾਲੀ ਕਰਾਉਣ ਦੀ

Digitized by Panjab Digital Library | www.panjabdigilib.org

ਤਿਆਰੀ ਕੀਤੀ। ਜਿਸ ਵਲੋ ਇਸ ਬਾਤ ਦਾ ਪਤਾ ਬੀਬੀ ਸਾਹਿਬ ਕੌਰ ਨੂੰ ਲਗਾ ਤਾਂ ਉਸ ਨੇ ਭੇਰੀਆ ਦੇ ਕਿਲੇ ਨੂੰ ਵਧੀਕ ਪਕਾ ਕਰ ਦਿਤਾ। ਇਸ ਝਗੜੇ ਦਾ ਪਤਾ ਭਾਈ ਦਲ ਸਿੰਘ ਤੇ ਹੋਰ ਸਰਦਾਰਾਂ ਨੂੰ ਵੀ ਹੋ ਗਿਆ, ਉਹ ਭੈਣ ਭਾਈਆ ਦੇ ਜੰਗ ਕਰਨ ਨੂੰ ਬਹੁਤ ਬੁਰਾ ਸਮਝਦੇ ਸਨ। ਇਸ ਕਰਕੇ ਉਹਨਾਂ ਨੇ ਮਹਾਰਾਜਾ ਸਾਹਿਬ ਸਿੰਘ ਅਤੇ ਬੀਬੀ ਸਾਹਿਬ ਕੌਰ ਦੇ ਵਿਚਕਾਰ ਸਮਝੌਤਾ ਕਰਾਉਣਾ ਯੋਗ ਸਮਝਿਆ ਮਹਾਰਾਜਾ ਸਾਹਿਬ ਸਿੰਘ ਜੀ ਨੂੰ ਇਹ ਕਿਹਾ ਗਿਆ ਕਿ ਉਨ੍ਹਾਂ ਦਾ ਆਪਣੀ ਭੈਣ ਵਿਰੁਧ ਫੌਜ ਭੇਜਣਾ ਉਨ੍ਹਾਂ ਦੀ ਸ਼ਾਨ ਦੇ ਉਲਟ ਹੈ। ਉਧਰ ਬੀਬੀ ਸਾਹਿਬ ਕੌਰ ਨੂੰ ਮੁੜ ਪਟਿਆਲਾ ਆਉਣ ਲਈ ਮਜ਼ਬੂਰ ਕੀਤਾ ਗਿਆ। ਦੋਹਾਂ ਧਿਰਾਂ ਦੀ ਇਸ ਬਾਤ ਨਾਲ ਸੰਮਤੀ ਹੋ ਗਈ।

ਬੀਬੀ ਸਾਹਿਬ ਕੌਰ ਨੂੰ ਪਟਿਆਲੇ ਲਿਆਉਣ ਲਈ ਮਹਾਰਾਜਾ ਸਾਹਿਬ ਸਿੰਘ ਆਪ ਭੇਰੀਆ ਪੁਜੇ। ਬੀਬੀ ਸਾਹਿਬ ਕੌਰ ਪਟਿਆਲੇ ਆਉਣ ਦੀ ਇਛਾ ਨਾਲ ਭੇਰੀਆ ਤੋਂ ਤਿਆਰ ਹੋਕੇ ਮਹਾਰਾਜਾ ਸਾਹਿਬ ਸਿੰਘ ਦੇ ਸਾਥ ਤੁਰ ਪਏ। ਰਸਤੇ ਵਿਚ ਮਹਾਰਾਜਾ ਸਾਹਿਬ ਸਿੰਘ ਦੇ ਰਵਈਏ ਨੂੰ ਵੇਖ ਕੇ ਬੀਬੀ ਸਾਹਿਬ ਕੌਰ ਦੇ ਦਿਲ ਵਿਚ ਭਰਮ ਪੈਦਾ ਹੋ ਗਿਆ। ਇਸ ਕਰਕੇ ਬੀਬੀ ਸਾਹਿਬ ਕੌਰ ਪਾਸਾ ਬਚਾ ਕੇ ਰਸਤੇ ਵਿਚੋਂ ਹੀ ਭੇਰੀਆ ਨੂੰ ਮੁੜ ਆਈ। ਦੂਸਰੀ ਵਾਰੀ ਫੇਰ ਬੀਬੀ ਸਾਹਿਬ ਕੌਰ ਨੇ ਇਸ ਸ਼ਰਤ ਤੇ ਪਟਿਆਲੇ ਆਉਣਾ ਪ੍ਰਵਾਨ ਕੀਤਾ ਕਿ ਉਸ ਨੂੰ ਕਿਸੇ ਪਰਕਾਰ ਦਾ ਖੇਦ ਨਹੀਂ ਪਹੁੰਚਾਇਆ ਜਾਵੇਗਾ। ਮਹਾਰਾਜਾ ਸਾਹਿਬ ਸਿੰਘ ਨੇ ਭੀ ਇਸ ਨਾਲ

Digitized by Panjab Digital Library | www.panjabdigilib.org

ਸੰਮਤੀ ਕਰ ਲਈ ।

ਮਹਾਰਾਜਾ ਸਾਹਿਬ ਪਟਿਆਲਾ ਦੂਜੀ ਵੇਰ ਫੇਰ ਆਪਣੀ ਭੈਣ ਸਾਹਿਬ ਕੌਰ ਨੂੰ ਪਟਿਆਲੇ ਲਿਆਉਣ ਲਈ ਗਏ । ਜਿਸ ਵੇਲੇ ਵੌਤੇ (ਭਵਾਨੀ ਗੜ੍ਹ) ਦੋਨੋਂ ਮਹਾਰਾਜਾ ਸਾਹਿਬ ਸਿੰਘ ਅਤੇ ਬੀਬੀ ਸਾਹਿਬ ਕੌਰ ਚਲੇ ਆਏ ਤਾਂ ਮਹਾਰਾਜਾ ਸਾਹਿਬ ਸਿੰਘ ਨੇ ਬੀਬੀ ਸਾਹਿਬ ਕੌਰ ਦਾ ਉਤਾਲਾ ਕਿਲੇ ਦੇ ਅੰਦਰ ਕਟਾਇਆ ਬੀਬੀ ਹੋਰਾਂ ਨੂੰ ਆਪਣੇ ਭਰਾ ਮਹਾਰਾਜਾ ਸਾਹਿਬ ਸਿੰਘ ਦੀ ਨੀਯਤ ਤੇ ਵੈਂਮ ਪੈਂਦਾ ਹੋਗਿਆ ਇਸ ਕਰਕੇ ਜੁਗਤੀ ਨਾਲ ਇਸ ਕਿਲੇ ਵਿਚੋਂ ਚਲੇ ਜਾਣਾ ਯੋਗ ਸਮਝਿਆ । ਬੀਬੀ ਸਾਹਿਬ ਕੌਰ ਚਤਰ ਸਨ, ਇਹ ਟੈਲਣ ਦਾ ਵੇਸ ਬਣਾ ਕੇ ਆਪਣੀ ਜਗਾ ਉਤੇ ਟੈਲਣ ਨੂੰ ਬਠਾ ਕੇ ਆਪ ਕਿਲੇ ਤੋਂ ਬਾਹਰ ਨਿਕਲ ਗਏ ਅਤੇ ਸਿਧੇ ਹੀ ਆਪਣੇ ਕਿਲੇ ਭੇਰੀਆਂ ਵਿਚ ਪੌਹੰਚ, ਜਿਥੇ ਇਸ ਦੀ ਵਫ਼ਾਦਾਰ ਸੈਨਾ ਇਸ ਦੀ ਸਹਾਇਤਾ ਲਈ ਤਿਆਰ ਸੀ। ਇਸ ਵਾਰੀ ਹੁਣ ਬੀਬੀ ਸਾਹਿਬ ਕੌਰ ਨੇ ਪਕਾ ਇਰਾਦਾ ਕਰ ਲਿਆ ਕਿ ਜੇਹੜਾ ਉਸਦਾ ਭਾਈ ਮਹਾਰਾਜਾ ਸਾਹਿਬ ਸਿੰਘ ਪਟਿਆਲੇ ਲੈ ਜਾਣ ਬਾਬਤ ਆਵੇਗਾ ਤਾਂ ਉਹ ਉਸ ਦੇ ਸਾਥ ਨਹੀਂ ਜਾਵੇਗੀ। ਲੋੜ ਅਨਸਾਰ ਆਪਣੀ ਫੌਜ ਨੂੰ ਭੀ ਤਿਆਰ ਰਹਿਣ ਦਾ ਹੁਕਮ ਦੇ ਦਿਤਾ ।

ਜਿਸ ਵੇਲੇ ਮਹਾਰਾਜਾ ਸਾਹਿਬ ਸਿੰਘ ਨੂੰ ਬੀਬੀ ਸਾਹਿਬ ਕੌਰ ਦੇ ਕਿਲੇ ਵਿਚੋਂ ਨਿਕਲ ਜਾਣ ਦੀ ਖਬਰ ਪੁਜੀ, ਤਾਂ ਉਹ ਬਹੁਤ ਘਬਰਾਏ ਅਤੇ ਵਿਰੋਧੀ ਪਾਰਟੀ ਨੇ ਇਨ੍ਹਾਂ ਨੂੰ ਵਧੀਕ ਚੁਕਿਆ, ਜਿਸ ਕਰ ਕੇ ਇਨ੍ਹਾਂ ੧੫੦੦ ਘੋੜ ਚੜੇ ਅਤੇ ੧੦੦੦ ਪੈਦਲ ਫੌਜ ਨਾਲ ਭੇਰੀਆਂ ਦੇ ਕਿਲੇ ਦਾਂ

Digitized by Panjab Digital Library | www.panjabdigilib.org

ਘੇਰਾ ਜਾ ਘਤਿਆ, ਇਹ ੧੮੦੦ ਈ: ਦਾ ਪ੍ਰਸੰਗ ਹੈ।

ਥਾਮਸ ਜਾਰਜ ਸਦਾ ਹੀ ਇਲਾਕਾ ਜਿਤਣ ਦਾ ਚਾਹਵਾਨ ਰਹਿੰਦਾ ਸੀ। ਪਟਿਆਲਾ ਇਲਾਕਾ ਜਿਤਣ ਲਈ ਇਹ ਸਮਾਂ ਉਸ ਨੇ ਚੰਗਾ ਜਾਣਿਆ, ਝਟ ਫੌਜ ਲੈ ਕੇ ਭੇਰੀਆ ਦੇ ਕਿਲੇ ਵਲ ਤੁਰ ਪਿਆ। ਜਿਸ ਵੇਲੇ ਮਹਾਰਾਜਾ ਸਾਹਿਬ ਸਿੰਘ ਨੂੰ ਇਸ ਬਾਤ ਦਾ ਪਤਾ ਲਗਾ ਉਨ੍ਹਾਂ ਨੇ ਭੇਰੀਆਂ ਦੇ ਘੇਰਾ ਛਡ ਦਿਤਾ ਅਤੇ ਝਟ ਸੁਨਾਮ ਦੇ ਕਿਲੇ ਵਿਚ ਚਲੇ ਗਏ ਜੋ ਪਟਿਆਲੇ ਤੋਂ ਪਛਮ ਵਲ ਲਗ ਪਗ ੪੦ ਮੀਲ ਤੇ ਹੈ। ਥਾਮਸ ਦੇ ਵਿਰੋਧੀ ਹੋਰ ਭੀ ਬਹੁਤ ਸਾਰੇ ਰਈਸ ਪਟਿਆਲਾ ਫੌਜ ਨਾਲ ਆ ਸ਼ਾਮਲ ਹੋਏ। ਇਸ ਗਲ ਨੂੰ ਵੇਖ ਕੇ ਥਾਮਸ ਜਾਰਜ ਨੇ ਮਹਾਰਾਜਾ ਸਾਹਿਬ ਨਾਲ ਸੁਲਾਹ ਕਰ ਲਈ ਅਤੇ ਵਧੀਕ ਝਗੜਾ ਨਾ ਵਧਿਆ।

ਰਿਸ਼ਤੇਦਾਰਾਂ ਅਤੇ ਮਿਤਰ ਰਈਸ ਨੇ ਇਸ ਸਮੇਂ ਮਹਾਰਾਜਾ ਸਾਹਿਬ ਸਿੰਘ ਨੂੰ ਬੀਬੀ ਸਾਹਿਬ ਕੌਰ ਨਾਲ ਸਮਝੌਤਾ ਕਰਨ ਲਈ ਮਜਬੂਰ ਕੀਤਾ। ਅੰਤ ਇਹ ਫੈਸਲਾ ਕੀਤਾ ਗਿਆ ਕਿ ਬੀਬੀ ਸਾਹਿਬ ਕੌਰ ਰਾਜਸੀ ਕੰਮਾਂ ਵਿਚ ਦਖਲ ਨ ਦੇਣ ਅਤੇ ਮਹਾਰਾਜਾ ਸਾਹਿਬ ਸਿੰਘ ਇਨ੍ਹਾਂ ਨੂੰ ਕਿਸੇ ਖਾਸ ਜਗਾ ਤੇ ਰਹਿਣ ਲਈ ਮਜਬੂਰ ਨਾ ਕਰਨਾਂ ਦੋਹਾਂ ਪਾਸਿਆ ਵਲੋਂ ਇਹ ਸ਼ਰਤਾਂ ਮੰਨੀਆ ਗਈਆਂ ਅਤੇ ਭੈਣ ਭਾਈ ਦਾ ਪ੍ਰਗਟ ਢੰਗ ਨਾਲ ਕੋਈ ਝਗੜਾ ਇਸ ਦੇ ਪਿਛੋਂ ਨਾ ਹੋਇਆ।

## (੧੨) ਬੀਬੀ ਸਾਹਿਬ ਕੌਰ ਦਾ ਸੁਰਗਬਾਸ ਹੋਣਾ

ਮਹਾਰਾਜਾ ਸਾਹਿਬ ਸਿੰਘ ਨਾਲ ਸਮਝੌਤਾ ਹੋਣ ਮਗਰੋਂ ਬੀਬੀ ਸਾਹਿਬ ਕੌਰ ਆਪਣੀ ਜ਼ਿੰਦਗੀ ਦੇ ਬਾਕੀ ਦਿਨ ਅਮਨ ਚੈਨ ਨਾਲ ਭੇਰੀਆ ਹੀ ਕਟਦੇ ਰਹੇ ਅਤੇ ਇਨ੍ਹਾਂ ਦੇ ਰਾਜ ਕਾਜ

Digitized by Panjab Digital Library | www.panjabdigilib.org

ਵਿਚ ਦਖਲ ਦੇਣਾ ਉਕਾ ਹੀ ਬੰਦ ਹੀ ਕਰ ਦਿਤਾ। ਮਹਾਰਾਜਾ ਸਾਹਿਬ ਸਿੰਘ ਨੂੰ ਹੌਲੀ ੨ ਅਸਲੀ ਫੁਟ ਦੇ ਕਾਰਨ ਦਾ ਪਤਾ ਲਗਦਾ ਗਿਆ। ਹੋ ਸਕਦਾ ਸੀ ਕਿ ਭੈਣ ਭਾਈ ਵਿਚ ਮੁੜ ਅਧਕ ਪ੍ਰੇਮ ਤੇ ਪਿਆਰ ਪੈਦਾ ਹੋ ਜਾਂਦਾ ਪਰ ਬੀਬੀ ਸਾਹਿਬ ਕੌਰ ਜੀ ੧੫ ਸਤੰਬਰ ੧੮੦੧ ਈ: ਨੂੰ ੩੦ ਸਾਲ ਦੀ ਆਯੂ ਵਿਚ ਸਵਰਗਵਾਸ ਹੋ ਗਏ। ਇਨ੍ਹਾਂ ਦਾ ਸਸਕਾਰ ਪਟਿਆਲਾ ਸ਼ਾਹੀ ਸਮਾਧਾਂ ਵਿਚ ਕੀਤਾ ਗਿਆ। ਮਹਾਰਾਜਾ ਸਾਹਿਬ ਸਿੰਘ ਨੇ ਇਨ੍ਹਾਂ ਦੀਆਂ ਪਟਿਆਲਾ ਰਾਜ ਬਾਬਤ ਉਚ ਸੇਵਾ ਨੂੰ ਚੇਤੇ ਕਰਕੇ ਇਸ ਵਿਛੋੜੇ ਨੂੰ ਬਹੁਤ ਅਨੁਭਵ ਕੀਤਾ।

(੧੩) ਬੀਬੀ ਸਾਹਿਬ ਕੌਰ ਦੇ ਸੁਭਾਉ ਅਤੇ ਗੁਣ ਆਦਿਕ

ਬੀਬੀ ਸਾਹਿਬ ਕੌਰ ਦੀ ਪਟਿਆਲਾ ਵਜ਼ਾਰਤ ਦਾ ਸਮਾਂ ਰਾਜਸੀ ਔਕੜਾਂ ਨਾਲ ਭਰਪੂਰ ਸੀ। ਇਕ ਪਾਸੇ ਥਾਮਸ ਜਾਰਜ, ਦੂਜੇ ਪਾਸੇ ਮਰਹਟੇ, ਤੀਜੇ ਪਾਸੇ ਪੜੋਸੀ ਰਈਸਾਂ ਦਾ ਵਿਰੋਧਤਾ, ਚੌਥੇ ਪਾਸੇ ਰਿਆਸਤ ਦੇ ਅੰਦਰ ਧੜੇ ਬਾਜ਼ੀਆਂ ਜ਼ੋਰਾਂ ਉਤੇ ਸਨ। ਇਨ੍ਹਾਂ ਸਭਨਾਂ ਦੇ ਵਿਚਕਾਰ ਜਿਸ ਅਕਲਮੰਦੀ ਹੁਸ਼ਿਆਰੀ ਅਤੇ ਬਹਾਦਰੀ ਨਾਲ ਬੀਬੀ ਸਾਹਿਬ ਕੌਰ ਨੇ ਪਟਿਆਲਾ ਰਾਜ ਪ੍ਰਬੰਧ ਦਾ ਕੰਮ ਚਲਾਇਆ, ਉਹ ਇਸ ਦੀ ਯਾਦਗਾਰ ਨੂੰ ਇਤਹਾਸ ਵਿਚ ਚਮਕਦੇ ਰਹਿਣ ਵਾਸਤੇ ਕਾਇਮ ਰਹੇਗਾ।

ਸਾਰੇ ਹੀ ਪੁਰਸ਼ ਤੇ ਰਈਸ ਜਿਨ੍ਹਾਂ ਨਾਲ ਬੀਬੀ ਸਾਹਿਬ ਕੌਰ ਦਾ ਮੈਦਾਨ ਜੰਗ ਅਥਵਾ ਰਾਜ ਦਰਬਾਰ ਵਿਚ ਵਾਸਤਾ ਪਿਆ, ਇਸ ਨੂੰ ਸਿਆਣੀ ਅਤੇ ਚਤਰ ਸਮਝਦੇ ਸਨ। ਥਾਮਸ ਜਾਰਜ ਇਸ ਬੀਬੀ ਨੂੰ ਭਾਵੇਂ ਉਹ ਦੋਵੇਂ ਇਕ ਦੂਜੇ ਦੇ ਸਖਤ ਵੈਰੀ ਸਨ, ਉਸ ਦੇ ਭਾਈ ਨਾਲੋਂ ਚੰਗਾ ਸਮਝਦਾ ਸੀ।

Digitized by Panjab Digital Library | www.panjabdigilib.org

ਸ੍ਰ: ਨਾਹਰ ਸਿੰਘ ਐਮ. ਏ. ਆਪਣੀ ਅੰਗਰੇਜ਼ੀ ਦੀ ਪੁਸਤਕ 'ਪ੍ਰਿੰਸਸ ਸਾਹਿਬ ਕੌਰ ਦੀ ਲਾਈਫ' ਵਿਚ ਇਸ ਨੂੰ ਜੰਗ ਵਿਚ ਬਹਾਦਰ ਅਤੇ ਅਮਨ ਦੇ ਦਿਨਾਂ ਵਿਚ ਸਿਆਣੀ' ਦੇ ਸ਼ਬਦਾਂ ਨਾਲ ਯਾਦ ਕਰਦਾ ਹੈ। ਗੁਰ ਸ਼ਬਦ ਰਤਨਾਕਰ ਦਾ ਕਰਤਾ ਲਿਖਾ ਹੈ ਕਿ 'ਇਸ ਨੇ ਆਪਣੇ ਭਾਈ ਦੇ ਰਾਜ ਦੇ ਵਧਾਉਣ ਅਤੇ ਬਚਾਉਣ ਵਿਚ ਜੋ ੨ ਯਤਨ ਕੀਤੇ ਉਹ ਸਿਖ ਇਤਿਹਾਸ ਵਿਚ ਅਦੁਤੀ ਹਨ ਸ੍ਰ: ਲੇਪਲ ਗ੍ਰਿਫਨ ਆਪਣੀ ਪੁਸਤਕ ਪੰਜਾਬ ਰਾਜਸੀ ਵਿਚ ਇਸਨੂੰ 'ਬੀਬੀ ਰਾਜਿੰਦਰਾ ਦੀ ਤਰਾਂ' ਲਿਖਾ ਹੈ।

ਮਲਵਾਈ ਬੁੰਗਾ ਅੰਮ੍ਰਿਤਸ੍ਰ ਵਿਚ ਇਸ ਨੇ ਆਪਣੀ ਇਤਬਾਰੀ ਤਾਰਾ ਸਿੰਘ ਦੀ ਰਾਹੀਂ ਬਹੁਤ ਸਾਰੇ ਮਕਾਨ ਆਦਿਕ ਬਣਾਏ ਬੀਬੀ ਸਾਹਿਬ ਕੌਰ ਸਚ ਮੁਚ ਸੂਰਬੀਰ, ਦਲੇਰ, ਰਾਜਨੀਤੀ ਨਿਪੁੰਨ, ਸਿਆਣੀ, ਅਕਲਮੰਦੀ ਅਤੇ ਦਾਨੀ ਸਣ, ਜਿਨ੍ਹਾਂ ਵਰਗੀ ਦੂਜੀ ਇਸਤ੍ਰੀ ਦੀ ਉਦਾਹਰਨ ਸਿਖ ਇਤਿਹਾਸ ਵਿਚ ਬਹੁਤ ਘਟ ਮਿਲਦੀ ਹੈ।

## (੧੪) ਬੀਬੀ ਸਾਹਿਬ ਕੌਰ ਦੀ ਔਲਾਦ

ਬੀਬੀ ਸਾਹਿਬ ਕੌਰ ਦੀ ਕੁਖ ਤੋਂ ਜੈਮਲ ਸਿੰਘ ਦੇ ਘਰ ਇਕ ਪੁਤ੍ਰ ਹੋਇਆ ਸੀ, ਜੋ ਛੋਟੀ ਉਮਰ ਵਿਚ ਹੀ ਸਰੀਰ ਤਿਆਗ ਗਿਆ। ੧੮੦੧ ਈ: ਵਿਚ ਇਸ ਦੇ ਸੁਰਗਬਾਸ ਹੋਣ ਮਗਰੋਂ ਸ੍ਰ: ਜੈਮਲ ਸਿੰਘ ਨੇ ਦੂਜੀ ਸ਼ਾਦੀ ਕੀਤੀ, ਜਿਸ ਦੀ ਕੁਖ ਤੋਂ ਚੰਦ ਕੌਰ ਨਾਮੇ ਇਕ ਬੀਬੀ ਹੋਈ। ਇਸ ਚੰਦ ਕੌਰ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਦੇ ਪੁਤ੍ਰ ਮਹਾਰਾਜਾ ਖੜਕ ਸਿੰਘ ਜੀ ਦੇ ਵਡੀ ਧੂਮ ਧਾਮ ਨਾਲ ਕੀਤਾ ਗਿਆ, ਜਿਸ ਵਿਚ ਅਖਤਰ ਲੂਨੀ ਤੇ ਰਾਜਾ ਸਾਹਿਬ ਨਾਭਾ, ਕੈਥਲ, ਜੀਂਦ ਆਦਿਕਾਂ ਦੇ, ਰਈਸ ਭੀ ਸ਼ਾਮਲ ਹੋਏ ਸਨ। ਸਮਾਪਤ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1530

Digitized by Panjab Digital Library | www.panjabdigilib.org

ਸ
ਕਾ
ਭੇਟ
ਕੌਰ
ਕਿ
ਜਾਵੇ